SKY TRANSPORT SOLUTIONS
ਟਰੱਕਾਂ ਵਾਲਿਆਂ ਵੀਰਾਂ ਦੇ ਲਈ ਸਕਾਈ ਟਰਾਂਸਪੋਰਟ ਸਾਲਿਊਸ਼ਨ ਦੀਆਂ ਵਿਸ਼ੇਸ਼ ਸੇਵਾਵਾਂ
PHONE: 209-855-6938

ਹਫਤਾਵਾਰੀ
# ਦੇਸ਼ ਦੁਆਬਾ
VOL -10 ISSUE -52
April 6, 2022
Postal Address
Desh Doaba
5101 Doe Hollow Pl., Antelope, CA-95843
www.deshdoaba.com
www.ambedkartimes.com

Golden State Truck Sales Inc.
ਟਰੱਕ-ਟਰੇਲਰ ਖਰੀਦਣ ਅਤੇ ਵੇਚਣ ਲਈ ਮਿਲੋ ਸਸਤੀਆਂ ਵਿਆਜ ਦਰਾਂ ਤੇ ਟਰੱਕ ਦਾ ਲੋਨ ਲੈਣ ਲਈ ਅਸੀਂ ਤੁਹਾਡੀ ਮਦਦ ਕਰਾਂਗੇ
Call : Dharminder Singh
Cell : 530-870-6600
Email: myfuturetruck@gmail.com

ਮੁੱਖ ਸੰਪਾਦਕ : ਪ੍ਰੇਮ ਕੁਮਾਰ ਚੁੰਬਰ ਸੰਪਰਕ : 916-947-8920 ਫੈਕਸ : 916-238-1393 E-mail : deshdoaba@yahoo.com ਸੰਪਾਦਕ : ਤਰਸੇਮ ਜਲੰਧਰੀ



ਕੈਨੇਡਾ ਦੇ ਬ੍ਰਿਟਿਸ਼ ਕੋਲੰਬੀਆ ਸੂਬੇ ' ਚ ਅਪ੍ਰੈਲ ਮਹੀਨੇ ਨੂੰ ਦਲਿਤਾਂ ਦੇ ਇਤਿਹਾਸ ਦੇ ਮਹੀਨੇ ਵਜੋਂ ਮਨਾਓਣ ਦਾ ਐਲਾਨਨਾਮਾ ਜਾਰੀ ਕੀਤਾ ਹੈ।
ਅਦਾਰਾ 'ਦੇਸ਼ ਦੁਆਬਾ' ਅਤੇ 'ਅੰਬੇਦਕਰ ਟਾਈਮਜ਼' ਵੱਲੋਂ ਕੈਨੇਡਾ ਸਰਕਾਰ ਦਾ ਧੰਨਵਾਦ ਅਤੇ ਵਿਸ਼ਵ ਭਾਈਚਾਰੇ ਨੂੰ ਲੱਖ-ਲੱਖ ਮੁਬਾਰਕਾਂ



**ਸਾਬਕਾ ਉਪ ਪ੍ਰਧਾਨ ਮੰਤਰੀ ਬਾਬੂ ਜਗਜੀਵਨ ਰਾਮ ਜੀ ਨੂੰ ਸ਼ਰਧਾਂਜਲੀ ਭੇਂਟ ਕਰਦੇ ਹੋਏ ਪ੍ਰਧਾਨ ਮੰਤਰੀ ਸ੍ਰੀ ਨਰਿੰਦਰ ਮੋਦੀ ਜੀ। ਭਾਰਤ ਦੇ ਸਾਬਕਾ ਉਪ ਪ੍ਰਧਾਨ ਮੰਤਰੀ ਬਾਬੂ ਜਗਜੀਵਨ ਰਾਮ ਜੀ ਦੇ ਜਨਮ ਦਿਨ ਨੂੰ ਸਮਰਪਿਤ ਸੰਪਾਦਕੀ ਅਤੇ ਲੇਖ ਅੰਦਰ ਦੇਖੋ)**

ਬਹੁਜਨ ਸਮਾਜ ਦੇ ਨਿਧੜਕ ਆਗੂ ਅਤੇ ਦੋ ਵਾਰ ਪੰਜਾਬ ਵਿਧਾਨ ਸਭਾ ਦੇ ਮੈਂਬਰ ਰਹਿ ਚੁੱਕੇ ਸ੍ਰੀ ਸ਼ਿੰਗਾਰਾ ਰਾਮ ਸਹੁੰਗੜਾ ਦੇ ਬੇਵਕਤੀ ਅਕਾਲ ਚਲਾਣੇ ਤੇ ਅਦਾਰਾ 'ਦੇਸ਼ ਦੁਆਬਾ' ਗਹਿਰਾ ਦਿਲੋਂ ਹਮਦਰਦੀ ਰੱਖਦਾ ਹੈ ਅਤੇ ਪਰਿਵਾਰ ਨੂੰ ਭਾਣਾ ਮੰਨਣ ਦਾ ਬਲ ਬਖਸ਼ਣ ਦੀ ਅਰਦਾਸ ਕਰਦਾ ਹੈ। *ਸਬੰਧਤ ਲੇਖ ਅਤੇ ਖਬਰਾਂ ਅੰਦਰ ਦੇਖੋ।*



# ਹਰਿਆਣਾ ਨੇ ਵਿਧਾਨ ਸਭਾ 'ਚ ਚੰਡੀਗੜ੍ਹ 'ਤੇ ਕਰ ਦਿੱਤਾ ਮਤਾ ਪਾਸ

**ਚੰਡੀਗੜ (ਬਿਊਰੋ)–** ਹਰਿਆਣੇ ਦੇ ਮੁੱਖ ਮੰਤਰੀ ਸ੍ਰੀ ਮਨੋਹਰ ਲਾਲ ਵੱਲੋਂ ਚੰਡੀਗੜ ਉਤੇ ਹਰਿਆਣੇ ਦੇ ਹੱਕ ਲਈ ਲਿਆਇਆ ਗਿਆ ਸੰਕਲਪ ਪ੍ਰਸਤਾਵ ਹਰਿਆਣਾ ਵਿਧਾਨ ਸਭਾ ਵਿਚ ਸਰਵਸੰਮਤੀ ਨਾਲ ਪਾਸ ਹੋ ਗਿਆ। ਵਿਧਾਨਸਭਾ ਦੇ ਇੱਕ ਦਿਨਾਂ ਵਿਸ਼ੇਸ਼ ਸੈਸ਼ਨ ਵਿੱਚ ਪੂਰੇ ਸਦਨ ਨੇ ਮੁੱਖ ਮੰਤਰੀ ਦੇ ਇਸ ਪ੍ਰਸਤਾਵ ਦਾ ਖੁੱਲਕੇ ਸਮਰਥਨ ਕੀਤਾ । ਇਸ ਦੌਰਾਨ ਸਾਰੇ ਵਿਧਾਇਕਾਂ ਨੇ ਪੰਜਾਬ ਵਿੱਚ ਚੰਡੀਗੜ ਨੂੰ ਲੈ ਕੇ ਪਾਰਿਤ ਕੀਤੇ ਗਏ ਪ੍ਰਸਤਾਵ ਦੀ ਨਿੰਦਿਆ ਕੀਤੀ । ਮੁੱਖ ਮੰਤਰੀ ਨੇ ਕਿਹਾ ਕਿ ਚੰਡੀਗੜ ਉੱਤੇ ਹਰਿਆਣਾ ਦਾ ਅਧਿਕਾਰ ਹੈ । ਐਸਵਾਈਐਲ ਦਾ ਪਾਣੀ ਨਿਸ਼ਚਿਤ ਤੌਰ ਉੱਤੇ ਹਰਿਆਣਾ ਨੂੰ ਮਿਲੇਗਾ । ਇਸਦੇ ਨਾਲ – ਨਾਲ ਉਨ੍ਹਾਂ ਨੇ ਪੰਜਾਬ ਵਿੱਚ ਸ਼ਾਮਿਲ ਹਿੰਦੀ ਭਾਸ਼ੀ ਪਿੰਡਾਂ ਦਾ ਮੁੱਦਾ ਵੀ ਵਿਧਾਨ ਸਭਾ ਵਿੱਚ ਉਠਾਇਆ। ਮੁੱਖ ਮੰਤਰੀ ਸ੍ਰੀ ਮਨੋਹਰ ਲਾਲ ਨੇ ਕਿਹਾ ਕਿ ਹਰਿਆਣਾ ਵਿਧਾਨਸਭਾ ਦਾ ਇਹ ਵਿਸ਼ੇਸ਼ ਸੈਸ਼ਨ ਚੰਡੀਗੜ ਉੱਤੇ ਆਪਣੇ ਹੱਕ ਲਈ ਲਿਆਏ ਗਏ ਸੰਕਲਪ ਪ੍ਰਸਤਾਵ ਨੂੰ ਪਾਸ ਕਰਣ ਲਈ ਬੁਲਾਇਆ ਗਿਆ ਹੈ । ਤਿੰਨ ਘੰਟੇ ਤੱਕ ਵਿਧਾਨ ਸਭਾ ਵਿੱਚ ਚੱਲੀ ਚਰਚੇ ਦੇ ਦੌਰਾਨ ਸੱਤਾ ਅਤੇ ਵਿਰੋਧੀ ਪੱਖ ਦੇ ਕਰੀਬ 25 ਵਿਧਾਇਕਾਂ ਨੇ ਇਸ ਪ੍ਰਸਤਾਵ ਦੇ ਸਮਰਥਨ ਵਿੱਚ ਵਿਚਾਰ ਰੱਖੇ । ਸੰਕਲਪ ਪ੍ਰਸਤਾਵ ਉੱਤੇ ਬੋਲਦੇ ਹੋਏ ਮੁੱਖਮੰਤਰੀ ਸ੍ਰੀ ਮਨੋਹਰ ਲਾਲ ਨੇ ਕਿਹਾ ਕਿ ਬੰਟਵਾਰੇ ਲਈ 23 ਅਪ੍ਰੈਲ 1966 ਨੂੰ ਬਣਾਏ ਗਏ ਸ਼ਾਹ ਕਮਿਸ਼ਨ ਨੇ ਤਾਂ ਖਰੜ ਖੇਤਰ ਦੇ ਹਿੰਦੀ ਭਾਸ਼ੀ ਪਿੰਡ ਅਤੇ ਚੰਡੀਗੜ ਨੂੰ ਹਰਿਆਣਾ ਨੂੰ ਦੇਣ ਲਈ ਕਿਹਾ ਸੀ, ਪ੍ਰੰਤੂ 9 ਜੂਨ 1966 ਨੂੰ ਕੇਂਦਰੀ ਕੈਬਨਿਟ ਦੀ ਬੈਠਕ ਹੋਈ , ਜਿਸ ਵਿੱਚ ਚੰਡੀਗੜ ਨੂੰ ਕੇਂਦਰ ਸ਼ਾਸਿਤ ਪ੍ਰਦੇਸ਼ ਘੋਸ਼ਿਤ ਕਰ ਦਿੱਤਾ ਗਿਆ ਅਤੇ ਦੋਵਾਂ ਰਾਜਾਂ ਦੀ ਰਾਜਧਾਨੀ ਬਣਾਇਆ।



ਮੁੱਖ ਮੰਤਰੀ ਨੇ ਕਿਹਾ ਕਿ ਬਟਵਾਰੇ ਦੇ ਵਕਤ ਪੰਜਾਬ ਨੇ ਹਿੰਦੀ ਭਾਸ਼ੀ ਪਿੰਡ ਕੱਟੂਖੇੜਾ ਨੂੰ ਪਯਤਨਪ ਪੰਜਾਬੀ

**(ਬਾਕੀ ਸਫਾ 11 'ਤੇ)**

# ਦੱਖਣੀ ਪੂਰਬ ਯੂਕਰੇਨ 'ਚ ਤੇਜ਼ ਹਮਲਾ ਕਰਨ ਦੀ ਤਿਆਰੀ ਕਰ ਰਿਹੈ ਰੂਸ

**ਬੂਚਾ (ਬਿਊਰੋ)–** ਯੂਕਰੇਨ ਦੇ ਬੂਚਾ 'ਚ ਕਤਲੇਆਮ ਦੀਆਂ ਡਰਾਉਣੀਆਂ ਤਸਵੀਰਾਂ ਸਾਹਮਣੇ ਆਉਣ ਤੋਂ ਬਾਅਦ ਮੰਗਲਵਾਰ ਨੂੰ ਯੂਕਰੇਨ ਦੇ ਰਾਸ਼ਟਰਪਤੀ ਵਲੋਦੋਮੀਰ ਜ਼ੇਲੈਂਸਕੀ ਜਿੱਥੇ ਸੰਯੁਕਤ ਰਾਸ਼ਟਰ ਸੁਰੱਖਿਆ ਪ੍ਰੀਸ਼ਦ 'ਚ ਆਪਣੀ ਫ਼ਰਿਆਦ ਰੱਖਣ ਦੀ ਤਿਆਰੀ ਕਰ ਰਹੇ ਹਨ ਉੱਥੇ ਹੀ ਰੂਸੀ ਫ਼ੌਜ ਯੂਕਰੇਨ ਦੇ ਦੱਖਣ-ਪੂਰਬ 'ਚ ਜ਼ੋਰਦਾਰ ਹਮਲੇ ਦੀ ਤਿਆਰੀ ਕਰ ਰਹੀ ਸੀ। ਬੂਚਾ 'ਚ ਰੂਸੀ ਫ਼ੌਜ ਵੱਲੋਂ ਕਥਿਤ ਤੌਰ 'ਤੇ ਵੱਡੇ ਪੱਧਰ 'ਤੇ ਮਾਰੇ ਜਾਣ ਨਾਲ ਦੁਨੀਆ ਭਰ 'ਚ ਭਾਰੀ ਰੋਹ ਪੈਦਾ ਹੋ ਗਿਆ ਹੈ। ਕਈ ਦੇਸ਼ਾਂ ਨੇ ਰੂਸ 'ਤੇ ਪਾਬੰਦੀ ਹੋਰ ਵਧਾਉਣ ਦਾ ਐਲਾਨ ਕੀਤਾ ਹੈ।



ਜਾਣਕਾਰੀ ਮੁਤਾਬਕ ਰੂਸ ਦੀ ਪੁਤਿਨ ਸਰਕਾਰ ਡੋਨਬਾਸ ਦੇ ਨਾਂ ਤੋਂ ਜਾਣੇ ਜਾਣ ਵਾਲੇ ਸਨਅਤੀ ਗੜ੍ਹ 'ਤੇ ਕੰਟਰੋਲ ਹਾਸਲ ਕਰਨ ਲਈ ਯੂਕਰੇਨ ਦੇ ਪੂਰਬ 'ਚ ਫ਼ੌਜੀਆਂ ਦੀ ਤਾਇਨਾਤੀ ਵਧਾ ਰਹੀ ਹੈ। ਇਹੀ ਕਾਰਨ ਹੈ ਕਿ ਰਾਜਧਾਨੀ ਕੀਵ ਦੇ ਆਲੇ ਦੁਆਲੇ ਦੇ ਸ਼ਹਿਰਾਂ ਤੋਂ ਰੂਸੀ ਫ਼ੌਜ ਵਾਪਸ ਜਾ ਰਹੀ ਹੈ। ਰੂਸੀ ਫ਼ੌਜ ਦੇ ਜਾਣ ਤੋਂ ਬਾਅਦ ਹੀ ਇਨ੍ਹਾਂ ਇਲਾਕਿਆਂ 'ਚ ਨਾਗਰਿਕਾਂ ਦੀਆਂ ਲਾਸ਼ਾਂ ਸਾਹਮਣੇ ਆਈਆਂ। ਜਨਰਲ ਸਟਾਫ ਨੇ ਆਪਣੇ ਫੇਸਬੁੱਕ ਪੇਜ 'ਤੇ ਕਿਹਾ ਕਿ ਰੂਸੀ ਫ਼ੌਜ ਨੇ ਹੁਣ ਡੋਨੈਸਕ ਤੇ ਲੁਹਾਂਸਕ ਖੇਤਰਾਂ 'ਚ ਪੋਪਾਸਨਾਤੇ ਰੁਬੀਝਨੇ ਸ਼ਹਿਰ ਤੇ ਮਾਰੀਉਪੋਲ ਦੇ

**(ਬਾਕੀ ਸਫਾ 5 'ਤੇ)**

SANDHU IMMIGRATION CONSULTANT
ਇੰਮੀਗ੍ਰੇਸ਼ਨ ਸਬੰਧੀ ਆ ਰਹੀਆਂ ਮੁਸ਼ਕਿਲਾਂ ਲਈ, ਪਾਸਪੋਰਟ, ਵੀਜਾ, ਗਰੀਨ ਕਾਰਡ ਆਦਿ ਲਈ ਮਿਲੋ
Passports, Visas, Green Cards, Sponsorship, Immigration Forms , Citizenship, Spouse/Family Petitions, Study Visas
MANDEEP SANDHU
All Kinds of Immigration Forms/Petitions/Visa
WE OPEN 7-DAYS A WEEK
ਵੀਜ਼ਾ
3222 PENELOPE DR. STOCKTON, CA- 95212 (NEAR HWY 99 ON MORADA LANE)
Note: I am not an Immigration Attorney.
(209-373-3562) msandhu2014@gmail.com

DR. TAKHAR'S FAMILY MEDICINE & URGENT CARE CLINIC
8191 Timberlake Way, Suite # 400, Sacramento, CA 95823, Phone: 916-688-8888 Fax: 916-688-8837
Clinic Hours: Monday to Friday 9:00 AM to 5:30 PM, Saturday 9:00 AM – 4:00 PM & Sunday closed
Dr. Paramjit S Takhar, MD
Goodie Takhar, PhD
We speak your language: Panjabi, Hindi, Urdu, Farsi, Arabic and Spanish
URGENT CARE CLINIC

BAGGA JEWELERS
916-912-8842, 916-329-8772
SINCE 1996
jewelers.Bagga@gmail.com
ਸੈਕਰਾਮੈਂਟੋ ਵਿਚ 22 ਅਤੇ 24 ਕੈਰੇਟ ਦੇ ਗਹਿਣਿਆਂ ਦਾ ਸਟੋਰ ਖੁੱਲ੍ਹ ਗਿਆ ਹੈ, ਜਿੱਥੇ ਸੋਨੇ, ਚਾਂਦੀ ਦੇ ਗਹਿਣੇ ਆਰਡਰ 'ਤੇ ਵੀ ਤਿਆਰ ਕਰਵਾ ਸਕਦੇ ਹੋ। ਸੋਨਾ ਵੇਚਣ, ਖਰੀਦਣ ਅਤੇ ਪੁਰਾਣੇ ਬਦਲੇ ਨਵਾਂ ਸੋਨੇ ਤੇ ਕੈਸ਼ ਵੀ ਲੈ ਸਕਦੇ ਹੋ। ਇੱਥੇ ਚਾਂਦੀ ਦੇ ਗਹਿਣੇ ਅਤੇ ਚਾਂਦੀ ਦੇ ਬਰਤਨ ਵੀ ਮਿਲਦੇ ਹਨ। ਹਰ ਕਿਸਮ ਦੇ ਗਹਿਣੇ ਸਟੋਰ ਦੇ ਅੰਦਰ ਹੀ ਤਿਆਰ ਕੀਤੇ ਜਾਂਦੇ ਹਨ।
Sandeep Jony Bagga
6930 65TH STREET # 115 SACRAMENTO CA 95823

MAJESTIC HOMES
RAMESH SUMAN Broker Realtor RCS-D TM
Office (925) 779-1234
Direct (925) 366-3618
Fax (905) 219-3918
DRE Licence- 00871752
www.majestichomes.us ramesh@rameshsuman.com
P.O. Box 3434, Antioch, CA 94531-3434

SAROAY INVESTMENT REALTY
Ram Saroay
Broker/Realtor
Business License 031035
ramsaroay@hotmail.com
39039 Paseo Padre Parkway Suite # 205 Fremont, CA 94538
Office: (510) 742-8120, Cell; (510) 368-3983

Amrik Chand (CPA)
Phone : 510-490-8200
Fax : 510-490-8202
Email : achand@pacbell.net
Income Tax Preparation (Individual, Corporation & LLC)
Payroll Services & Bookkeeping Services
* We are in this business since 1989.
Your satisfaction is our goal.
* Please call us for Professional & reliable services at reasonable rates.
959 Corporate Way, Fremont, CA. 94539


Raja
SWEETS & CATERING
AUTHORIZED CATERER FOR MAJOR 5-STAR HOTELS
ITEMS SERVING
All Kinds of Sweets | Snacks
Chaat Stall | North Indian Cuisine
Fluda Kulfi Stall | On Site Tandoor
CATERING SERVICE
Wedding Ceremonies | Receptions
Birthday Parties | Corporate Events
Religious Gatherings
Picnics/Bar-B-Que
ADDITIONAL SERVICE
Warmers | Chaffing Dishes
China & Silverware
Linen Rental | Waiters
Bartenders
CONTACT US:
RAJA SWEETS & CATERING
WORK (510) 489-9100
CELL (510) 715-1619
Email: msbains@rajasweets.com
www.rajasweets.com
Find us on: facebook
rajasweetsandcatering
Follow us on Twitter
rajasweets


INDIA MARKET
INDIA MARKET
SWEETS & SPICES
CHAAT PAPDI, SAMOSA, CHAAT, PANI PURI
DAHI VADA, BHEL PURI CHAAT
ਤੁਹਾਡਾ ਆਪਣਾ ਮਨਭਾਉਂਦਾ ਸਟੋਰ
ਤਾਜ਼ੀਆਂ ਸਬਜ਼ੀਆਂ ਅਤੇ ਗਰੋਸਰੀ ਲਈ ਸੇਵਾ ਦਾ ਮੌਕਾ ਦਿਓ
WE HAVE LARGEST COLLECTION FOR INDIAN FIJIAN & PAKISTANI GROCERY
MUSIC, FABRIC ARTIFICIAL JEWELRY, SWEETS, FRESH VEGETABLES & MORE..
ਕਸ਼ਮੀਰ ਸਿੰਘ ਹੀਰਾ
ਬਰਿੰਦਰ ਬੈਂਗੜ
Super Eyebrow Threading Now Open
Eyebrow Threading & Henna Tattoo
7 times, Get 8th one free!
Inside India Market
SACRAMENTO
5203 EKLHORN BLVD
SACRAMENTO CA 95842
916- 338-5511
WALK INS WELCOME
ROSEVILLE
1265 PLEASANT GROVE BLVD.
# 100 ROSEVILLE, CA 95747
916- 786-7666
Cell : 916-798-8142
Email: IndiaMarketRoseville@gmail.com


HAPPY BAZAAR
HAPPY BAZAAR
INDIAN, PAKISTANI & FIJJIAN GROCERIES
WE ARE OPEN
7 DAYS A WEEK
9:00am to 8:30pm
RENT DVDS & BUY CLOTHES
ENJOY YOUR DAY WITH HOPES
CALL US
Ph: (209) 478-0285
Fax: (209) 477-3206
We sell Air Tickets
ਸਾਡੇ ਕੋਲ ਏਅਰਲਾਈਨ ਟਿਕਟਾਂ ਵੀ ਉਪਲੱਬਧ ਹਨ।
EVERY SATURDAY & SUNDAY SPECIAL DISCOUNT ON GROCERIES
1304 E Hammer Lane # 7 Stockton CA 95212
EMAIL: indiabazaar08@yahoo.com


Kash FABRICS
ਪੰਜਾਬੀ ਫੈਸ਼ਨ ਦਾ ਨੰਬਰ ਵਨ ਸਟੋਰ
ਸਾੜੀ ਸਪੈਸ਼ਲਟੀ
ਵਿਆਹ ਸ਼ਾਦੀ ਲਈ ਡਿਜ਼ਾਈਨਰ
ਲਹਿੰਗੇ ਤੇ ਸੂਟ ਅਤੇ ਨਾਲ
ਡਿਜ਼ਾਇਨਰ ਮੈਚਿੰਗ ਜਿਊਲਰੀ
ਖੁੱਲ੍ਹਾ ਕੱਪੜਾ ਵਧੀਆ ਤੋਂ
ਵਧੀਆ ਸਾੜੀਆਂ ਤੇ
ਡਿਜ਼ਾਈਨਰ ਸੂਟ, ਦਰਜਨਾਂ ਰੰਗਾਂ
ਵਿਚ ਪੱਗੜੀਆਂ ਸਾਡੇ ਤੋਂ ਖਰੀਦੋ।
ਸਾਡੇ ਕੋਲ ਹਿੰਦੀ, ਪੰਜਾਬੀ ਅਤੇ ਉਰਦੂ ਦੇ ਸੰਗੀਤ, ਡਰਾਮਿਆਂ ਅਤੇ ਫਿਲਮਾਂ ਦੀਆਂ ਸੀਡੀਆਂ-ਵੀਡੀਓ ਤੇ ਡੀਥ ਵੀਥ ਡੀਥ ਦੀ ਬਹੁਤ ਵੱਡੀ ਕੁਲੈਕਸ਼ਨ ਹੈ।
ਕੈਲੀਫੋਰਨੀਆ ਤੋਂ ਬਾਹਰ ਰਹਿੰਦੇ ਗਾਹਕਾਂ ਲਈ ਸਮਾਨ ਅਸੀਂ ਯੂਥ ਪੀਥ ਐਸ਼ ਰਾਹੀਂ ਤੁਰੰਤ ਭੇਜ ਸਕਦੇ ਹਾਂ।
KASH FABRICS
ONE STOP SHOPPING CENTRE
29576 Mission Blvd Hayward. Ca 94544
www.kashfabrics.com
Tel: 510-538-1138

# ਬ੍ਰਿਟਿਸ਼ ਕੋਲੰਬੀਆ ਸਰਕਾਰ ਨੇ ਅਪ੍ਰੈਲ ਨੂੰ ਐਲਾਨਿਆ ਦਲਿਤਾਂ ਦੇ ਇਤਿਹਾਸ ਦਾ ਮਹੀਨਾ



Canada
Province of British Columbia
A Proclamation

ELIZABETH THE SECOND, by the Grace of God, of the United Kingdom, Canada and Her other Realms and Territories, Queen, Head of the Commonwealth, Defender of the Faith

To all to whom these presents shall come – Greeting

WHEREAS British Columbia is a culturally diverse province comprising many peoples and communities, and

WHEREAS Indigenous people, Black people and people of colour in British Columbia continue to experience systemic racism, injustices, discrimination and hate, and the government of British Columbia is committed to addressing all forms of racism and discrimination, and

WHEREAS April is a significant month for Dalit communities, and this special month includes birth and death anniversaries of important Dalit leaders and social reformers in the movement against systemic discrimination based on caste, such as Dr. B. R. Ambedkar, Jyotirao Phule, Mangu Ram Mugowalia and Sant Ram Udasi, and

WHEREAS the government of British Columbia acknowledges the strength and resiliency of the Dalit community in overcoming hardships and advocating for social justice and equality for all, and

WHEREAS Dalit History Month is an opportunity to honour, celebrate and reflect on the history, experiences and accomplishments of the Dalit community;

NOW KNOW YE THAT We do by these presents proclaim and declare that April 2022 shall be known as

"Dalit History Month"

in the Province of British Columbia.

IN TESTIMONY WHEREOF, We have caused these Our Letters to be made Patent and the Great Seal of Our Province of British Columbia to be hereunto affixed.

WITNESS, The Honourable Janet Austin, Lieutenant Governor of Our Province of British Columbia, in Our City of Victoria, in Our Province, this thirty-first day of March, two thousand twenty-two and in the seventy-first year of Our Reign.

BY COMMAND.

Attorney General and Minister Responsible for Housing (countersignature for the Great Seal)

Lieutenant Governor

Courtesy: https://www.bclaws.gov.bc.ca/



**ਜੈਤੋ , 6 ਅਪ੍ਰੈਲ (ਹੁਕਮ ਚੰਦ )** –ਕੈਨੇਡਾ ਦੇ ਬ੍ਰਿਟਿਸ਼ ਕੋਲੰਬੀਆ ਸੂਬੇ ' ਚ ਅਪ੍ਰੈਲ ਨੂੰ ਜਿੱਥੇ ਸਿੱਖ ਵਿਰਾਸਤੀ ਮਹੀਨੇ ਵਜੋਂ ਮਨਾਇਆ ਜਾਂਦਾ ਹੈ। ਉੱਥੇ ਹੁਣ ਸੂਬਾ ਸਰਕਾਰ ਨੇ ਅਪ੍ਰੈਲ ਮਹੀਨੇ ਨੂੰ ਦਲਿਤਾਂ ਦੇ ਇਤਿਹਾਸ ਦੇ ਮਹੀਨੇ ਵਜੋਂ ਵੀ ਐਲਾਨਨਾਮਾ ਜਾਰੀ ਕੀਤਾ ਹੈ। ਬ੍ਰਿਟਿਸ਼ ਕੋਲੰਬੀਆ ਦੇ ਲੈਫਟੀਨੈਂਟ ਗਵਰਨਰ ਜੇਨਿਟ ਆਸਟਿਨ ਅਤੇ ਅਟਾਰਨੀ ਜਨਰਲ ਡੇਵਿਡ ਈਬੀ ਵਲੋਂ ਜਾਰੀ ਕੀਤੇ ਗਏ ਇਸ ਐਲਾਨਨਾਮੇ 'ਚ ਅਪ੍ਰੈਲ ਮਹੀਨੇ ਨੂੰ ਭਾਰਤੀ ਸੰਵਿਧਾਨ ਦੇ ਨਿਰਮਾਤਾ ਡਾ ਭਾਮ ਰਾਓ ਅੰਬੇਡਕਰ , ਆਦਿ ਧਰਮ ਦੇ ਬਾਨੀ ਬਾਬੂ ਮੰਗੂ ਰਾਮ ਮੂਗੋਵਾਲੀਆ, ਲੋਕ ਕਵੀ ਸੰਤ ਰਾਮ ਉਦਾਸੀ ਅਤੇ ਮਹਾਂਰਾਸ਼ਟਰ ਦੇ ਉੱਘੇ ਦਲਿਤ ਆਗੂ ਜਯੋਤੀ ਰਾਓ ਫੂਲੇ ਨੂੰ ਸਮਰਪਿਤ ਕੀਤਾ ਗਿਆ ਹੈ । ਕੈਨੇਡਾ ਦੇ ਇਤਿਹਾਸ 'ਚ ਇਹ ਪਹਿਲੀ ਵਾਰ ਹੈ ਕਿ ਕਿਸੇ ਸੂਬੇ ਦੀ ਸਰਕਾਰ ਵਲੋਂ ਭਾਰਤ ਦੇ ਵੱਖ - ਵੱਖ ਖੇਤਰਾਂ ' ਚ ਅਹਿਮ ਯੋਗਦਾਨ ਪਾਉਣ ਵਾਲੇ ਦਲਿਤ ਭਾਈਚਾਰੇ ਨਾਲ ਸੰਬੰਧਿਤ 4 ਸ਼ਖ਼ਸੀਅਤਾਂ ਨੂੰ ਸਰਕਾਰੀ ਤੌਰ ' ਤੇ ਮਾਨਤਾ ਦਿੱਤੀ ਗਈ ਹੋਵੇ।

'ਦੇਸ਼ ਦੁਆਬਾ'
'ਅੰਬੇਦਕਰ ਟਾਈਮਜ਼'
ਆਨਲਾਈਨ ਪੜ੍ਹਨ ਲਈ ਕਲਿੱਕ ਕਰੋ:
www.deshdoaba.com
www.ambedkartimes.com


SKY TRANSPORT SOLUTIONS
STRIVE FOR MORE
WE PROVIDE ALL TRUCKING RELATED PERMITS AND SERVICES
ਟਰੱਕਾਂ ਵਾਲਿਆਂ ਵੀਰਾਂ ਦੇ ਲਈ ਸਕਾਈ ਟਰਾਂਸਪੋਰਟ ਸਾਲਿਊਸ਼ਨ ਦੀਆਂ ਵਿਸ਼ੇਸ਼ ਸੇਵਾਵਾਂ

SPECIAL BIT INSPECTION AND DOT AUDIT COMPLIANCE:
ICC, DOT, IFTA, IRP Plates, PERMITS, NYP, KYU, OR, Canada Permit, CORPORATION AND LLC FILLING SERVICES, 2290, PTI, Trailer plates.
NOTORY PUBLIC SERVICES.
ON THE SPOT VIN VERIFICATION SERVICES.
DOT OUT OF SERVICES??
AUTHORIZED IRS E- FILE PROVIDER.
WE HAVE COMPLETE SOLUTIONS FOR OUT OF SERVICE DOT.
SPECIAL DOT COMPLIANCE FOR SAFETY, AUDITS AND RECORD KEEPING.
PLEASE CONTACT US FOR MORE INFORMATION
PHONE: 209-855-6938, FAX: 209-762-6540
Email: skytransportsolution@gmail.com
Give us a chance to provide you best services
121 E 11th St. Tracy, CA 95376

# 45 ਸਾਲ ਪੁਰਾਣੇ ਮਸ਼ਹੂਰ ਮੰਦਰ ਦੇ ਨਾਂ 'ਤੇ ਪਿਆ ਨਿਊਯਾਰਕ ਦੀ ਸੜਕ ਦਾ ਨਾਂ 'ਗਣੇਸ਼ ਟੈਂਪਲ ਸਟਰੀਟ'




**ਨਿਊਯਾਰਕ–** ਅਮਰੀਕਾ 'ਚ ਹਿੰਦੂ ਭਾਈਚਾਰੇ ਲਈ ਇਹ ਬਹੁਤ ਖੁਸ਼ੀ ਦਾ ਮੌਕਾ ਹੈ। ਸਾਲ 1977 'ਚ ਸਥਾਪਤ 45 ਸਾਲ ਪੁਰਾਣੇ ਮਸ਼ਹੂਰ ਮੰਦਰ ਦੇ ਬਾਹਰ ਦੀ ਸ਼ੜਕ ਦਾ ਨਾਂ 'ਗਣੇਸ਼ ਟੈਂਪਲ ਸਟਰੀਟ' ਰੱਖਿਆ ਗਿਆ ਹੈ। ਇਹ ਗਣੇਸ਼ ਮੰਦਰ ਉੱਤਰੀ ਅਮਰੀਕਾ ਦਾ ਪਹਿਲਾ ਤੇ ਸਭ ਤੋਂ ਪੁਰਾਣਾ ਹਿੰਦੂ ਮੰਦਰ ਹੈ। ਇਸ ਮੰਦਰ ਦਾ ਪੂਰਾ ਨਾਂ 'ਨਾਰਥ ਅਮੈਰੀਕਾ ਸ਼੍ਰੀ ਮਹਾ ਵਲੱਭ ਗਣਪਤੀ ਦੇਵਸਥਾਨਮ' ਹੈ। ਇਹ ਮੰਦਰ ਨਿਊਯਾਰਕ ਦੇ ਕਵੀਂਸ ਕਾਊਂਟੀ 'ਚ ਸਥਿਤ ਹੈ। ਮੰਦਰ ਤੋਂ ਬਾਹਰ ਦੀ ਸੜਕ ਦਾ ਨਾਂ ਪਹਿਲਾਂ ਤੋਂ ਬ੍ਰਾਊਨ ਸਟਰੀਟ ਹੈ। ਇਹ ਨਾਂ ਮਸ਼ਹੂਰ ਅਮਰੀਕੀ ਜੌਨ ਬਰਾਊਨ ਦੇ ਧਾਰਮਿਕ ਸੁਤੰਤਰਤਾ ਤੇ ਗੁਲਾਮੀ ਵਿਰੋਧੀ ਅੰਦੋਲਨ ਦੀ ਯਾਦ 'ਚ ਰੱਖਿਆ ਗਿਆ ਹੈ। ਹੁਣ ਇਸੇ ਸੜਕ ਦਾ ਦੂਜਾ ਨਾਂ 'ਗਣੇਸ਼ ਟੈਂਪਲ ਸਟਰੀਟ' ਵੀ ਹੋਵੇਗਾ।

ਨਿਊਯਾਰਕ 'ਚ ਭਾਰਤੀ ਹਾਈ ਕਮਿਸ਼ਨਰ ਰਣਧੀਰ ਜਾਇਸਵਾਲ ਨੇ ਕਿਹਾ ਕਿ ਹਾਈ ਕਮਿਸ਼ਨ 'ਚ ਸ਼ਨਿਚਰਵਾਰ ਨੂੰ ਵਿਸਾਖੀ ਦਾ ਆਯੋਜਨ ਕੀਤਾ ਗਿਆ। ਇਸੇ ਦਿਨ ਗਣੇਸ਼ ਮੰਦਰ ਦੇ ਬਾਹਰ ਦੀ ਸੜ੍ਹਕ ਨੂੰ ਨਵਾਂ ਨਾਂ ਵੀ ਮਿਲਿਆ। ਉਨ੍ਹਾਂ ਇਸ ਮੌਕੇ 'ਤੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਤੇ ਵਿਦੇਸ਼ ਮੰਤਰਾਲੇ ਨੂੰ ਜੈਪੁਰ ਫੁੱਟ ਦੇ ਕੈਂਪ ਲਗਵਾਉਣ ਲਈ ਵੀ ਧੰਨਵਾਦ ਕੀਤਾ।

# ਸੰਤ ਸਤਵਿੰਦਰ ਹੀਰਾ ਦੀ ਲੜਕੀ ਦੀ ਸ਼ਾਦੀ ਆਦਿ ਧਰਮ ਮਿਸ਼ਨ ਮਾਲਵਾ ਦੀ ਟੀਮ ਵਿਹਾਅ ਵਿਚ ਸ਼ਾਮਿਲ ਹੋਈ



**ਜੈਤੋ 6 ਅਪ੍ਰੈਲ (ਹੁਕਮ ਚੰਦ)** ਆਲ ਇੰਡੀਆ ਆਦਿ ਧਰਮ ਮਿਸ਼ਨ ਭਾਰਤ ਦੇ ਰਾਸ਼ਟਰੀ ਪ੍ਰਧਾਨ ਸੰਤ ਸਤਵਿੰਦਰ ਹੀਰਾ ਦੀ ਲੜਕੀ ਦੀ ਸ਼ਾਦੀ ਆਦਿ ਧਰਮ ਮਿਸ਼ਨ ਸ੍ਰੀ ਚਰਨ ਛੋਹ ਗੰਗਾ ਖੁਰਾਲਗੜ੍ਹ ਵਿਖੇ ਹੋਈ ਜਿਸ ਵਿੱਚ ਆਲ ਇੰਡੀਆ ਆਦਿ ਧਰਮ ਮਿਸ਼ਨ ਪੰਜਾਬ ਮਾਲਵਾ ਜੋਨ ਦੀ ਟੀਮ ਉਚੇਚੇ ਤੌਰ ਵਿਆਹ ਵਿੱਚ ਸ਼ਾਮਲ ਹੋਣ ਲਈ ਸ੍ਰੀ ਚਰਨ ਛੋਹ ਗੰਗਾ ਖੁਰਾਲਗੜ੍ਹ ਸਾਹਿਬ ਵਿਖੇ ਪਹੁੰਚੀ ਇਸ ਮੌਕੇ ਰਿਟਾਇਰ ਡੀ ਐਸ ਪੀ ਕੁਲਦੀਪ ਸਿੰਘ ਬਾਮਾ, ਪ੍ਰਹਲਾਦ ਕੁਮਾਰ ਧੌਂ ਪ੍ਰਧਾਨ ਆਦਿ ਧਰਮ ਯੂਨਿਟ ਮਲੋਟ, ਡਾ਼ ਦੇਸ਼ ਰਾਜ, ਰਾਜਾ ਰਾਮ, ਦੇਸ਼ ਰਾਜ ਸਾਬਕਾ ਸਰਪੰਚ ਬੋਲੀ ਵਾਲਾ, ਅਮਰ ਸਿੰਘ, ਕੁਮਾਰ ਸੰਦੀਪ, ਧੰਨ ਰਾਜ ਧਰਮਿੰਦਰ, ਹੁਕਮ ਚੰਦ, ਵਿੱਕੀ ਜਾਜੋਰੀਆ ਆਦਿ ਹਾਜ਼ਰ ਸਨ।

# ਕਾਂਗਰਸੀ ਐਮ ਪੀ ਬਿੱਟੂ ਦੀ ਮੋਦੀ ਨਾਲ ਮੁਲਾਕਾਤ ਚਰਚਾ ਦਾ ਵਿਸ਼ਾ ਬਣੀ



**ਨਵੀਂ ਦਿੱਲੀ –** ਕੀ ਪੰਜਾਬ ਦੇ ਲੁਧਿਆਣਾ ਤੋਂ ਕਾਂਗਰਸ ਦੇ ਪਾਰਲੀਮੈਂਟ ਮੈਂਬਰ ਰਵਨੀਤ ਸਿੰਘ ਬਿੱਟੂ ਹੁਣ ਭਾਜਪਾ ਦਾ ਪੱਲਾ ਫੜਨ ਜਾ ਰਹੇ ਹਨ? ਪੰਜਾਬ ਦੇ ਲੁਧਿਆਣਾ ਤੋਂ ਕਾਂਗਰਸ ਦੇ ਪਾਰਲੀਮੈਂਟ ਮੈਂਬਰ ਰਵਨੀਤ ਸਿੰਘ ਬਿੱਟੂ ਦੀ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨਾਲ ਮੁਲਾਕਾਤ ਨੇ ਸਿਆਸੀ ਹਲਕਿਆਂ 'ਚ ਇਹ ਨਵੀਂ ਚਰਚਾ ਛੇੜ ਦਿੱਤੀ ਹੈ।

ਪਾਰਲੀਮੈਂਟ ਮੈਂਬਰ ਰਵਨੀਤ ਸਿੰਘ ਬਿੱਟੂ ਨੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨਾਲ ਕੱਲ੍ਹ ਦਿੱਲੀ ਵਿੱਚ ਹੋਈ ਮੁਲਾਕਾਤ ਦੀਆਂ ਫੋਟੋਆਂ ਖੁਦ ਸੋਸ਼ਲ ਮੀਡੀਆ 'ਤੇ ਸ਼ੇਅਰ ਕੀਤੀਆਂ ਹਨ। ਦੋਵਾਂ ਵਿਚਾਲੇ ਮੁਲਾਕਾਤ ਦੇ ਗਰਮਜੋਸ਼ੀ ਕਾਰਨ ਕਈ ਅਟਕਲਾਂ ਸ਼ੁਰੂ ਹੋ ਗਈਆਂ ਹਨ।

ਹਾਲਾਂਕਿ ਰਵਨੀਤ ਬਿੱਟੂ ਦਾ ਕਹਿਣਾ ਹੈ ਕਿ ਉਨ੍ਹਾਂ ਨੇ ਪੰਜਾਬ ਦੇ ਮੁੱਦਿਆਂ 'ਤੇ ਪ੍ਰਧਾਨ ਮੰਤਰੀ ਨਾਲ ਗੱਲ ਕੀਤੀ ਹੈ ਪਰ ਸਿਆਸੀ ਹਲਕਿਆਂ ਦਾ ਮੰਨਣਾ ਹੈ ਕਿ ਕਾਂਗਰਸੀ ਦੇ ਦਿਨੋ-ਦਿਨ ਡੁੱਬਦੇ ਜਾ ਰਹੇ ਜਹਾਜ਼ ਦੇ ਵਿਚੋਂ ਛਾਲ ਮਾਰਕੇ ਭਾਜਪਾ ਦੇ ਬੇੜੇ ਦੇ ਵਿੱਚ ਸਵਾਰ ਹੋਚਣ ਦੀ ਤਿਆਰੀ ਕਰੀ ਬੈਠੇ ਹਨ ਅਤੇ ਇਹ ਭਵਿੱਖ ਦੇ ਵਿੱਚ ਕਿਸੇ ਵੀ ਵੇਲੇ ਹੋ ਸਕਦਾ ਹੈ। ਜਾਣਕਾਰਾਂ ਦਾ ਤਾਂ ਇਹ ਵੀ ਮੰਨਣਾ ਹੈ ਕਿ ਆਉਂਦੀ ਲੋਕ ਸਭਾ ਚੋਣਾਂ ਦੇ ਵਿੱਚ ਰਵਨੀਤ ਸਿੰਘ ਬਿੱਟੂ ਕਾਂਗਰਸ ਦੀ ਥਾਂ ਭਾਜਪਾ ਦੇ ਵਲੋਂ ਚੋਣ ਲੜਨਗੇ। ਵੈਸੇ ਇਹ ਸਭ ਅਟਕਲਾਂ ਹੀ ਹਨ ਪਰ ਆਉਂਦੇ ਦਿਨਾਂ ਦੇ ਵਿੱਚ ਇਸ ਸਬੰਧੀ ਸਾਰੀ ਸਥਿਤੀ ਸਪੱਸ਼ਟ ਹੋ ਜਾਵੇਗੀ।

ਵਰਨਣਯੋਗ ਹੈ ਕਿ ਰਵਨੀਤ ਬਿੱਟੂ ਵੀ ਪੰਜਾਬ ਵਿੱਚ ਕਾਂਗਰਸ ਪ੍ਰਧਾਨ ਦੇ ਅਹੁਦੇ ਦੀ ਦੌੜ ਵਿੱਚ ਹਨ ਅਤੇ ਪੰਜਾਬ ਵਿੱਚ ਕਾਂਗਰਸ ਦੇ ਨਵੇਂ ਪ੍ਰਧਾਨ ਲਈ ਰਵਨੀਤ ਬਿੱਟੂ ਦਾ ਨਾਂ ਵੀ ਚਰਚਾ ਵਿੱਚ ਹੈ। ਹਾਲ ਹੀ ਵਿੱਚ ਕਾਂਗਰਸ ਸੂਬਾ ਕਮੇਟੀ ਵੱਲੋਂ ਹਾਈਕਮਾਂਡ ਨੂੰ ਭੇਜੇ ਗਏ ਨਾਵਾਂ ਵਿੱਚ ਜਲੰਧਰ ਤੋਂ ਸੰਸਦ ਮੈਂਬਰ ਚੌਧਰੀ ਸੰਤੋਖ ਸਿੰਘ, ਰਾਹੁਲ ਗਾਂਧੀ ਦੇ ਕਰੀਬੀ ਵਿਧਾਇਕ ਅਮਰਿੰਦਰ ਸਿੰਘ ਰਾਜਾ ਵੜਿੰਗ, ਸਾਬਕਾ ਡਿਪਟੀ ਸੀਐਮ ਸੁਖਜਿੰਦਰ ਸਿੰਘ ਰੰਧਾਵਾ ਅਤੇ ਰਵਨੀਤ ਬਿੱਟੂ ਦੇ ਨਾਂ ਸ਼ਾਮਲ ਹਨ। ਉਂਜ ਨਵਜੋਤ ਸਿੱਧੂ ਵੀ ਪ੍ਰਧਾਨਗੀ ਦੀ ਕੁਰਸੀ ਲਈ ਅੜਿੱਕਾ ਡਾਹ ਰਹੇ ਹਨ। ਇਸ ਦੇ ਨਾਲ ਹੀ ਵਿਧਾਇਕ ਪ੍ਰਤਾਪ ਬਾਜਵਾ ਵੀ ਦਾਅਵਾ ਕਰ ਰਹੇ ਹਨ। ਪੰਜਾਬ ਵਿਧਾਨ ਸਭਾ ਚੋਣਾਂ 'ਚ ਕਾਂਗਰਸ ਦੀ ਹਾਰ ਤੋਂ ਬਾਅਦ ਰਵਨੀਤ ਬਿੱਟੂ ਨੇ ਕਾਫੀ ਗੁੱਸਾ ਕੱਢਿਆ ਸੀ।

ਉਨ੍ਹਾਂ ਕਿਹਾ ਕਿ ਜਿਹੜੇ ਲੋਕ ਚੋਣਾਂ ਵਿੱਚ ਗੱਬਰ ਸਿੰਘ ਬਣਦੇ ਸਨ, ਜਿਹੜੇ ਕਹਿੰਦੇ ਸਨ ਕਿ ਮੈਂ ਅਜਿਹਾ ਕਰਾਂਗਾ ਤੇ ਇਹ ਕਰਾਂਗਾ, ਸਾਰਿਆਂ ਦੀ ਹਵਾ ਨਿਕਲ ਗਈ ਹੈ। ਉਨ੍ਹਾਂ ਦਾ ਨਿਸ਼ਾਨਾ ਚਰਨਜੀਤ ਚੰਨੀ ਨੂੰ ਮੁੱਖ ਮੰਤਰੀ ਦੇ ਚਿਹਰੇ ਵਜੋਂ ਜੋੜ ਕੇ ਦੇਖਿਆ ਜਾ ਰਿਹਾ ਹੈ। ਬਿੱਟੂ ਨੇ ਤਾਂ ਇੱਥੋਂ ਤੱਕ ਕਹਿ ਦਿੱਤਾ ਕਿ ਪੰਜਾਬ ਵਿੱਚ ਸਾਡੇ ਸ਼ੇਰਾਂ ਨੂੰ ਗਧਿਆਂ ਨੇ ਮਾਰ ਦਿੱਤਾ। ਬਿੱਟੂ ਇੱਥੇ ਹੀ ਨਹੀਂ ਰੁਕੇ ਅਤੇ ਕਿਹਾ ਕਿ ਸਾਡੀ ਆਪਣੀ ਮੁੱਖ ਮਿਜ਼ਾਈਲ ਨੇ ਸਾਡਾ ਘਰ ਤਬਾਹ ਕਰ ਦਿੱਤਾ। ਉਨ੍ਹਾਂ ਦਾ ਨਿਸ਼ਾਨਾ ਨਵਜੋਤ ਸਿੱਧੂ ਵੱਲ ਹੈ।


NSB Insurance

NIRMAL SINGH BADHAN

for Insurance Call:
NIRMAL SINGH BADHAN
707-228-2020



Lic #0144676

HEALTH INSURANCE | RETIREMENT
LIFE INSURANCE | COLLEGE PLANNING
LONG TERM CARE INS | AUTO * HOME
FUNERAL EXPENSE | BUSINESS

Call: 707-228-2020,
Fax: 707-260-2813

www.nsbinsures.com

1519 Gary CT., Rohnert Park, CA 94928



RE/MAX Gold

Each Office Independently Owned and Operated

ਰਿਹਾਇਸ਼ੀ ਜਾਂ ਵਪਾਰਕ ਸੰਪਤੀਆਂ ਵੇਚਣ ਅਤੇ ਖਰੀਦਣ ਲਈ ਸੰਪਰਕ ਕਰੋ ਜੀ

Dil Nijjar REALTOR ®
CalBRE # 01418648

Honesty Starts From Here
SELL OR BUY
Residential • Business • Commercial
Lease • Investment Property and Land
Serving in Greater Sacramento area since 2004

Cell: 916-628-2210
Fax: 916-745-3424
Office: 916-285-1000
Email : Dil.Realtor@gmail.com

2081 Arena Blvd #
100 Sacramento, CA 95834



# ਸਿੱਖ ਕੌਸ਼ਲ ਆਫ ਸੈਂਟਰਲ ਕੈਲੀਫੋਰਨੀਆਂ ਵੱਲੋਂ ਗੁਰੂਘਰਾਂ ਨਾਲ ਸੰਬੰਧਤ ਮੁੱਦਿਆਂ ਅਤੇ ਪ੍ਰਚਾਰ ਲਈ ਹੋਈਆਂ ਵਿਚਾਰਾਂ

**ਫਰਿਜ਼ਨੋ, ਕੈਲੀਫੋਰਨੀਆਂ (ਕੁਲਵੰਤ ਧਾਲੀਆਂ / ਨੀਟਾ ਮਾਛੀਕੇ):** ਸੈਂਟਰਲ ਕੈਲੀਫੋਰਨੀਆ ਸਿੱਖ ਕੌਂਸਲ ਦੇ ਪ੍ਰਮੁੱਖ ਮੈਂਬਰਾਂ ਦੀ ਮਹੀਨੇਵਾਰ ਵਿਸ਼ੇਸ਼ ਮੀਟਿੰਗ ਗੁਰਦੁਆਰਾ ਅਨੰਦਗੜ ਸਾਹਿਬ ਕਰਮਨ ਵਿਖੇ ਸ। ਸੁਖਦੇਵ ਸਿੰਘ ਚੀਮਾਂ ਦੀ ਪ੍ਰਧਾਨਗੀ ਹੇਠ ਹੋਈ। ਇਸ ਮੀਟਿੰਗ ਦੌਰਾਨ ਜਿੱਥੇ ਬੀਤੇ ਮਹੀਨੇ ਦੇ ਪ੍ਰੋਗਰਾਮ ਅਤੇ ਗਤੀਵਿਧੀਆਂ ਦਾ ਲੇਖਾ-ਜੋਖਾ ਕੀਤਾ ਗਿਆ ਉੱਥੇ ਸਿੱਖ ਸੰਗਤ ਨਾਲ ਜੁੜੇ ਮੁੱਦਿਆਂ ਅਤੇ ਗੁਰੂਘਰਾਂ ਵਿੱਚ ਆਉਣ ਵਾਲੇ ਮੁੱਖ ਪ੍ਰੋਗਰਾਮਾਂ ਬਾਰੇ ਵਿਚਾਰਾ ਹੋਈਆਂ। ਇਸੇ ਦੌਰਾਨ ਸਿੱਖ ਕੌਸ਼ਲ ਆਫ ਸੈਂਟਰਲ ਕੈਲੀਫੋਰਨੀਆਂ ਦੇ ਸਮੂੰਹ ਮੈਂਬਰਾਂ ਨੇ ਇਕ ਵਿਸ਼ੇਸ਼ ਮਤੇ ਰਾਹੀ "ਫਰਿਜ਼ਨੋ ਦੇ ਸਿਟੀ ਕਾਲਜ਼" ਵਿੱਚ ਹੋਣ ਵਾਲੇ 'ਏਸੀਅਨ ਡੇ' ਸਮੇਂ ਕੌਸ਼ਲ ਵੱਲੋਂ ਸਿੱਖੀ ਦੀ ਪਹਿਚਾਣ ਲਈ ਵਿਸ਼ੇਸ਼ ਪ੍ਰੋਗਰਾਮ ਪੇਸ਼ ਕੀਤਾ




ਜਾਵੇਗਾ। ਇਸੇ ਦੌਰਾਨ ਪੰਜਾਬੀਅਤ ਨਾਲ ਸੰਬੰਧਤ ਗਤੀਵਿਧੀਆਂ ਦਾ ਪ੍ਰਦਰਸ਼ਨ ਵੀ ਹੋਵੇਗਾ। ਇਸ ਤੋਂ ਇਲਾਵਾ ਸੈਲਮਾਂ ਗੁਰੂਘਰ ਵਿੱਖੇ 24 ਅਪ੍ਰੈਲ ਨੂੰ ਵਿਸਾਖੀ ਨਗਰ ਕੀਰਤਨ ਅਤੇ 1 ਮਈ ਨੂੰ ਬੱਚਿਆਂ ਦੇ ਵਿਸਾਖੀ ਮੇਲੇ ਦੌਰਾਨ ਸਿੱਖ ਕੌਸ਼ਲ ਆਫ ਕੈਲੇਫੋਰਨੀਆਂ ਹਮੇਸਾ ਵਾਂਗ ਵਿਸ਼ੇਸ਼ ਭੂਮਿਕਾ ਨਿਭਾਉਂਦੇ ਹੋਏ ਆਪਣਾ ਵਡਮੁੱਲਾ ਯੋਗਦਾਨ ਪਾਵੇਗੀ। ਯਾਦ ਰਹੇ ਕਿ ਸਿੱਖ ਕੌਸ਼ਲ ਆਫ ਕੈਲੇਫੋਰਨੀਆ ਸੈਂਟਰਲ ਕੈਲੇਫੋਰਨੀਆਂ ਦੇ ਗੁਰੂ-ਘਰਾਂ ਦੀ ਇਕ ਸਾਂਝੀ ਕਮੇਟੀ ਹੈ। ਜਿਸ ਵਿੱਚ ਹਰ ਗੁਰੂਘਰ ਵੱਲੋਂ ਆਪਣੇ ਮੈਂਬਰ ਸਾਮਲ ਕੀਤੇ ਜਾਂਦੇ ਹਨ। ਇਹ ਕਮੇਟੀ ਇਲਾਕੇ ਦੇ ਗੁਰੂਘਰਾ ਤੋਂ ਇਲਾਵਾ ਸਿੱਖੀ ਦੇ ਸਹੀ ਪ੍ਰਚਾਰ ਅਤੇ ਦੁਨੀਆ ਭਰ ਵਿੱਚ ਸਮੁੱਚੇ ਵੱਖ-ਵੱਖ ਭਾਇਚਾਰਿਆ ਲਈ ਸੰਕਟ ਸਮੇਂ ਮਦਦ ਲਈ ਉਪਰਾਲੇ ਕਰਦੀ ਰਹਿੰਦੀ ਹੈ।

# ਪੀਸੀਏ ਦੀ ਰੂਹੇ-ਰਵਾਂ ਮਿੱਕੀ ਸਰਾਂ ਨੂੰ ਮਾਤਾ ਦੇ ਦਿਹਾਂਤ ਕਾਰਨ ਸਦਮਾ

**ਗੁਰਿੰਦਰਜੀਤ ਨੀਟਾ ਮਾਛੀਕੇ / ਕੁਲਵੰਤ ਧਾਲੀਆਂ**

**ਫਰਿਜਨੋ (ਕੈਲੀਫੋਰਨੀਆਂ)–** ਸਥਾਨਿਕ ਪੰਜਾਬੀ ਕਲਚਰਲ ਐਸੋਸੀਏਸ਼ਨ (PCA) ਦੇ ਮੋਢੀ ਮੈਂਬਰ ਮਿੱਕੀ ਸਰਾਂ ਨੂੰ ਪਿਛਲੇ ਦਿਨੀ ਉਸ ਸਮੇਂ ਗਹਿਰਾ ਸਦਮਾਂ ਲੱਗਾ ਜਦੋਂ ਉਹਨਾਂ ਦੇ ਸਤਿਕਾਰਯੋਗ ਮਾਤਾ ਸਤਵਿੰਦਰ ਕੌਰ ਸਰਾਂ (72) ਅਚਾਨਕ ਸਦੀਵੀ ਵਿਛੋੜਾ ਦੇ ਗਏ।

ਸਵ ਮਾਤਾ ਸਤਵਿੰਦਰ ਕੌਰ ਜੀ ਅਕਸਰ ਅਮਰੀਕਾ ਆਪਣੇ ਬੇਟੇ ਮਿੱਕੀ ਸਰਾਂ ਕੋਲ ਕੈਲੀਫੋਰਨੀਆਂ ਬੇ-ਏਰੀਏ ਵਿਖੇ ਆਉਂਦੇ ਜਾਂਦੇ ਰਹਿੰਦੇ ਸਨ। ਇਸ ਵਾਰ ਵੀ ਮਾਤਾ ਜੀ ਬੇ-ਏਰੀਏ ਆਏ ਹੋਏ ਸਨ ਕਿ ਅਚਾਨਕ ਰਾਤ ਨੂੰ ਨੀਂਦ 'ਚ ਹੀ ਅਕਾਲ ਚਲਾਣਾ ਕਰ ਗਏ। ਮਿੱਕੀ ਸਰਾਂ ਇੰਡੀਆ ਗਏ ਹੋਏ ਸੀ, ਇੱਕਦਮ ਮਾੜੀ ਖ਼ਬਰ ਮਿਲਣ ਮਗਰੋਂ ਉਹਨਾਂ ਨੂੰ ਵਾਪਸ ਅਮਰੀਕਾ ਆਉਣਾ ਪਿਆ। ਉਹਨਾਂ ਭਰੇ ਮਨ ਨਾਲ ਦੱਸਿਆ ਕਿ ਮਾਤਾ ਜੀ ਦੀ ਇੱਛਾ ਮੁਤਾਬਿਕ ਉਹ



ਮ੍ਰਿਤਕ ਸ਼ਰੀਰ ਨੂੰ ਪੰਜਾਬ ਲੈਕੇ ਜਾਣਗੇ ਤੇ ਮਾਤਾ ਜੀ ਦੀ ਦੇਹ ਦਾ ਸਸਕਾਰ ਪਿੰਡ ਉਸਮਾਨ ਸ਼ਹੀਦ, ਤਹਿਸੀਲ ਦਸੂਹਾ, ਜ਼ਿਲ੍ਹਾ ਹੁਸ਼ਿਆਰਪੁਰ ਵਿਖੇ ਹੋਵੇਗਾ। ਮਿੱਕੀ ਦੇ ਫਾਦਰ ਸਾਬ੍ਹ ਸ ਰਛਪਾਲ ਸਿੰਘ ਸਰਾਂ ਵੀ ਕਈ ਸਾਲ ਪਹਿਲਾਂ ਪਰਮਾਤਮਾਂ ਦੇ ਚਰਨਾ ਵਿੱਚ ਜਾ ਬਿਰਾਜੇ ਸਨ। ਕੈਲੀਫੋਰਨੀਆਂ ਸਟੇਟ ਦੀ ਰਸਮੀ ਕਾਰਵਾਈ ਪੂਰੀ ਹੋਣ ਮਗਰੋਂ ਮਾਤਾ ਜੀ ਦੀ ਦੇਹ ਦੇ ਦਰਸ਼ਨ ਬੇ-ਏਰੀਏ ਵਿਖੇ ਕਰਵਾਏ ਜਾਣਗੇ, ਸਮਾਂ ਅਤੇ ਸਥਾਨ ਸ਼ੋਸ਼ਲ ਮੀਡੀਏ ਜ਼ਰੀਏ ਜਲਦੀ ਦੱਸ ਦਿੱਤਾ ਜਾਵੇਗਾ। ਇਸ ਦੁੱਖ ਦੀ ਘੜੀ ਵਿੱਚ ਜਿੱਥੇ ਅਸੀਂ ਮਾਛੀਕੇ ਐਂਡ ਧਾਲੀਆਂ ਮੀਡੀਆ ਗਰੁੱਪ ਸਰਾਂ ਪਰਿਵਾਰ ਦੇ ਦੁੱਖ ਵਿੱਚ ਸ਼ਰੀਕ ਹਾਂ, ਓਥੇ ਪੀਸੀਏ ਪਰਿਵਾਰ ਵੀ ਇਸ ਦੁੱਖ ਦੀ ਘੜੀ ਵਿੱਚ ਮਿੱਕੀ ਸਰਾਂ ਦੇ ਮੋਢੇ ਨਾਲ ਮੋਢਾ ਲਾਕੇ ਖੜਾ ਹੈ। ਦੁੱਖ ਸਾਂਝਾ ਕਰਨ ਲਈ ਜਾ ਵਧੇਰੇ ਜਾਣਕਾਰੀ ਲਈ ਤੁਸੀਂ ਮਿੱਕੀ ਸਰਾਂ ਨੂੰ (408) 966-7019 'ਤੇ ਸੰਪਰਕ ਕਰ ਸਕਦੇ ਹੋ।

# ਗੁਰਦਵਾਰਾ ਸਿੰਘ ਸਭਾ ਫਰਿਜ਼ਨੋ ਵਿਖੇ ਭਾਈ ਸਰਬਜੀਤ ਸਿੰਘ ਧੂੰਦਾ 7 ਅਪ੍ਰੈਲ ਤੋਂ ਲੈਕੇ 10 ਅਪ੍ਰੈਲ ਤੱਕ ਹਾਜ਼ਰੀ ਭਰਨਗੇ

**ਫਰਿਜ਼ਨੋ (ਕੈਲੇਫੋਰਨੀਆਂ) ਨੀਟਾ ਮਾਛੀਕੇ / ਕੁਲਵੰਤ ਧਾਲੀਆਂ–** ਪੰਜਾਬੀ ਕਲਚਰਲ ਐਸੋਸੀਏਸ਼ਨ ਫਰਿਜਨੋ (PCA) ਦੇ ਉੱਦਮ ਸਦਕਾ ਸਿੱਖ ਪੰਥ ਦੇ ਮਹਾਨ ਵਿਦਵਾਨ ਭਾਈ ਸਰਬਜੀਤ ਸਿੰਘ ਧੂੰਦਾ ਸ਼ਬਦ ਗੁਰੂ ਨਾਲ ਸੰਗਤ ਨੂੰ ਜੋੜਨ ਲਈ ਅਤੇ ਪਖੰਡਵਾਦ ਤੇ ਵਹਿਮਾਂ ਭਰਮਾਂ ਵਿੱਚੋਂ ਸੰਗਤ ਨੂੰ ਕੱਢਣ ਲਈ 7 ਅਪ੍ਰੈਲ ਤੋਂ ਲੈਕੇ 10 ਅਪ੍ਰੈਲ ਤੱਕ ਫਰਿਜ਼ਨੋ ਦੇ ਗੁਰਦਵਾਰਾ ਸਿੰਘ ਸਭਾ ਵਿਖੇ ਕਥਾ ਕਰਨਗੇ। ਉਹਨਾਂ ਦੇ ਦੀਵਾਨਾਂ ਦਾ ਵੇਰਵਾ ਇਸ ਪ੍ਰਕਾਰ ਹੈ – 7, 8 ਅਤੇ 9 ਅਪ੍ਰੈਲ ਸ਼ਾਮੀਂ 6 ਤੋਂ 8 ਵਜੇ। 10 ਅਪ੍ਰੈਲ ਦਿਨ ਐਤਵਾਰ ਸਵੇਰੇ 10।45 ਤੋਂ ਦੁਪਿਹਰ 1 ਵਜੇ ਦਰਮਿਆਨ ਉਹ ਸੰਗਤ ਨੂੰ ਕਥਾ ਦੁਆਰਾਂ ਨਿਹਾਲ ਕਰਨਗੇ। ਗੁਰੂ-ਘਰ ਦਾ ਪਤਾ 4827 North Parkway Dirve Fresno CA 93722 ਵਧੇਰੇ ਜਾਣਕਾਰੀ ਲਈ ਫ਼ੋਨ – 559-916-6953 ਜਾ 559-978-1682



# ਦੱਖਣੀ ਪੂਰਬ ਯੂਕਰੇਨ 'ਚ ਤੇਜ਼ ਹਮਲਾ ਕਰਨ ਦੀ ਤਿਆਰੀ ਕਰ ਰਿਹੈ ਰੂਸ

**(ਸਫਾ 1 ਦੀ ਬਾਕੀ)**

ਕਾਲਾ ਸਾਗਰ ਬੰਦਰਗਾਹ 'ਤੇ ਕਬਜ਼ਾ ਕਰਨ 'ਤੇ ਧਿਆਨ ਕੇਂਦਰਤ ਕੀਤਾ ਹੈ।

ਡੋਨੈਸਕ ਤੇ ਲੂਹਾਂਸਕ ਰੂਸ ਸਮਰਥਿਤ ਵੱਖਵਾ-ਦੀਆਂ ਵੱਲੋਂ ਕੰਟਰੋਲ ਹਨ। ਰੂਸ ਨੇ ਇਨ੍ਹਾਂ ਖੇਤਰਾਂ ਨੂੰ ਸੁਤੰਤਰ ਰਾਜ ਦੇ ਰੂਪ 'ਚ ਮਾਨਤਾ ਦਿੱਤੀ ਹੋਈ ਹੈ। ਜਨਰਲ ਸਟਾਫ ਨੇ ਕਿਹਾ ਕਿ ਯੂਕਰੇਨ ਦੇ ਦੂਜੇ ਸਭ ਤੋਂ ਵੱਡੇ ਸ਼ਹਿਰ ਪੂਰਬ 'ਚ ਖਾਰਕੀਵ ਤੱਕ ਪਹੁੰਚ ਨੂੰ ਰੋਕ ਦਿੱਤੀ ਗਈ ਹੈ।

ਬਿਆਨ 'ਚ ਕਿਹਾ ਗਿਆ ਹੈ ਕਿ ਦੁਸ਼ਮਣ ਫ਼ੌਜਾਂ ਨੂੰ ਫਿਰ ਤੋਂ ਇਕੱਠਾ ਕਰ ਰਿਹਾ ਹੈ ਤੇ ਸਾਡੇ ਦੇਸ਼ ਦੇ ਪੂਰਬ 'ਚ ਇਕ ਹਮਲਾਵਰ ਮੁਹਿੰਮ ਸ਼ੁਰੂ ਕਰਨ ਦੇ ਯਤਨਾਂ 'ਤੇ ਧਿਆਨ ਕੇਂਦਰਤ ਕਰ ਰਿਹਾ ਹੈ। ਉਸ ਦਾ ਟੀਚਾ ਡੋਨੈਸਕ ਤੇ ਲੂਹਾਂਸਕ ਖੇਤਰਾਂ ਦੇ ਖੇਤਰ 'ਤੇ ਪੂਰਾ ਕੰਟਰੋਲ ਸਥਾਪਿਤ ਕਰਨਾ ਹੈ।

### ਬੂਚਾ 'ਚ ਜੋ ਹੋਇਆ ਉਹ ਮਾਫ਼ੀਯੋਗ ਨਹੀਂ : ਜ਼ੇਲੈਂਸਕੀ

ਓਧਰ ਸੰਭਾਵਿਤ ਜੰਗੀ ਅਪਰਾਧਾਂ ਦੀ ਜਾਂਚ ਦੀ ਮੰਗ ਦੌਰਾਨ ਯੂਕਰੇਨ ਦੇ ਰਾਸ਼ਟਰਪਤੀ ਵਲੋਦੋਮੀਰ ਜ਼ੇਲੈਂਸਕੀ ਨੇ ਮੰਗਲਵਾਰ ਨੂੰ ਸੁਰੱਖਿਆ ਪ੍ਰੀਸ਼ਦ ਦੇ ਸਫ਼ਾਰਤਕਾਰਾਂ ਨੂੰ ਸੰਬੋਧਨ ਕਰਨ ਦੀ ਯੋਜਨਾ ਬਣਾਈ ਹੈ। ਜ਼ੇਲੈਂਸਕੀ ਨੇ ਮੰਗਲਵਾਰ ਨੂੰ ਕਿਹਾ ਕਿ ਬੂਚਾ 'ਚ ਜੋ ਹੋਇਆ ਉਹ ਮਾਫ਼ੀ ਯੋਗ ਨਹੀਂ, ਪਰ ਜੰਗ ਖ਼ਤਮ ਕਰਨ ਲਈ ਯੂਕਰੇਨ ਕੋਲ ਰੂਸ ਨਾਲ ਗੱਲਬਾਤ ਕਰਨ ਤੋਂ ਇਲਾਵਾ ਹੋਰ ਕੋਈ ਬਦਲ ਨਹੀਂ ਹੈ। ਜੰਗ ਹੁਣ ਛੇਵੇਂ ਹਫ਼ਤੇ 'ਚ ਦਾਖ਼ਲ ਹੋ ਚੁੱਕੀ ਹੈ। ਰਾਸ਼ਟਰੀ ਟੈਲੀਵਿਜ਼ਨ 'ਤੇ ਪ੍ਰਸਾਰਿਤ ਇਕ ਇੰਟਰਵਿਊ 'ਚ ਜ਼ੇਲੈਂਸਕੀ ਨੇ ਕਿਹਾ ਕਿ ਅਜੇ ਇਹ ਸਪਸ਼ਟ ਨਹੀਂ ਹੈ ਕਿ ਕੀ ਰੂਸੀ ਰਾਸ਼ਟਰਪਤੀ ਵਲਾਦੀਮੀਰ ਪੁਤਿਨ ਉਨ੍ਹਾਂ ਨਾਲ ਸਿੱਧੀ ਗੱਲ ਕਰਨਗੇ।

ਜਰਮਨੀ, ਫਰਾਂਸ ਤੇ ਡੈਨਮਾਰਕ ਨੇ ਦਰਜਨਾਂ ਰੂਸੀ ਸਫ਼ਾਰਤਕਾਰਾਂ ਨੂੰ ਜਾਸੂਸ ਦੱਸ ਕੇ ਕੱਢ ਦਿੱਤਾ। ਰਾਸ਼ਟਰਪਤੀ ਜੋਅ ਬਾਇਡਨ ਨੇ ਕਿਹਾ ਕਿ ਪੁਤਿਨ 'ਤੇ ਜੰਗੀ ਅਪਰਾਧਾਂ ਲਈ ਕੇਸ ਚਲਾਇਆ ਜਾਣਾ ਚਾਹੀਦਾ ਹੈ। ਉਨ੍ਹਾਂ ਕਿਹਾ ਕਿ ਇਹ ਆਦਮੀ ਕਰੂਰ ਹੈ, ਤੇ ਬੂਚਾ 'ਚ ਜੋ ਹੋ ਰਿਹਾ ਹੈ ਉਹ ਇਤਰਾਜ਼ਯੋਗ ਹੈ।

ਓਧਰ ਇਕਜੁੱਟਤਾ ਦਾ ਸੰਦੇਸ਼ ਦੇਣ ਲਈ ਯੂਰਪੀ ਸੰਘ ਕਮਿਸ਼ਨ ਦੀ ਮੁਖੀ ਉਰਸੁਲਾ ਵਾਨਡੇਰ ਲੇਯੇਨ ਨੇ ਇਸ ਹਫ਼ਤੇ ਜ਼ੇਲੈਂਸਕੀ ਨੂੰ ਮਿਲਣ ਲਈ ਕੀਵ ਦੀ ਯਾਤਰਾ ਕਰਨ ਦੀ ਯੋਜਨਾ ਬਣਾਈ ਹੈ। ਇਹ ਐਲਾਨ ਉਨ੍ਹਾਂ ਦੇ ਬੁਲਾਰੇ ਏਰਿਕ ਮੈਮਰ ਨੇ ਕੀਤਾ।

### ਗੁਤਰਸ ਵੀ ਸੰਬੋਧਨ ਕਰਨਗੇ

ਸੁਰੱਖਿਆ ਪ੍ਰੀਸ਼ਦ 'ਚ ਜ਼ੇਲੈਂਸਕੀ ਦੇ ਬੋਲਣ ਤੋਂ ਪਹਿਲਾਂ, ਸੰਯੁਕਤ ਰਾਸ਼ਟਰ ਦੇ ਜਨਰਲ ਸਕੱਤਰ ਐਂਟੋਨੀਓ ਗੁਤਰਸ, ਉਨ੍ਹਾਂ ਦੇ ਸਿਆਸੀ ਮੁਖੀ, ਰੋਜ਼ਮੈਰੀ ਡਿਕਾਰਲੋ ਤੇ ਸੰਯੁਕਤ ਰਾਸ਼ਟਰ ਹਿਊਮੈਨੇਟੇਰੀਅਨ ਦੇ ਮੁਖੀ ਮਾਰਟਿਨ ਗ੍ਰਿਫਿਥਸ ਵੀ ਸੁਰੱਖਿਆ ਪ੍ਰੀਸ਼ਦ ਨੂੰ ਸੰਬੋਧਨ ਕਰਨਗੇ। ਡਿਕਾਰਲੋ ਤੇ ਗ੍ਰਿਫਿਥਸ ਜੰਗਬੰਦੀ ਦੀ ਵਿਵਸਥਾ ਕਰਨ ਦੀ ਕੋਸ਼ਿਸ਼ ਕਰ ਰਹੇ ਹਨ। ਗ੍ਰਿਫਿਥਸ ਨੇ ਸੋਮਵਾਰ ਨੂੰ ਮਾਸਕੋ 'ਚ ਰੂਸੀ ਅਧਿਕਾਰੀਆਂ ਨਾਲ ਮੁਲਾਕਾਤ ਕੀਤੀ ਤੇ ਯੂਕਰੇਨ ਦਾ ਦੌਰਾ ਕਰਨ ਵਾਲੇ ਹਨ।



### ਬੂਚਾ 'ਚ ਥਾਂ-ਥਾਂ ਦਿਸੀਆਂ ਲਾਸ਼ਾਂ

ਬੂਚਾ 'ਚ ਮੌਕੇ 'ਤੇ ਪੁੱਜੇ ਵਿਦੇਸ਼ੀ ਪੱਤਰਕਾਰਾਂ ਨੇ ਇਕ ਇਮਾਰਤ ਦੇ ਆਸ-ਪਾਸ ਵੱਡੀ ਗਿਣਤੀ 'ਚ ਲਾਸ਼ਾਂ ਪਈਆਂ ਦੇਖੀਆਂ। ਸਥਾਨਕ ਲੋਕਾਂ ਨੇ ਦੱਸਿਆ ਕਿ ਰੂਸੀ ਫ਼ੌਜੀਆਂ ਨੇ ਇਸ ਇਮਾਰਤ ਨੂੰ ਆਪਣਾ ਅੱਡਾ ਬਣਾਇਆ ਹੋਇਆ ਸੀ।

ਪੱਤਰਕਾਰਾਂ ਨੇ ਕਈ ਲਾਸ਼ਾਂ ਕਾਲੇ ਪਲਾਸਟਿਕ 'ਚ ਲਿਪਟੀਆਂ ਦੇਖੀਆਂ ਜਿਨ੍ਹਾਂ ਨੂੰ ਬੂਚਾ ਚਰਚਯਾਰਡ 'ਚ ਸਾਮੂਹਿਕ ਕਬਰ ਦੇ ਇਕ ਸਿਰੇ 'ਤੇ ਰੱਖਿਆ ਗਿਆ ਹੈ। ਇਨ੍ਹਾਂ 'ਚੋਂ ਕਈਆਂ ਨੂੰ ਕਾਰਾਂ 'ਚ ਗੋਲ਼ੀ ਮਾਰੀ ਗਈ ਜਾਂ ਕਈ ਸ਼ਹਿਰ ਤੋਂ ਭੱਜਣ ਦੀ ਕੋਸ਼ਿਸ਼ 'ਚ ਧਮਾਕਿਆਂ 'ਚ ਮਾਰੇ ਗਏ। ਫਾਦਰ ਐਂਡਰੀ ਗੈਲ-ਵਿਨ ਨੇ ਕਿਹਾ ਕਿ ਮੁਰਦਾਘਰ ਭਰਿਆ ਹੋਇਆ ਹੈ ਤੇ ਕਬਰਿਸਤਾਨ ਤੱਕ ਪਹੁੰਚਣਾ ਅਸੰਭਵ ਹੈ, ਚਰਚਯਾਰਡ ਹੀ ਮ੍ਰਿਤਕਾਂ ਨੂੰ ਰੱਖਣ ਦਾ ਇੱਕੋ ਇਕ ਸਥਾਨ ਹੈ।

### ਬੰਦ ਹੋਵੇ ਰੂਸ ਨੂੰ ਖ਼ੂਨ ਨਾਲ ਲਿਬੜਿਆ ਪੈਸਾ ਭੇਜਣ ਦਾ ਕੰਮ : ਮੇਅਰ

ਬੂਚਾ ਦੇ ਕਤਲੇਆਮ ਤੋਂ ਬੁਰੀ ਤਰ੍ਹਾਂ ਪਰੇਸ਼ਾਨ ਕੀਵ ਦੇ ਮੇਅਰ ਵਿਟਾਲੀ ਕਲਿਟਸਕੋ ਨੇ ਮੰਗਲਵਾਰ ਨੂੰ ਪੱਛਮੀ ਦੇਸ਼ਾਂ ਨੂੰ ਰੂਸ ਪ੍ਰਤੀ ਹੋਰ ਸਖ਼ਤ ਕਦਮ ਚੁੱਕਣ ਦੀ ਮੰਗ ਕਰਦੇ ਹੋਏ ਕਿਹਾ ਕਿ ਰੂਸ ਕੋਲ ਜਾਣ ਵਾਲਾ ਖ਼ੂਨ ਨਾਲ ਰੰਗਿਆ ਇਕ-ਇਕ ਪੈਸਾ ਬੰਦ ਹੋਣਾ ਚਾਹੀਦਾ ਹੈ। ਮੇਅਰ ਨੇ ਕਿਹਾ ਕਿ ਹਰ ਯੂਰੋ ਜਾਂ ਹਰ ਸੈਂਟ ਜੋ ਆਪ ਰੂਸ ਤੋਂ ਪ੍ਰਾਪਤ ਕਰਦੇ ਹਨ ਜਾਂ ਉਹ ਆਪ ਰੂਸ ਤੋਂ ਹਾਸਲ ਕਰਦਾ ਹੈ ਉਸ ਨੂੰ ਬੰਦ ਕਰ ਦਿਓ। ਇਹ ਖ਼ੂਨੀ ਪੈਸਾ ਹੈ। ਇਸ 'ਤੇ ਯੂਕਰੇਨੀ ਲੋਕਾਂ ਦਾ ਖ਼ੂਨ ਲੱਗਿਆ ਹੈ।

### ਰੂਸ 'ਚ ਜ਼ਰੂਰੀ ਦਵਾਈਆਂ ਦਾ ਸੰਕਟ

ਰੂਸ ਅਤੇ ਯੂਕਰੇਨ ਦੇ ਵਿਚਕਾਰ ਮਾਸਕੋ ਵਿੱਚ ਹੁਣ ਦਵਾਈਆਂ ਦੀ ਕਮੀ ਹੈ। ਲੋਕ ਲਗਾਤਾਰ ਸੋਸ਼ਲ ਮੀਡੀਆ ਰਾਹੀਂ ਇਸ ਕਮੀ ਬਾਰੇ ਜਾਣਕਾਰੀ ਸਾਂਝੀ ਕਰ ਰਹੇ ਹਨ। ਇਨ੍ਹਾਂ ਵਿੱਚ ਕਿਹਾ ਜਾ ਰਿਹਾ ਹੈ ਕਿ ਜੰਗ ਅਤੇ ਇਸ ਕਾਰਨ ਲਾਈਆਂ ਪਾਬੰਦੀਆਂ ਕਾਰਨ ਦਵਾਈਆਂ ਦੀ ਸਪਲਾਈ ਵਿੱਚ ਕਮੀ ਆਈ ਹੈ। ਕੁਝ ਦਵਾਈਆਂ ਅਜਿਹੀਆਂ ਬਣ ਗਈਆਂ ਹਨ ਕਿ ਉਹ ਕਿਤੇ ਵੀ ਉਪਲਬਧ ਨਹੀਂ ਹਨ। ਇਹ ਸਥਿਤੀ ਸਿਰਫ ਮਾਸਕੋ ਦੀ ਹੀ ਨਹੀਂ ਹੈ, ਸਗੋਂ ਦੇਸ਼ ਦੇ ਹੋਰ ਕਈ ਸ਼ਹਿਰਾਂ ਵਿੱਚ ਵੀ ਅਜਿਹਾ ਹੀ ਹਾਲ ਦੇਖਣ ਨੂੰ ਮਿਲ ਰਿਹਾ ਹੈ। ਦਵਾਈਆਂ ਨਾ ਮਿਲਣ ਕਾਰਨ ਮਰੀਜ਼ਾਂ ਨੂੰ ਵੀ ਮੁਸ਼ਕਲਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਇਹ ਉਹ ਸਥਿਤੀ ਹੈ ਜਦੋਂ ਰੂਸ ਵਿਚ ਕੋਰੋਨਾ ਮਹਾਮਾਰੀ ਦਾ ਸੰਕਟ ਜਾਰੀ ਹੈ ਅਤੇ ਇੱਥੇ ਹਜ਼ਾਰਾਂ ਮਾਮਲੇ ਅਜੇ ਵੀ ਸਾਹਮਣੇ ਆ ਰਹੇ ਹਨ।

### ਕਈ ਥਾਵਾਂ 'ਤੇ ਭਾਲ ਕਰਨ 'ਤੇ ਵੀ ਦਵਾਈ ਨਹੀਂ ਮਿਲੀ

ਦਵਾਈ ਦੀ ਭਾਲ ਵਿੱਚ ਨਿਕਲੇ ਕਾਜ਼ਾਨ ਦੇ ਇੱਕ ਵਸਨੀਕ ਨੇ ਏਪੀ ਨਾਲ ਗੱਲਬਾਤ ਦੌਰਾਨ ਦੱਸਿਆ ਕਿ ਉਸ ਨੂੰ ਕਿਸੇ ਵੀ ਫਾਰਮੇਸੀ ਵਿੱਚ ਦਵਾਈ ਨਹੀਂ ਮਿਲੀ ਹੈ। ਉਸ ਨੇ ਦੱਸਿਆ ਕਿ ਉਹ ਆਪਣੇ ਪਿਤਾ ਲਈ ਦਵਾਈ ਲੱਭਦਾ ਥੱਕ ਗਿਆ ਹੈ। ਦੂਜੇ ਪਾਸੇ ਮਾਹਿਰਾਂ ਅਤੇ ਸਿਹਤ ਅਧਿਕਾਰੀਆਂ ਦਾ ਕਹਿਣਾ ਹੈ ਕਿ ਫਿਲਹਾਲ ਦਵਾਈਆਂ ਦੀ ਕਮੀ ਅੰਸ਼ਕ ਹੈ, ਇਸ ਨੂੰ ਜਲਦੀ ਦੂਰ ਕਰ ਲਿਆ ਜਾਵੇਗਾ। ਉਨ੍ਹਾਂ ਦਾ ਕਹਿਣਾ ਹੈ ਕਿ ਦਵਾਈਆਂ ਦੀ ਸਪਲਾਈ ਦੇਰੀ ਅਤੇ ਲੌਜਿਸਟਿਕ ਸਪੋਰਟ ਦੀ ਘਾਟ ਕਾਰਨ ਵਿਘਨ ਪਈ ਹੈ। ਇਸ ਤੋਂ ਇਲਾਵਾ ਪੱਛਮੀ ਦੇਸ਼ਾਂ ਵੱਲੋਂ ਲਾਈਆਂ ਪਾਬੰਦੀਆਂ ਨੇ ਵੀ ਦਵਾਈਆਂ ਦੀ ਸਪਲਾਈ ਪ੍ਰਭਾਵਿਤ ਕੀਤੀ ਹੈ। ਦੱਸਿਆ ਜਾ ਰਿਹਾ ਹੈ ਕਿ ਰੂਸੀ ਫਾਰਮਾਸਿਊਟੀਕਲ ਬਾਜ਼ਾਰ ਤੋਂ ਉੱਚ ਗੁਣਵੱਤਾ ਵਾਲੀਆਂ ਦਵਾਈਆਂ ਗਾਇਬ ਹੋ ਗਈਆਂ ਹਨ।

ਮਾਸਕੋ ਹਸਪਤਾਲ ਦੇ ਕਾਰਡੀਅਕ ਇੰਟੈਂਸਿਵ ਕੇਅਰ ਯੂਨਿਟ ਦੇ ਮੁਖੀ ਡਾਕਟਰ ਅਲੈਕਸੀ ਏਰਲਿਖ ਦਾ ਕਹਿਣਾ ਹੈ ਕਿ ਉਹ ਨਹੀਂ ਜਾਣਦੇ ਕਿ ਅਜਿਹਾ ਕਿਉਂ ਹੋ ਰਿਹਾ ਹੈ ਪਰ ਆਉਣ ਵਾਲੇ ਦਿਨਾਂ ਵਿੱਚ ਹੋਰ ਦਵਾਈਆਂ ਦੀ ਕਮੀ ਹੋ ਸਕਦੀ ਹੈ। ਏਪੀ ਦੀ ਖ਼ਬਰ ਵਿੱਚ ਦੱਸਿਆ ਗਿਆ ਹੈ ਕਿ ਮਾਰਚ ਤੋਂ ਦਵਾਈਆਂ ਦੀ ਕਮੀ ਹੈ।

ਪੱਛਮੀ ਦੇਸ਼ਾਂ ਵੱਲੋਂ ਲਾਈਆਂ ਗਈਆਂ ਪਾਬੰਦੀਆਂ ਤੋਂ ਬਾਅਦ ਰੂਸ ਕਾਫੀ ਹੱਦ ਤੱਕ ਅਲੱਗ-ਥਲੱਗ ਹੋ ਗਿਆ ਹੈ। ਮਰੀਜ਼ ਅਧਿਕਾਰ ਸਮੂਹ ਦਾ ਕਹਿਣਾ ਹੈ ਕਿ ਮਾਰਚ ਦੇ ਦੂਜੇ ਹਫ਼ਤੇ ਤੋਂ ਹੀ ਅਜਿਹੀ ਘਾਟ ਸ਼ੁਰੂ ਹੋ ਗਈ ਸੀ। ਇਸ ਗਰੁੱਪ ਦੇ ਮੁਖੀ ਜ਼ਿਆਉਤਦੀਨ ਉਵੈਸੋਵ ਦਾ ਕਹਿਣਾ ਹੈ ਕਿ ਉਨ੍ਹਾਂ ਨੇ ਦੇਸ਼ ਭਰ ਵਿੱਚ ਇਸ ਦੀ ਜਾਂਚ ਕੀਤੀ ਹੈ। ਇਸ ਦੌਰਾਨ ਉਨ੍ਹਾਂ ਨੇ ਪਾਇਆ ਕਿ ਰੂਸ ਵਿੱਚ ਸਭ ਤੋਂ ਵੱਧ ਵਰਤੀਆਂ ਜਾਣ ਵਾਲੀਆਂ ਦਸ ਦਵਾਈਆਂ ਬਾਜ਼ਾਰ ਵਿੱਚ ਨਹੀਂ ਹਨ।

ਦੇਸ਼ ਦੁਆਬਾ

# ਸਿਆਸਤ ਵਿਚ ਗੁਆਚਿਆ ਚੰਡੀਗੜ੍ਹ ਦਾ ਮੁੱਦਾ

**ਜਗਤਾਰ ਸਮਾਲਸਰ**

ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਦੇ ਐਲਾਨ ਤੋਂ ਬਾਅਦ ਕੇਂਦਰ ਸਰਕਾਰ ਨੇ ਚੰਡੀਗੜ੍ਹ ਦੇ ਕਰਮਚਾਰੀਆਂ ਲਈ ਕੇਂਦਰ ਸਰਕਾਰ ਦੇ ਨਿਯਮ ਲਾਗੂ ਕਰ ਦਿੱਤੇ ਹਨ। ਇਸ ਲਈ ਨੋਟੀਫੀਕੇਸ਼ਨ ਜਾਰੀ ਕਰ ਦਿੱਤਾ ਗਿਆ ਹੈ। ਇਸ ਨੋਟੀਫੀਕੇਸ਼ਨ ਨਾਲ ਹੁਣ ਚੰਡੀਗੜ੍ਹ ਵਿਚ ਲਗਪਗ 22 ਹਜ਼ਾਰ ਕਰਮਚਾਰੀ ਕੇਂਦਰ ਸਰਕਾਰ ਦੇ ਨਿਯਮਾਂ ਅਧੀਨ ਆ ਗਏ ਹਨ। ਪਹਿਲਾਂ ਚੰਡੀਗੜ੍ਹ ਦੇ 60 ਫ਼ੀਸਦੀ ਕਰਮਚਾਰੀ ਪੰਜਾਬ ਸਰਕਾਰ ਦੇ ਨਿਯਮਾਂ ਤਹਿਤ ਆਉਂਦੇ ਸਨ ਜਦੋਂਕਿ 40 ਫ਼ੀਸਦੀ ਹਰਿਆਣਾ ਸਰਕਾਰ ਦੇ ਅਧੀਨ ਸਨ ਪਰ ਹੁਣ ਕੇਂਦਰ ਸਰਕਾਰ ਨੇ ਜੋ ਨੋਟੀਫੀਕੇਸ਼ਨ ਜਾਰੀ ਕੀਤਾ ਹੈ ਉਸ ਨਾਲ ਚੰਡੀਗੜ੍ਹ ਦੇ 22000 ਸਰਕਾਰੀ ਕਰਮਚਾਰੀ ਕੇਂਦਰੀ ਕਰਮਚਾਰੀ ਹੋ ਗਏ ਹਨ। ਨਵੇਂ ਨਿਯਮਾਂ ਤਹਿਤ ਗਰੁੱਪ ਏ, ਬੀ ਅਤੇ ਸੀ ਗਰੇਡ ਦੇ ਕਰਮਚਾਰੀਆਂ ਦੀ ਰਿਟਾਇਰਮੈਂਟ ਦੀ ਉਮਰ 58 ਸਾਲ ਤੋਂ ਵਧ ਕੇ 60 ਹੋ ਗਈ ਹੈ। ਉੱਥੇ ਹੀ ਚੌਥਾ ਦਰਜਾ ਕਰਮਚਾਰੀਆਂ ਵਿਚ ਰਿਟਾਇਰਮੈਂਟ ਦੀ ਉਮਰ 60 ਤੋਂ 62 ਸਾਲ ਹੋ ਗਈ ਹੈ। ਚੰਡੀਗੜ੍ਹ 'ਤੇ ਹੁਣ ਤਕ ਪੰਜਾਬ ਅਤੇ ਹਰਿਆਣਾ ਆਪੋ-ਆਪਣਾ ਦਾਅਵਾ ਕਰਦੇ ਆ ਰਹੇ ਹਨ ਪਰ ਇਸ ਕੇਂਦਰੀ ਫ਼ੁਰਮਾਨ ਨੇ ਦੋਵਾਂ ਸੂਬਿਆਂ ਦੀ ਸਿਆਸਤ ਵਿਚ ਤੂਫ਼ਾਨ ਲਿਆ ਦਿੱਤਾ ਹੈ।

ਪੰਜਾਬ ਦੀ ਸੱਤਾਧਾਰੀ ਧਿਰ ਆਮ ਆਦਮੀ ਪਾਰਟੀ ਸਹਿਤ ਕਾਂਗਰਸ ਅਤੇ ਅਕਾਲੀ ਦਲ ਵੱਲੋਂ ਵੀ ਕੇਂਦਰ ਸਰਕਾਰ ਦੇ ਇਸ ਫ਼ੈਸਲੇ ਦਾ ਪੁਰਜ਼ੋਰ ਵਿਰੋਧ ਕੀਤਾ ਗਿਆ ਹੈ ਅਤੇ ਆਮ ਆਦਮੀ ਪਾਰਟੀ ਵੱਲੋਂ ਚੰਡੀਗੜ੍ਹ ਤੁਰੰਤ ਪੰਜਾਬ ਹਵਾਲੇ ਕਰਨ ਲਈ ਪੰਜਾਬ ਵਿਧਾਨ ਸਭਾ ਵਿਚ 1 ਅਪਰੈਲ ਨੂੰ ਪ੍ਰਸਤਾਵ ਵੀ ਪਾਸ ਕੀਤਾ ਜਾ ਚੁੱਕਾ ਹੈ ਪਰ ਚੰਡੀਗੜ੍ਹ ਦੀ ਗੱਲ ਕਰਦਿਆਂ ਹੀ ਪੰਜਾਬ ਦੇ ਨਾਲ ਹੀ ਹਰਿਆਣਾ ਵਿਚ ਵੀ ਸਿਆਸਤ ਪੂਰੀ ਤਰ੍ਹਾਂ ਗਰਮ ਹੋ ਚੁੱਕੀ ਹੈ। ਹਰਿਆਣਾ ਦੇ ਸੱਤਾਧਾਰੀ ਗੱਠਜੋੜ ਦੇ ਨਾਲ-ਨਾਲ ਕਾਂਗਰਸ ਅਤੇ ਇਨੈਲੋ ਵੱਲੋਂ ਵੀ ਪੰਜਾਬ ਦੀ ਇਸ ਮੰਗ ਦਾ ਪੁਰਜ਼ੋਰ ਵਿਰੋਧ ਸ਼ੁਰੂ ਹੋ ਗਿਆ ਹੈ। ਇਸ ਲਈ ਹਰਿਆਣਾ ਸਰਕਾਰ ਵੱਲੋਂ 5 ਅਪਰੈਲ ਨੂੰ ਇਕ ਦਿਨ ਦਾ ਵਿਸ਼ੇਸ਼ ਇਜਲਾਸ ਬੁਲਾ ਕੇ ਜਿੱਥੇ ਪੰਜਾਬ ਦੀ ਇਸ ਮੰਗ ਨੂੰ ਖਾਰਿਜ ਕੀਤਾ ਹੈ ਉੱਥੇ ਹੀ ਪੰਜਾਬ-ਹਰਿਆਣਾ ਦੇ ਹੋਰ ਮੁੱਦਿਆਂ ਨੂੰ ਵੀ ਗੰਭੀਰਤਾ ਨਾਲ ਹੱਲ ਕਰਨ ਦੀ ਗੱਲ ਆਖੀ ਗਈ ਹੈ। ਪੰਜਾਬ ਵਾਂਗ ਹੀ ਇਸ ਮਸਲੇ 'ਤੇ ਹਰਿਆਣਾ ਦੀ ਸਾਰੀਆਂ ਸਿਆਸੀ ਪਾਰਟੀਆਂ ਇਕਜੁੱਟ ਨਜ਼ਰ ਆਈਆਂ ਹਨ।

ਪੰਜਾਬ ਦੀ ਭਗਵੰਤ ਮਾਨ ਸਰਕਾਰ ਤੋਂ ਪਹਿਲਾ ਵੀ ਅਨੇਕ ਵਾਰ ਚੰਡੀਗੜ੍ਹ 'ਤੇ ਪੰਜਾਬ ਦਾ ਹੱਕ ਹੋਣ ਦਾ ਪ੍ਰਸਤਾਵ ਪੰਜਾਬ ਵਿਧਾਨ ਸਭਾ ਵਿਚ ਪਾਸ ਕੀਤਾ ਜਾ ਚੁੱਕਾ ਹੈ। ਇਸ ਮਸਲੇ 'ਤੇ ਪੰਜਾਬ ਸਰਕਾਰ ਦਾ ਤਰਕ ਹੈ ਕਿ ਕੇਂਦਰ ਸਰਕਾਰ ਚੰਡੀਗੜ੍ਹ ਬਾਰੇ ਪੰਜਾਬ-ਹਰਿਆਣਾ ਵਿਚਕਾਰ ਬਣੇ ਸੰਤੁਲਨ ਨੂੰ ਵਿਗਾੜਨ ਦੀ ਕੋਸ਼ਿਸ਼ ਕਰ ਰਹੀ ਹੈ। ਕੇਂਦਰ ਸਰਕਾਰ ਨੇ ਭਾਖੜਾ ਬਿਆਸ ਪ੍ਰਬੰਧਨ ਬੋਰਡ ਵਿਚ ਪੰਜਾਬ-ਹਰਿਆਣਾ ਦੀ ਸਥਾਈ ਮੈਂਬਰਸ਼ਿਪ ਖ਼ਤਮ ਕਰ ਕੇ ਪੰਜਾਬ ਅਤੇ ਹਰਿਆਣਾ ਦਾ ਹੱਕ ਖੋਹ ਲਿਆ ਹੈ। ਇਸੇ ਤਰ੍ਹਾਂ ਚੰਡੀਗੜ੍ਹ ਦੇ ਕਰੀਬ 22 ਹਜ਼ਾਰ ਕਰਮਚਾਰੀ ਵੀ ਕੇਂਦਰ ਸਰਕਾਰ ਵੱਲੋਂ ਆਪਣੇ ਨਿਯਮਾਂ ਅਧੀਨ ਲੈ ਲਏ ਗਏ ਹਨ।

ਦਰਅਸਲ, 1947 ਵਿਚ ਜਦੋਂ ਭਾਰਤ-ਪਾਕਿਸਤਾਨ ਦਾ ਬਟਵਾਰਾ ਹੋਇਆ ਸੀ ਤਾਂ ਮਹ-ਪੰਜਾਬ ਦਾ ਕਾਫ਼ੀ ਹਿੱਸਾ ਪਾਕਿਸਤਾਨ ਦੇ ਹਿੱਸੇ ਵਿਚ ਚਲਾ ਗਿਆ। ਬਟਵਾਰੇ ਤੋਂ ਪਹਿਲਾਂ ਤਤਕਾਲੀ ਪੰਜਾਬ ਦੀ ਰਾਜਧਾਨੀ ਲਾਹੌਰ ਸੀ ਪਰ ਬਟਵਾਰੇ ਦੌਰਾਨ ਲਾਹੌਰ ਪਾਕਿਸਤਾਨ ਵਿਚ ਜਾਣ ਕਾਰਨ ਪੰਜਾਬ ਨੂੰ ਨਵੀਂ ਰਾਜਧਾਨੀ ਬਣਾਉਣ ਦੀ ਲੋੜ ਪਈ। ਤਤਕਾਲੀ ਪ੍ਰਧਾਨ ਮੰਤਰੀ ਪੰਡਿਤ ਜਵਾਹਰਲਾਲ ਨਹਿਰੂ ਨੇ ਸੰਨ 1948 ਵਿਚ ਚੰਡੀਗੜ੍ਹ ਨੂੰ ਪੰਜਾਬ ਦੀ ਰਾਜਧਾਨੀ ਬਣਾਉਣ ਦੀ ਚੋਣ ਕੀਤੀ। ਕਾਫ਼ੀ ਵਿਚਾਰ ਕੀਤੇ ਜਾਣ ਤੋਂ ਬਾਅਦ ਵਿਉਂਤਬੱਧ ਤਰੀਕੇ ਨਾਲ ਚੰਡੀਗੜ੍ਹ ਨੂੰ ਵਸਾ ਕੇ ਸੱਤ ਅਕਤੂਬਰ 1953 ਨੂੰ ਭਾਰਤ ਦੇ ਪਹਿਲੇ ਰਾਸ਼ਟਰਪਤੀ ਡਾਕਟਰ ਰਾਜਿੰਦਰ ਪ੍ਰਸਾਦ ਨੇ ਇਸ ਦਾ ਰਸਮੀ ਉਦਘਾਟਨ ਕੀਤਾ ਪਰ ਵਿਵਾਦ ਉਸ ਸਮੇ ਸ਼ੁਰੂ ਹੋਇਆ ਜਦੋਂ 1966 ਵਿਚ ਭਾਸ਼ਾਈ ਆਧਾਰ 'ਤੇ ਹਰਿਆਣਾ ਨੂੰ ਪੰਜਾਬ ਤੋਂ ਵੱਖ ਕਰ ਕੇ ਨਵਾਂ ਸੂਬਾ ਬਣਾਉਣ ਦੇ ਬਾਵਜੂਦ ਦੋਨਾਂ ਸੂਬਿਆਂ ਦੀ ਰਾਜਧਾਨੀ ਚੰਡੀਗੜ੍ਹ ਨੂੰ ਹੀ ਬਣਾਇਆ ਗਿਆ ਅਤੇ ਇਸ ਨੂੰ ਕੇਂਦਰ ਸ਼ਾਸਿਤ ਪ੍ਰਦੇਸ਼ ਬਣਾ ਦਿੱਤਾ ਗਿਆ।

ਹੁਣ ਜਦੋਂ ਪੰਜਾਬ ਅਤੇ ਹਰਿਆਣੇ ਦੇ ਬਟਵਾਰੇ ਨੂੰ ਵੀ 56 ਸਾਲ ਦਾ ਸਮਾਂ ਬੀਤ ਚੁੱਕਾ ਹੈ ਤਾਂ ਚੰਡੀਗੜ੍ਹ ਦੇ ਨਾਲ-ਨਾਲ ਸਤਲੁਜ-ਯਮੁਨਾ ਲਿੰਕ ਨਹਿਰ ਦੀ ਉਸਾਰੀ, ਹਰਿਆਣਾ-ਪੰਜਾਬ ਦੀ ਅਲੱਗ-ਅਲੱਗ ਹਾਈ ਕੋਰਟ, ਅਬੋਹਰ-ਫਾਜ਼ਿਲਕਾ ਦੇ 109 ਪਿੰਡਾਂ ਦੇ ਨਾਲ-ਨਾਲ ਲਾਲੜੂ, ਡੇਰਾਬੱਸੀ ਦੇ ਹਿੰਦੀ ਭਾਸ਼ਾਈ ਪਿੰਡਾਂ ਨੂੰ ਹਰਿਆਣਾ ਵਿਚ ਸ਼ਾਮਲ ਕੀਤੇ ਜਾਣ ਸਮੇਤ ਕਈ ਅਜਿਹੇ ਮੁੱਦੇ ਹਨ ਜਿਨ੍ਹਾਂ ਨੂੰ ਲੈ ਕੇ ਹਰਿਆਣਾ-ਪੰਜਾਬ ਵਿਚ ਆਪਸੀ ਮਤਭੇਦ ਲਗਾਤਾਰ ਬਣੇ ਹੋਏ ਹਨ। ਚੰਡੀਗੜ੍ਹ ਦਾ ਵਿਧਾਨ ਸਭਾ ਭਵਨ ਵੀ ਪੰਜਾਬ ਦੇ ਹੀ ਅਧਿਕਾਰ ਖੇਤਰ ਵਿਚ ਹੈ। ਹਰਿਆਣਾ ਵਿਧਾਨ ਸਭਾ ਭਵਨ ਵਿਚ ਆਪਣੇ ਲਈ 20 ਕਮਰਿਆਂ ਦੀ ਮੰਗ ਵੀ ਲੰਬੇ ਸਮੇਂ ਤੋਂ ਕਰਦਾ ਆ ਰਿਹਾ ਹੈ। ਇਹੀ ਮਸਲੇ ਸਮੇਂ-ਸਮੇਂ 'ਤੇ ਪੰਜਾਬ ਅਤੇ ਹਰਿਆਣਾ ਵਿੱਚ ਚੋਣਾਂ ਸਮੇ ਸਾਰੀਆਂ ਪਾਰਟੀਆਂ ਲਈ ਵੱਡੇ ਮੁੱਦੇ ਵੀ ਬਣਦੇ ਰਹੇ ਹਨ ਪਰ ਫ਼ਿਲਹਾਲ ਇਨ੍ਹਾਂ ਮੁੱਦਿਆਂ ਦਾ ਕੋਈ ਠੋਸ ਹੱਲ ਅਜੇ ਵੀ ਨਿਕਲਦਾ ਨਜ਼ਰ ਨਹੀਂ ਆ ਰਿਹਾ। ਪੰਜਾਬ ਦਾ ਹਮੇਸ਼ਾ ਦਾਅਵਾ ਰਿਹਾ ਹੈ ਕਿ ਚੰਡੀਗੜ੍ਹ ਉਸ ਦਾ ਹਿੱਸਾ ਹੈ।

ਜਦੋ ਭਾਸ਼ਾਈ ਆਧਾਰ 'ਤੇ ਹਰਿਆਣਾ ਹੋਂਦ ਵਿਚ ਆਇਆ ਤਾਂ ਤਤਕਾਲੀ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਨੇ ਕਿਹਾ ਸੀ ਕਿ ਕੁਝ ਸਮੇਂ ਲਈ ਹੀ ਚੰਡੀਗੜ੍ਹ ਸਾਂਝੀ ਰਾਜਧਾਨੀ ਰਹੇਗਾ ਅਤੇ ਬਾਅਦ ਵਿਚ ਪੰਜਾਬ ਨੂੰ ਵਾਪਸ ਦੇ ਦਿੱਤਾ ਜਾਵੇਗਾ। ਉਣੱਤੀ ਜਨਵਰੀ 1970 ਦੇ ਇਕ ਦਸਤਾਵੇਜ਼ ਦੇ ਆਧਾਰ 'ਤੇ ਹਰਿਆਣਾ ਨੂੰ ਲਿਖਤੀ ਤੌਰ 'ਤੇ ਸੂਚਨਾ ਦਿੰਦੇ ਹੋਏ ਆਖਿਆ ਗਿਆ ਸੀ ਕਿ ਦੋਨਾਂ ਰਾਜਾਂ ਦੇ ਦਾਅਵੇ ਦੇ ਚੱਲਦਿਆ ਚੰਡੀਗੜ੍ਹ ਦਾ ਰਾਜਧਾਨੀ ਪ੍ਰਾਜੈਕਟ ਏਰੀਆ ਪੂਰੀ ਤਰ੍ਹਾਂ ਪੰਜਾਬ ਦੇ ਖਾਤੇ ਵਿਚ ਜਾਵੇਗਾ। ਹਰਿਆਣਾ ਨੂੰ ਵੱਖ ਰਾਜਧਾਨੀ ਦੇ ਰੂਪ ਵਿਚ ਨਵਾਂ ਸ਼ਹਿਰ ਵਿਕਸਤ ਕਰਨ ਲਈ ਪੰਜ ਸਾਲ ਦਾ ਸਮਾਂ ਦਿੱਤਾ ਗਿਆ ਸੀ। ਨਵੀਂ ਰਾਜਧਾਨੀ ਲਈ ਕੇਂਦਰ ਸਰਕਾਰ ਨੇ 10 ਕਰੋੜ ਰੁਪਏ ਸਹਾਇਤਾ ਅਤੇ 10 ਕਰੋੜ ਹੀ ਕਰਜ਼ੇ ਦੇ ਰੂਪ ਵਿਚ ਦੇਣ ਦਾ ਪ੍ਰਸਤਾਵ ਦਿੱਤਾ ਸੀ।

ਫਿਰ ਅਗਸਤ 1983 ਵਿਚ ਤਤਕਾਲੀ ਪ੍ਰਧਾਨ ਮੰਤਰੀ ਰਾਜੀਵ ਗਾਂਧੀ ਅਤੇ ਅਕਾਲੀ ਦਲ ਦੇ ਸੰਤ ਹਰਚੰਦ ਸਿੰਘ ਲੌਂਗੋਵਾਲ ਵਿਚਕਾਰ ਇਕ ਸਮਝੌਤਾ ਹੋਇਆ ਸੀ ਜਿਸ ਤਹਿਤ ਚੰਡੀਗੜ੍ਹ 'ਤੇ ਸਿਰਫ਼ ਪੰਜਾਬ ਦਾ ਹੱਕ ਹੋਣ ਦੀ ਗੱਲ ਸਵੀਕਾਰੀ ਗਈ ਅਤੇ ਤੈਅ ਕੀਤਾ ਗਿਆ ਕਿ ਚੰਡੀਗੜ੍ਹ ਪੰਜਾਬ ਦੀ ਰਾਜਧਾਨੀ ਰਹੇਗੀ ਅਤੇ ਹਰਿਆਣਾ ਦੀ ਵੱਖ ਰਾਜਧਾਨੀ ਬਣਾਈ ਜਾਵੇਗੀ ਪਰ ਸਾਲ 1985 ਵਿਚ ਰਾਜੀਵ-ਲੌਂਗੋਵਾਲ ਸਮਝੌਤੇ ਅਨੁਸਾਰ ਜਦੋਂ ਚੰਡੀਗੜ੍ਹ ਪੰਜਾਬ ਨੂੰ ਸੌਂਪਣ ਦੀ ਪ੍ਰਕਿਰਿਆ ਸ਼ੁਰੂ ਹੋਈ ਤਾਂ ਹਰਿਆਣਾ ਵਿਚ ਸਿਆਸੀ ਯੁੱਧ ਛਿੜ ਗਿਆ। ਹਰਿਆਣਾ ਦੇ ਤਤਕਾਲੀ ਮੁੱਖ ਮੰਤਰੀ ਚੌਧਰੀ ਬੰਸੀ ਲਾਲ ਨੇ ਇਸ ਦਾ ਪੁਰਜ਼ੋਰ ਵਿਰੋਧ ਕੀਤਾ। ਆਖ਼ਰ 26 ਜਨਵਰੀ 1986 ਨੂੰ ਤਤਕਾਲੀ ਪ੍ਰਧਾਨ ਮੰਤਰੀ ਰਾਜੀਵ ਗਾਂਧੀ ਦੀ ਸਰਕਾਰ ਨੇ ਮਾਮਲੇ ਨੂੰ ਉੱਥੇ ਹੀ ਠੱਪ ਕਰ ਦਿੱਤਾ। ਇਕ ਸਮੇਂ ਚੰਡੀਗੜ੍ਹ ਨੂੰ ਦੋਨਾਂ ਸੂਬਿਆਂ ਵਿਚ ਅੱਧਾ-ਅੱਧਾ ਵੰਡੇ ਜਾਣ ਦੀ ਗੱਲ ਵੀ ਹੋਈ ਪਰ ਇਹ ਵੀ ਸਿਰੇ ਨਹੀਂ ਲੱਗ ਸਕੀ।




ਸਾਲ 2018 ਵਿਚ ਹਰਿਆਣਾ ਦੇ ਮੁੱਖ ਮੰਤਰੀ ਮਨੋਹਰ ਲਾਲ ਨੇ ਚੰਡੀਗੜ੍ਹ ਦੇ ਵਿਕਾਸ ਲਈ ਇਕ ਵਿਸ਼ੇਸ਼ ਕਮੇਟੀ ਬਣਾਈ ਤਾਂ ਪੰਜਾਬ ਦੇ ਤਤਕਾਲੀ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਇਸ ਨੂੰ ਮੁੱਛ ਦਾ ਸਵਾਲ ਬਣਾ ਲਿਆ। ਉਨ੍ਹਾਂ ਇਹ ਕਹਿ ਕੇ ਇਸ ਨੂੰ ਖ਼ਾਰਜ ਕਰ ਦਿੱਤਾ ਕਿ ਚੰਡੀਗੜ੍ਹ ਪੰਜਾਬ ਦਾ ਹਿੱਸਾ ਹੈ। ਹਰਿਆਣਾ ਦੇ ਉਪ-ਮੁੱਖ ਮੰਤਰੀ ਦੁਸ਼ਿਅੰਤ ਚੌਟਾਲਾ ਨੇ ਵੀ ਇਕ ਵਾਰ ਸੁਝਾਅ ਦਿੱਤਾ ਸੀ ਕਿ ਚੰਡੀਗੜ੍ਹ ਨੂੰ ਕੇਂਦਰ ਸ਼ਾਸਿਤ ਪ੍ਰਦੇਸ਼ ਦੇ ਤੌਰ 'ਤੇ ਛੱਡ ਕੇ ਹਰਿਆਣਾ ਅਤੇ ਪੰਜਾਬ ਆਪਣੀਆਂ ਅਲੱਗ-ਅਲੱਗ ਰਾਜਧਾਨੀਆਂ ਬਣਾਉਣ ਅਤੇ ਹਾਈ ਕੋਰਟ ਦੀ ਸਥਾਪਨਾ ਵੀ ਅਲੱਗ-ਅਲੱਗ ਹੀ ਕੀਤੀ ਜਾਵੇ ਪਰ ਇਸ ਸੁਝਾਅ ਨੂੰ ਵੀ ਗੰਭੀਰਤਾ ਨਾਲ ਨਹੀਂ ਲਿਆ ਗਿਆ।

ਫ਼ਿਲਹਾਲ ਕੇਂਦਰ ਸਰਕਾਰ ਦੇ ਫ਼ੈਸਲੇ ਤੋਂ ਬਾਅਦ ਇਕ ਵਾਰ ਇਹ ਮਾਮਲਾ ਫਿਰ ਪੂਰੀ ਤਰ੍ਹਾਂ ਗਰਮ ਹੋ ਚੁੱਕਾ ਹੈ ਅਤੇ ਦੋਨਾਂ ਸੂਬਿਆਂ ਦੀ ਸਰਕਾਰਾਂ ਵੱਲੋਂ ਆਪੋ-ਆਪਣੀਆਂ ਦਲੀਲਾਂ ਦੇ ਕੇ ਚੰਡੀਗੜ੍ਹ 'ਤੇ ਆਪੋ-ਆਪਣਾ ਹੱਕ ਜਤਾਇਆ ਜਾ ਰਿਹਾ ਹੈ। ਹੁਣ ਇਸ ਮੁੱਦੇ 'ਤੇ ਜਿਸ ਤਰ੍ਹਾਂ ਦੀ ਸਥਿਤੀ ਬਣੀ ਹੋਈ ਹੈ ਉਸ ਤੋਂ ਲੱਗਦਾ ਹੈ ਕਿ ਇਸ ਮੁੱਦੇ ਦਾ ਹੱਲ ਨਿਕਲਣਾ ਅਜੇ ਵੀ ਸੰਭਵ ਨਹੀਂ ਹੈ। ਦੋਵਾਂ ਸੂਬਿਆਂ ਅਤੇ ਕੇਂਦਰ ਸਰਕਾਰ ਵੱਲੋਂ ਵਿਖਾਈ ਜਾ ਰਹੀ ਤਲਖ਼ੀ ਨਾਲ ਇਸ ਗੰਭੀਰ ਮੁੱਦੇ ਨੂੰ ਨਹੀਂ ਸੁਲਝਾਇਆ ਜਾ ਸਕਦਾ ਕਿਉਂਕਿ ਇਹ ਕੇਵਲ ਚੰਡੀਗੜ੍ਹ ਦੇ ਮੁੱਦੇ ਦੀ ਹੀ ਗੱਲ ਨਹੀਂ ਸਗੋਂ ਇਸ ਨਾਲ ਹੋਰ ਵੀ ਅਨੇਕ ਮੁੱਦੇ ਜੁੜੇ ਹੋਏ ਹਨ। ਕਿਸਾਨ ਅੰਦੋਲਨ ਦੌਰਾਨ ਪੰਜਾਬ ਅਤੇ ਹਰਿਆਣਾ ਨੇ ਜੋ ਭਾਈਚਾਰਕ ਸਾਂਝ ਦਾ ਇਕ ਨਵਾਂ ਇਤਿਹਾਸ ਸਿਰਜਿਆ ਸੀ, ਉਸ ਨੂੰ ਸਦੀਵੀ ਬਰਕਰਾਰ ਰੱਖਣਾ ਚਾਹੀਦਾ ਹੈ ਅਤੇ ਇਸ ਮਸਲੇ 'ਤੇ ਕੋਈ ਤਲਖ਼ੀ ਜਾਂ ਜਲਦਬਾਜ਼ੀ ਨਹੀਂ ਵਿਖਾਉਣੀ ਚਾਹੀਦੀ ਸਗੋਂ ਇਕ ਮੇਜ਼ 'ਤੇ ਬੈਠ ਕੇ ਸ਼ਾਂਤੀਪੂਰਨ ਢੰਗ ਅਤੇ ਸਿਆਣਪ ਨਾਲ ਇਸ ਨੂੰ ਹੱਲ ਕਰਨ ਦੀ ਕੋਸ਼ਿਸ਼ ਕੀਤੀ ਜਾਣੀ ਚਾਹਿਦੀ ਹੈ।

## Babu Jagjivan Ram Former Deputy PM A True Democrat and Savior of Downtrodden

**Prem K. Chumber Editor-In-Chief: Ambedkar Times & Desh Doaba**

Babu Jagjivan Ram (April 5, 1908 – July 6, 1986) was known for his patriotism, straightforwardness, and concern for lower castes and poor. When in 1937, the Britishers wanted to set up a puppet government in Bihar, Babuji was approached with an offer of a large sum of money and a Ministerial berth and many other similar benefits to shake hand with them, but he simply refused to be on their side. Rather, he stood like a rock with his people who were to tally committed to lay their lives for the liberation of the motherland. He earned the love of the people and leaders of the Indian freedom movement for his patriotism and integrity. Showering praises on Babu Jagjivan Ram for his bold stand on to be remained with his people, Gandhiji said that he 'had emerged as pure as gold in the test of fire'.

Babuji was a born fighter and a crusader for freedom, dignity and social justice. During his middle school education, he refused to avail scholarship meant for Scheduled Castes students and earned it by appearing in open competition and becoming successful on the basis of his meritorious academic performance. It was also during his Arrah Town School days that he smashed twice separate pitcher meant drinking water for Scheduled Castes students and forced the principal to withdraw his discriminatory decision of segregated water arrangement at the premises of the school. He proved his exceptional talent by excelling in studies despite extreme poverty at home as his father (Sobhi Ram) passed away (1914) while Babu Jagjivan Ram was still in his village primary school. He and his mother (Vasanti Devi) fought boldly against poverty and social exclusion all around.

Despite such an oppressive social environment and poor economic conditions at home, Babuji acquired proficiency in Hindi, Bengali, English and Sanskrit besides Bhojpuri – his native Bhasha. It was his command over Hindi and English that attracted the attention of Pt. Madan Mohan Malviyaji during the welcome address by him that finally took him to study at the prestigious Banaras Hindu University. It was at the Banaras Hindu University that Babuji organized, for the first time, Scheduled Castes students to protest against the denial of basic services like meals for Scheduled Castes students in the hostel and haircuts by local barbers. After qualifying his Inter Science examination at BHU, Babuji left BHU and completed B. SC. degree from the Calcutta University in 1931. It was during his stint at Calcutta University, Babuji organized Mazdoor Rally at Wellington Square in1928. This mammoth rally in which approximately 50,000 people participated brought Babu Jagjivan Ram closer to Netaji Subash Chandra Bose who got convinced of his organizing skills and political acumen.

Babu Jagjivan Ram devoted his entire life strengthening India and empowering poor and lower castes. He was a great inspirer and organizer of people against oppression. He was an eloquent orator, a distinguished parliamentarian and a talented administrator. From his school days to the celebration of freedom at midnight, he remined in the forefront of various struggles (including the Civil Disobedience Movement in 1930 and the Quit India Movement in 1942) launched during the historic freedom movement of India. On the national political platform, he established himself as the savior of lower castes and poor people. He became the youngest minister in the interim government of Jawaharlal Nehru in 1946, Labor Minister in the first cabinet of India as well as member of the Constituent Assembly of India. He played a constructed role in the meeting of the Constituent Assembly of India for promoting the cause of the Scheduled Castes and poor people. He served as a minister of various portfolios at the level of Central Government exceptionally for more than forty years as a member of the Indian National Congress. In 1977 and joined the Janata Party alliance, along with his Congress for Democracy. He also served as Deputy Prime Minister of India (1977-79). In 1981, Babuji formed Congress (J). Till his passing away in 1986, he remained active in the service of the nation and the downtrodden.

"Ambedkar Times" and "Desh Doaba" Weeklies fondly remember Babuji on his Birth Anniversary and pay him floral tribute!

*Read more: www.ambedkartimes.com*

ਸੰਪਾਦਕੀ ਮੰਡਲ ਦਾ ਕਿਸੇ ਵੀ ਰਚਨਾ ਨਾਲ ਸਹਿਮਤ ਹੋਣਾ ਜ਼ਰੂਰੀ ਨਹੀਂ। ਮੈਟਰ ਵਿਚ ਵਾਧਾ-ਘਾਟਾ ਕਰਨ ਦਾ ਅਧਿਕਾਰ ਅਦਾਰਾ 'ਦੇਸ਼ ਦੁਆਬਾ' ਨੂੰ ਹੋਵੇਗਾ। ਪੇਪਰ ਵਿਚ ਛਪੀ ਹਰ ਲਿਖਤ ਜਾਂ ਇਸ਼ਤਿਹਾਰ ਸਬੰਧੀ ਲੇਖਕ ਅਤੇ ਇਸ਼ਤਿਹਾਰਦਾਤਾ ਹੀ ਜ਼ਿੰਮੇਵਾਰ ਹੋਵੇਗਾ। ਸਾਰੇ ਲੇਖਕ/ ਪੱਤਰਕਾਰ ਵੀਰਾਂ ਨੂੰ ਬੇਨਤੀ ਹੈ ਕਿ ਆਪਣੇ ਲੇਖ ਜਾਂ ਖ਼ਬਰ ਦੇ ਨਾਲ ਆਪਣਾ ਨਾਂ, ਫੋਨ ਨੰਬਰ ਅਤੇ ਐਡਰੈਸ ਤੇ ਤਸਵੀਰ ਭੇਜਿਆ ਕਰਨ। ਅਸੀਂ ਉਹਨਾਂ ਦੀ ਤਸਵੀਰ ਲੇਖ ਦੇ ਨਾਲ ਲਗਾਵਾਂਗੇ। ਸਾਰੇ ਲੇਖਕ/ ਪੱਤਰਕਾਰ ਆਨਰੇਰੀ ਹਨ, ਉਹਨਾਂ ਨੂੰ ਲਿਖਤ ਬਦਲੇ ਕੋਈ ਅਦਾਇਗੀ ਨਹੀਂ ਕੀਤੀ ਜਾਂਦੀ। -ਸੰਪਾਦਕ





ਪਿੰਡ ਬੋਲੀਨਾ ਦੁਆਬਾ ਵਿਖੇ ਚੱਲ ਰਹੇ ਬੋਲੀਨਾ ਸਕਿਲ ਸੈਂਟਰ ਜਿਹਨਾਂ ਵਿੱਚ ਬੱਚਿਆਂ ਨੂੰ ਕੰਪਿਊਟਰ ਕੋਰਸ ਅਤੇ ਸਿਲਾਈ ਕਢਾਈ ਦੇ ਕੋਰਸ ਮੁਫਤ ਕਰਵਾਏ ਜਾਂਦੇ ਹਨ, ਨੂੰ ਵੇਖਣ ਲਈ ਉਚੇਚੇ ਤੌਰ ਤੇ ਡਾ ਬੀ ਆਰ ਅੰਬੇਡਕਰ ਪੀਪਲਜ਼ ਐਜੂਕੇਸ਼ਨ ਐਂਡ ਵੈਲਫੇਅਰ ਸੋਸਾਇਟੀ ਅਮਰੀਕਾ ਦੀ ਟੀਮ ਦੈ ਮੈਂਬਰ ਸਰਦਾਰ ਮੋਹਿੰਦਰ ਸਿੰਘ ਧਾਮੀ ਅਤੇ ਸ਼ਿਵ ਸਿੰਘ ਜੀ ਆਏ ਅਤੇ ਦੋਨੋ ਸੈਂਟਰਾਂ ਨੂੰ ਵੇਖ ਕੇ ਖੁਸ਼ੀ ਪ੍ਰਗਟ ਕਰਦਿਆਂ 5000 ਰੁਪਏ ਪ੍ਰੇਮ ਭੇਟਾਂ ਪ੍ਰਦਾਨ ਕਰ ਕੇ ਗਏ।



The opinions expressed in this newspaper do not necessarily represent the views or opinions of the staff or employees of "Desh Doaba". All disputes subjected to Sacramento (California) jurisdiction.
'ਦੇਸ਼ ਦੁਆਬਾ' ਵਿਚ ਛਪੇ ਲੇਖਾਂ, ਖ਼ਬਰਾਂ ਅਤੇ ਇਸ਼ਤਿਹਾਰਾਂ ਆਦਿ ਵਿਚਲੇ ਵਿਚਾਰਾਂ/ਦਾਅਵਿਆਂ ਨਾਲ ਅਦਾਰਾ ਦੇਸ਼ ਦੁਆਬਾ ਅਤੇ ਸੰਪਾਦਕ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ

## ਕੈਲੀਫੋਰਨੀਆ ਖਬਰਨਾਮਾ (ਹੁਸਨ ਲੜੋਆ ਬੰਗਾ)

# ਅਮਰੀਕੀ ਪ੍ਰਤੀਨਿਧ ਸਭਾ ਵੱਲੋਂ ਸਿੱਖਾਂ ਦੇ ਪਵਿੱਤਰ ਦਿਹਾੜੇ ਵਿਸਾਖੀ ਮੌਕੇ 14 ਅਪ੍ਰੈਲ ਨੂੰ 'ਰਾਸ਼ਟਰੀ ਸਿੱਖ ਦਿਵਸ' ਵਜੋਂ ਮਾਨਤਾ ਦਿਵਾਉਣ ਲਈ ਮਤਾ ਪੇਸ਼




ਅਮਰੀਕੀ ਪ੍ਰਤੀਨਿਧ ਸਭਾ ਵੱਲੋਂ ਵਿਸਾਖੀ ਨੂੰ 'ਰਾਸ਼ਟਰੀ ਸਿੱਖ ਦਿਹਾੜੇ' ਵਜੋਂ ਮਨਾਉਣ ਲਈ ਮਤਾ ਪੇਸ਼ ਕਰਨ ਦੌਰਾਨ ਹਾਜ਼ਰ ਅਮਰੀਕੀ ਆਗੂ ਅਤੇ ਸਿੱਖ ਸ਼ਖਸੀਅਤਾਂ।

**ਸੈਕਰਾਮੈਂਟੋ, ਕੈਲੀਫੋਰਨੀਆ–** ਅਮਰੀਕੀ ਪ੍ਰਤੀਨਿਧ ਸਭਾ ਵੱਲੋਂ ਸਿੱਖਾਂ ਦੇ ਪਵਿੱਤਰ ਦਿਹਾੜੇ ਵਿਸਾਖੀ ਮੌਕੇ 14 ਅਪ੍ਰੈਲ ਨੂੰ 'ਰਾਸ਼ਟਰੀ ਸਿੱਖ ਦਿਵਸ' ਵਜੋਂ ਮਾਨਤਾ ਦਿਵਾਉਣ ਲਈ ਮਤਾ ਪੇਸ਼ ਕੀਤਾ ਗਿਆ ਹੈ, ਜਿਸ ਨਾਲ ਹਰ ਸਾਲ ਅਮਰੀਕਾ ਭਰ 'ਚ ਇਹ ਦਿਨ ਸਿੱਖ ਕੌਮ ਲਈ ਸਮਰਪਿਤ ਹੋਵੇਗਾ। ਇਸ ਸਬੰਧੀ ਮਤਾ ਮੁੱਖ ਤੌਰ 'ਤੇ ਕਾਂਗਰਸਵੂਮੈਨ ਮੈਰੀ ਸਕੈਲਨ ਨੇ ਪੇਸ਼ ਕੀਤਾ, ਜਦਕਿ ਅਮਰੀਕਨ ਸਿੱਖ ਕਾਕਸ ਕਮੇਟੀ ਦੇ ਕੋ-ਚੇਅਰ ਕਾਂਗਰਸਮੈਨ ਜੌਹਨ ਗੈਰਾਮੰਡੀ ਅਤੇ ਕਾਂਗਰਸਮੈਨ ਡੇਵਿਡ ਵਾਲਾਡਾਓ ਨੇ ਹਮਾਇਤ ਦਿੱਤੀ। ਇਨ੍ਹਾਂ ਤੋਂ ਇਲਾਵਾ ਕਾਂਗਰਸਵੂਮੈਨ ਬਾਸ, ਕਾਂਗਰਸਮੈਨ ਟੋਂਕੋ, ਕਾਂਗਰਸਮੈਨ ਫਿਜ਼ ਪੈਟਰਿਕ, ਕਾਂਗਰਸਮੈਨ ਮਿਊਜ਼ਰ, ਕਾਂਗਰਸਮੈਨ ਸਵਾਲ ਵੈੱਲ, ਕਾਂਗਰਸਮੈਨ ਕ੍ਰਿਸ਼ਨਾਮੂਰਤੀ, ਕਾਂਗਰਸਮੈਨ ਨੌਰਕਰੌਸ, ਕਾਂਗਰਸਮੈਨ ਕਿਮ, ਕਾਂਗਰਸਮੈਨ ਨੀਲ, ਕਾਂਗਰਸਮੈਨ ਬਰੈਂਡਨ ਬੋਇਲ ਵੀ ਮਤਾ ਪੇਸ਼ ਕਰਨ ਵਾਲਿਆਂ 'ਚ ਸ਼ਾਮਲ ਸਨ। ਸਿੱਖ ਭਾਈਚਾਰੇ ਵਿਚ ਇਹ ਮਤਾ ਪੇਸ਼ ਹੋਣ ਨਾਲ ਖੁਸ਼ੀ ਦਾ ਮਹੌਲ ਹੈ।

ਅਮਰੀਕਨ ਸਿੱਖ ਕਾਕਸ ਕਮੇਟੀ ਦੇ ਆਗੂ ਡਾ ਪ੍ਰਿਤਪਾਲ ਸਿੰਘ ਅਤੇ ਸ। ਹਰਪ੍ਰੀਤ ਸਿੰਘ ਸੰਧੂ ਨੇ ਪੰਜਾਬ ਮੇਲ ਨਾਲ ਗੱਲਬਾਤ ਕਰਦਿਆਂ ਦੱਸਿਆ ਕਿ ਇਸ ਮਤੇ ਦੇ ਪੇਸ਼ ਹੋਣ ਨਾਲ ਅਮਰੀਕਾ ਵਿਚ ਸਿੱਖ ਕੌਮ ਦੀ ਪਛਾਣ ਬਣਨ 'ਚ ਸਹਾਇਤਾ ਮਿਲੇਗੀ। ਸਿੱਖ ਕੋਆਰਡੀਨੇਸ਼ਨ ਕਮੇਟੀ ਦੇ ਸ। ਹਿੰਮਤ ਸਿੰਘ, ਸ। ਹਰਜਿੰਦਰ ਸਿੰਘ, ਸਿੱਖ ਕਾਕਸ ਕਮੇਟੀ ਦੇ ਸ। ਜੁਗਰਾਜ ਸਿੰਘ, ਯਾਦਵਿੰਦਰ ਸਿੰਘ ਅਤੇ ਇਕਤਿਦਾਰ ਚੀਮਾ ਨੇ ਵੀ ਇਸ ਮਤੇ ਨੂੰ ਪੇਸ਼ ਕਰਾਉਣ 'ਚ ਅਹਿਮ ਭੂਮਿਕਾ ਨਿਭਾਈ ਹੈ।

ਇਨ੍ਹਾਂ ਆਗੂਆਂ ਨੇ ਦੱਸਿਆ ਕਿ ਪੇਸ਼ ਕੀਤੇ ਗਏ ਮਤੇ ਵਿਚ ਹਾਊਸ ਨੂੰ ਸਿੱਖਾਂ ਬਾਰੇ ਜਾਣਕਾਰੀ ਦਿੱਤੀ ਗਈ, ਜਿਸ ਵਿਚ ਕਿਹਾ ਗਿਆ ਕਿ ਸਿੱਖ ਭਾਈਚਾਰਾ ਭਾਰਤ ਦੇ ਪੰਜਾਬ ਪ੍ਰਾਂਤ ਨਾਲ ਸੰਬੰਧਤ ਹੈ ਅਤੇ ਇਸ ਕੌਮ ਨੇ 100 ਸਾਲ ਤੋਂ ਵੱਧ ਸਮਾਂ ਪਹਿਲਾਂ ਅਮਰੀਕਾ ਵਿਚ ਪਰਵਾਸ ਕਰਨਾ ਸ਼ੁਰੂ ਕਰ ਕੀਤਾ ਸੀ ਅਤੇ ਇਸ ਕੌਮ ਨੇ ਅਮਰੀਕਾ ਦੇ ਵਿਕਾਸ ਵਿਚ ਮਹੱਤਵਪੂਰਨ ਭੂਮਿਕਾ ਨਿਭਾਈ ਹੈ।

ਸਿੱਖ ਕੌਮ ਵੱਲੋਂ ਵੈਸਾਖ ਮਹੀਨੇ ਦੇ ਪਹਿਲੇ ਦਿਨ ਵਿਸਾਖੀ ਮਨਾਈ ਜਾਂਦੀ ਹੈ, ਜੋ ਕਿ ਆਮ ਤੌਰ 'ਤੇ 14 ਅਪ੍ਰੈਲ ਨੂੰ ਹੁੰਦੀ ਹੈ। ਇਸ ਦਿਨ ਸੰਨ 1699 'ਚ ਸਿੱਖਾਂ ਦੇ ਦਸਵੇਂ ਗੁਰੂ ਵੱਲੋਂ ਜ਼ੁਲਮ ਨਾਲ ਲੜਨ ਲਈ ਸਿੱਖ ਪੰਥ ਦੀ ਸਥਾਪਨਾ ਕੀਤੀ ਗਈ ਸੀ।

ਸਰਬਸੰਮਤੀ ਨਾਲ ਪ੍ਰਤੀਨਿਧ ਸਭਾ ਵੱਲੋਂ ਅਮਰੀਕਾ ਦੇ ਲੋਕਾਂ ਨੂੰ ਪ੍ਰੇਰਿਤ ਕਰਨ ਲਈ ਅਤੇ ਸਿੱਖ ਭਾਈਚਾਰੇ ਦੁਆਰਾ ਨਿਭਾਈ ਗਈ ਮਹੱਤਵਪੂਰਨ ਭੂਮਿਕਾ ਦਾ ਸਨਮਾਨ ਕਰਨ ਲਈ "ਰਾਸ਼ਟਰੀ ਸਿੱਖ ਦਿਵਸ" ਮਨਾਉਣ ਦਾ ਸਮਰਥਨ ਕੀਤਾ ਗਿਆ ਹੈ। ਅਮਰੀਕਾ ਲਈ ਸਿੱਖ ਕੌਮ ਵੱਲੋਂ ਪਾਏ ਗਏ ਸਦੀਵੀ ਯੋਗਦਾਨ ਦਾ ਸਨਮਾਨ ਕਰਨ ਲਈ ਇਹ ਦਿਨ ਢੁੱਕਵਾਂ ਗਿਣਿਆ ਗਿਆ।

# ਘਰੇਲੂ ਮਾਮਲੇ ਵਿਚ ਮੌਕੇ 'ਤੇ ਪੁੱਜੀ ਪੁਲਿਸ ਉਪਰ ਚਲਾਈਆਂ



**ਸੈਕਰਾਮੈਂਟੋ 2 ਅਪ੍ਰੈਲ–** ਲੈਬਾਨਿਨ, ਪੈਨਸਿਲਵੈਨੀਆ ਵਿਚ ਘਰੇਲੂ ਝਗੜਾ ਨਿਪਟਾਉਣ ਗਈ ਪੁਲਿਸ ਉਪਰ ਗੋਲੀਆਂ ਚਲਾਏ ਜਾਣ ਕਾਰਨ ਇਕ ਪੁਲਿਸ ਅਫਸਰ ਦੀ ਮੌਤ ਹੋ ਗਈ ਜਦ ਕਿ ਇਕ ਹੋਰ ਗੰਭੀਰ ਜਖਮੀ ਹੋ ਗਿਆ। ਪੁਲਿਸ ਦੀ ਜਵਾਬੀ ਕਾਰਵਾਈ ਵਿਚ ਹਮਲਾਵਰ ਵੀ ਮੌਕੇ ਉਪਰ ਮਾਰਿਆ ਗਿਆ। ਲੈਬਾਨਾਨ ਕਾਊਂਟੀ ਦੇ ਜਿਲਾ ਅਟਾਰਨੀ ਪੀਰ ਹੈਸ ਗਰਾਫ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਦੱਸਿਆ ਕਿ ਘਰ ਦੇ ਮਾਲਕ ਵੱਲੋਂ ਘਰੇਲੂ ਗੜਬੜ ਹੋਣ ਸਬੰਧੀ ਫੋਨ ਕਰਨ 'ਤੇ ਪੁਲਿਸ ਮੌਕੇ ਉਪਰ ਪੁੱਜੀ। ਜਦੋਂ ਪੁਲਿਸ ਅਫਸਰ ਘਰ ਵਿਚ ਦਾਖਲ ਹੋਏ ਤਾਂ ਉਨਾਂ ਉਪਰ 34 ਸਾਲਾ ਟਰੈਵਿਸ ਸ਼ੌਡ ਨੇ ਗੋਲੀਆਂ ਦੀ ਬੁਛਾਰ ਕਰ ਦਿੱਤੀ। ਪੁਲਿਸ ਵੱਲੋਂ ਕੀਤੀ ਗਈ ਜਵਾਬੀ ਕਾਰਵਾਈ ਵਿਚ ਹਮਲਾਵਰ ਸ਼ੌਡ ਦੀ ਮੌਕੇ ਉਪਰ ਮੌਤ ਹੋ ਗਈ। ਮਾਰਿਆ ਗਿਆ ਪੁਲਿਸ ਅਫਸਰ ਲੈਫਟੀਨੈਂਟ ਵਿਲੀਅਮ ਲੈਬੋ ਸੀ ਜਿਸ ਨੇ ਇਕ ਮਈ 2022 ਨੂੰ ਸੇਵਾ ਮੁਕਤ ਹੋ ਜਾਣਾ ਸੀ। ਉਸ ਨੇ ਪੁਲਿਸ ਵਿਭਾਗ ਵਿਚ 40 ਸਾਲ ਸੇਵਾ ਕੀਤੀ। ਦੂਸਰੇ ਪੁਲਿਸ ਅਧਿਕਾਰੀ ਦਾ ਨਾਂ ਡੈਰਕ ਅੰਡਰਕੋਫਲਰ (32) ਹੈ ਜਿਸ ਦੀ ਹਾਲਤ ਗੰਭੀਰ ਪਰ ਸਥਿੱਰ ਹੈ। ਗਰਾਫ ਨੇ ਦੱਸਿਆ ਕਿ ਟਰੈਵਿਸ ਸ਼ੌਡ ਲੰਬੇ ਸਮੇ ਤੋਂ ਦਿਮਾਗੀ ਬਿਮਾਰੀ ਤੋਂ ਪੀੜਤ ਸੀ। ਸ਼ੌਡ ਦਾ ਪਿਛਲਾ ਰਿਕਾਰਡ ਵੀ ਅਪਰਾਧਿਕ ਹੈ। ਗਰਾਫ ਨੇ ਮਾਰੇ ਗਏ ਪੁਲਿਸ ਅਧਿਕਾਰੀ ਦੇ ਪਰਿਵਾਰ ਨਾਲ ਹਮਦਰਦੀ ਦਾ ਇਜਹਾਰ ਕੀਤਾ ਹੈ ਤੇ ਜਖਮੀ ਪੁਲਿਸ ਅਧਿਕਾਰੀ ਦੇ ਛੇਤੀ ਸਿਹਤਯਾਬ ਹੋਣ ਦੀ ਕਾਮਨਾ ਕੀਤੀ ਹੈ।

# ਅਮਰੀਕੀ ਰਾਸ਼ਟਰਪਤੀ ਵੱਲੋਂ ਰਾਖਵੇਂ ਭੰਡਾਰ ਵਿਚੋਂ 18 ਕਰੋੜ ਬੈਰਲ ਤੇਲ ਜਾਰੀ ਕਰਨ ਦਾ ਆਦੇਸ਼

**ਸੈਕਰਾਮੈਂਟੋ 1 ਅਪ੍ਰੈਲ–** ਅਮਰੀਕਾ ਦੇ ਰਾਸ਼ਟਰਪਤੀ ਜੋਅ ਬਾਈਡਨ ਨੇ ਰੂਸ ਦੇ ਯੁਕਰੇਨ ਉਪਰ ਹਮਲੇ ਉਪਰੰਤ ਵਧ ਰਹੀਆਂ ਕੀਮਤਾਂ ਨੂੰ ਠਲ ਪਾਉਣ ਲਈ ਦੇਸ਼ ਦੇ ਹੰਗਾਮੀ ਸਥਿੱਤੀ ਲਈ ਰਖੇ ਰਾਖਵੇਂ ਭੰਡਾਰ ਵਿਚੋਂ ਅਗਲੇ 6 ਮਹੀਨਿਆਂ ਦੌਰਾਨ 18 ਕਰੋੜ ਬੈਰਲ ਤੇਲ ਜਾਰੀ ਕਰਨ ਦਾ ਆਦੇਸ਼ ਦਿੱਤਾ ਹੈ। ਰਾਸ਼ਟਰਪਤੀ ਨੇ ਅਗਲੇ 6 ਮਹੀਨਿਆਂ ਦੌਰਾਨ ਰੋਜਾਨਾ 10 ਲੱਖ ਬੈਰਲ ਤੇਲ ਜਾਰੀ ਕਰਨ ਲਈ ਕਿਹਾ ਹੈ ਤਾਂ ਜੋ ਅਮਰੀਕੀਆਂ ਨੂੰ ਵਧ ਰਹੀਆਂ ਤੇਲ ਦੀਆਂ ਕੀਮਤਾਂ ਤੋਂ ਰਾਹਤ ਪਹੁੰਚਾਈ ਜਾ ਸਕੇ। ਅਮਰੀਕਾ ਦੇ ਪਿਛਲੇ 50 ਸਾਲਾਂ ਦੇ ਇਤਿਹਾਸ ਵਿਚ ਪਹਿਲੀ ਵਾਰ ਰਾਖਵੇਂ ਭੰਡਾਰ ਵਿਚੋਂ ਏਨੀ ਵੱਡੀ ਪੱਧਰ 'ਤੇ ਤੇਲ ਜਾਰੀ ਕੀਤਾ ਗਿਆ ਹੈ। ਰੂਸ ਦੇ ਯਕਰੇਨ ਉਪਰ ਹਮਲੇ ਉਪਰੰਤ ਇਕ ਮਹੀਨੇ ਵਿਚ ਤਕਰੀਬਨ 1 ਡਾਲਰ ਪ੍ਰਤੀ ਗੈਲਨ ਗੈਸ ਦੀ ਕੀਮਤ ਵਿਚ ਵਾਧਾ ਹੋਇਆ ਹੈ ਤੇ ਇਸ ਸਮੇ ਪ੍ਰਤੀ ਗੈਲਨ ਔਸਤ ਕੀਮਤ 4।20 ਡਾਲਰ ਪ੍ਰਤੀ ਗੈਲਨ ਹੈ। ਕਈ ਖੇਤਰਾਂ ਵਿਚ ਤਾਂ ਇਸ ਤੋਂ ਵੀ ਵਧ ਕੀਮਤ ਹੈ। ਰੂਸ ਤੋਂ ਤੇਲ ਦੀ ਸਪਲਾਈ ਘਟਣ ਕਾਰਨ ਤੇਲ ਪੰਪਾਂ ਨੂੰ ਸਪਲਾਈ ਘੱਟ ਗਈ ਹੈ ਜਿਸ ਕਾਰਨ ਕੀਮਤ ਵਧ ਰਹੀ ਹੈ। ਰਾਸ਼ਟਰਪਤੀ ਨੇ ਕਿਹਾ ਕਿ ਇਹ ਸਮਾਂ ਅਮਰੀਕੀ ਪਰਿਵਾਰਾਂ ਨੂੰ ਰਾਹਤ ਦੇਣ ਦਾ ਹੈ। ਉਨਾਂ ਨੇ ਭਵਿੱਖਬਾਣੀ ਕੀਤੀ ਕਿ ਰਾਖਵੇਂ ਭੰਡਾਰ ਵਿਚੋਂ ਤੇਲ ਜਾਰੀ ਕਰਨ ਨਾਲ ਕੀਮਤ ਘਟੇਗੀ ਹਾਲਾਂ ਕਿ ਰਾਸ਼ਟਰਪਤੀ ਨੇ ਕਿਹਾ ਕਿ ਮੈ ਨਹੀਂ ਦਸ ਸਕਦਾ ਕਿ ਕਿੰਨੀ ਕੀਮਤ ਘਟੇਗੀ। ਰਾਸ਼ਟਰਪਤੀ ਨੇ ਤੇਲ ਦੇ ਮਾਮਲੇ ਵਿਚ ਹੋਰ ਦੇਸ਼ਾਂ ਨਾਲ ਵੀ ਗੱਲ ਕੀਤੀ ਹੈ ਤੇ ਉਹ ਇਨਾਂ ਦੇਸ਼ਾਂ ਨਾਲ ਤਾਲਮੇਲ ਕਰਕੇ ਤੇਲ ਦੀ ਪੂਰਤੀ ਕਰਨ ਦੇ ਯਤਨ ਵਿਚ ਹਨ। ਇਥੇ ਜਿਕਰਯੋਗ ਹੈ ਕਿ ਰਾਸ਼ਟਰਪਤੀ ਰੂਸ ਤੋਂ ਹਰ ਤਰਾਂ ਦੀ ਊਰਜਾ ਦੀ ਦਰਾਮਦ ਉਪਰ ਰੋਕ ਲਾਉਣ ਦਾ ਐਲਾਨ ਕਰ ਚੁੱਕੇ ਹਨ। ਪਹਿਲਾਂ ਵੀ ਰਾਸ਼ਟਰਪਤੀ ਨੇ ਪਿਛਲੇ ਸਾਲ ਨਵੰਬਰ ਵਿਚ ਕੀਮਤਾਂ ਘਟਾਉਣ ਦੇ ਮਕਸਦ ਨਾਲ ਰਾਖਵੇਂ ਭੰਡਾਰ ਵਿਚੋਂ 5 ਲੱਖ ਬੈਰਲ ਤੇਲ ਜਾਰੀ ਕਰਨ ਦਾ ਆਦੇਸ਼ ਦਿੱਤਾ ਸੀ। ਪਿਛਲੇ ਮਹੀਨੇ ਦੇ ਸ਼ੁਰੂ ਵਿਚ ਵੀ ਰਾਖਵੇਂ ਭੰਡਾਰ ਵਿਚੋਂ 3 ਲੱਖ ਬੈਰਲ ਤੇਲ ਜਾਰੀ ਕੀਤਾ ਸੀ।

# ਸੈਕਰਾਮੈਂਟੋ, ਕੈਲੀਫੋਰਨੀਆ ਵਿਚ ਹੋਈ ਗੋਲੀਬਾਰੀ ਦੇ ਮਾਮਲੇ ਵਿਚ ਇਕ ਵਿਅਕਤੀ ਗ੍ਰਿਫਤਾਰ, ਹੋਰ ਗ੍ਰਿਫਤਾਰੀਆਂ ਛੇਤੀ ਸੰਭਵ

**ਸੈਕਰਾਮੈਂਟੋ 5 ਅਪ੍ਰੈਲ–** ਪੁਲਿਸ ਨੇ ਕੈਲੀਫੋਰਨੀਆ ਦੀ ਰਾਜਧਾਨੀ ਸੈਕਰਾਮੈਂਟੋ ਵਿਚ ਬੀਤੇ ਦਿਨ ਤੜਕਸਾਰ ਹੋਈ ਗੋਲੀਬਾਰੀ ਜਿਸ ਵਿਚ 6 ਲੋਕ ਮਾਰੇ ਗਏ ਸਨ ਤੇ 12 ਹੋਰ ਜਖਮੀ ਹੋਏ ਸਨ, ਦੇ ਮਾਮਲੇ ਵਿਚ ਇਕ ਵਿਅਕਤੀ ਨੂੰ ਗ੍ਰਿਫਤਾਰ ਕੀਤਾ ਹੈ।

ਪੁਲਿਸ ਨੇ ਕਿਹਾ ਹੈ ਕਿ ਇਸ ਮਾਮਲੇ ਵਿਚ ਹੋਰ ਗ੍ਰਿਫਤਾਰੀਆਂ ਹੋਣ ਦੀ ਸੰਭਾਵਨਾ ਹੈ। ਸੈਕਰਾਮੈਂਟੋ ਪੁਲਿਸ ਨੇ ਕਿਹਾ ਹੈ ਕਿ ਡੰਡਰੇ ਮਾਰਟਿਨ (26) ਨੂੰ ਹਿਰਾਸਤ ਵਿਚ ਲੈ ਕੇ ਉਸ ਵਿਰੁੱਧ ਖਤਰਨਾਕ ਹਥਿਆਰ ਨਾਲ ਹਮਲਾ ਕਰਨ ਤੇ ਆਪਣੇ ਕੋਲ ਗੈਰਕਾਨੂੰਨੀ ਹਥਿਆਰ ਰਖਣ ਦੇ ਦੋਸ਼ ਲਾਏ ਗਏ ਹਨ। ਪੁਲਿਸ ਅਨੁਸਾਰ ਸੈਕਰਾਮੈਂਟੋ ਦੇ ਅੰਦਰਲੇ ਇਲਾਕੇ ਵਿਚ ਵਾਪਰੀ ਘਟਨਾ ਵਿਚ 100 ਤੋਂ ਵਧ ਗੋਲੀਆਂ ਚਲਾਈਆਂ ਗਈਆਂ। ਪੁਲਿਸ ਨੇ ਖੇਤਰ ਵਿਚਲੇ ਤਿੰਨ ਘਰਾਂ ਦੀ ਤਲਾਸ਼ੀ ਵੀ ਲਈ ਹੈ ਜਿਸ ਦੌਰਾਨ ਇਕ ਹੈਂਡਗੰਨ ਬਰਾਮਦ ਹੋਈ ਹੈ। ਪੁਲਿਸ ਨੇ ਕਿਹਾ ਹੈ ਕਿ ਮਾਰੇ ਗਏ ਲੋਕਾਂ ਦੀ ਪਛਾਣ ਹੋ ਗਈ ਹੈ । ਘਟਨਾ ਵਿਚ ਮਾਰੀਆਂ ਗਈਆਂ ਤਿੰਨ ਔਰਤਾਂ ਵਿਚ ਜੌਹਨਟਾਇਆ ਅਲੈਗਜੰਡਰ (21), ਮੇਲਿੰਡਾ ਡੇਵਿਸ (57) ਤੇ ਯਾਮੀਲ ਮਾਰਟਿਨਡ-ਅੰਡਰੇਡ (21) ਸ਼ਾਮਲ ਹਨ। ਮਾਰੇ ਗਏ 3 ਮਰਦਾਂ ਵਿਚ ਸਰਗੀਓ ਹੈਰਿਸ (38), ਜੋਸ਼ੂਆ ਹੋਇ ਲੂਚੈਸੀ (32) ਤੇ ਡੇਵਾਜ਼ੀਆ ਟਰਨਰ (29) ਸ਼ਾਮਿਲ ਹਨ। ਪੁਲਿਸ ਨੇ ਕਿਹਾ ਹੈ ਕਿ ਗੋਲੀਬਾਰੀ ਦੇ ਸੰਭਾਵੀ ਮਕਸਦ ਦਾ ਪਤਾ ਨਹੀਂ ਲੱਗਾ ਹੈ ਪਰੰਤੂ ਗੋਲੀਬਾਰੀ ਤੋਂ ਪਹਿਲਾਂ ਕੁਝ ਲੋਕਾਂ ਵਿਚਾਲੇ ਤਕਰਾਰ ਵੀ ਹੋਈ। ਇਹ ਤਕਰਾਰ ਤੋਂ ਬਾਅਦ ਅਚਨਚੇਤ ਵਾਪਰੀ ਘਟਨਾ ਵੀ ਹੋ ਸਕਦੀ ਹੈ।

# ਸੈਕਰਾਮੈਂਟੋ ਸਮੂਹਿਕ ਗੋਲੀਬਾਰੀ ਦੇ ਮਾਮਲੇ ਵਿਚ ਇਕ ਹੋਰ ਸ਼ੱਕੀ ਦੋਸ਼ੀ ਗ੍ਰਿਫਤਾਰ

**ਸੈਕਰਾਮੈਂਟੋ 6 ਅਪ੍ਰੈਲ–** ਲੰਘੇ ਐਤਵਾਰ ਕੈਲੀਫੋਰਨੀਆ ਦੀ ਰਾਜਧਾਨੀ ਸੈਕਰਾਮੈਂਟੋ ਦੇ ਅੰਦਰਲੇ ਖੇਤਰ ਵਿਚ ਸਮੂਹਿਕ ਗੋਲੀਬਾਰੀ ਦੀ ਵਾਪਰੀ ਘਟਨਾ ਜਿਸ ਵਿਚ 3 ਔਰਤਾਂ ਸਮੇਤ 6 ਵਿਅਕਤੀ ਮਾਰੇ ਗਏ ਸਨ ਤੇ 12 ਹੋਰ ਜ਼ਖਮੀ ਹੋਏ ਸਨ, ਸਬੰਧੀ ਪੁਲਿਸ ਨੇ ਦੂਸਰੇ ਸ਼ੱਕੀ ਦੋਸ਼ੀ 27 ਸਾਲਾ ਸਮਿਲੇ ਮਾਰਟਿਨ ਨੂੰ ਗ੍ਰਿਫਤਾਰ ਕੀਤਾ ਹੈ।

ਪੁਲਿਸ ਅਨੁਸਾਰ ਸਮਿਲੇ ਮਾਰਟਿਨ ਇਸ ਮਾਮਲੇ ਵਿਚ ਪਹਿਲਾਂ ਗ੍ਰਿਫਤਾਰ ਕੀਤੇ ਜਾ ਚੁੱਕੇ ਡੰਡਰੇ ਮਾਰਟਿਨ (26) ਦਾ ਭਰਾ ਹੈ।


# ਪੈਨਸਿਲਵੈਨੀਆ ਦੇ ਹਾਈ ਸਕੂਲ ਵਿਚ ਇਕ ਵਿਦਿਆਰਥੀ ਨੇ ਚਲਾਈ ਗੋਲੀ, ਇਕ ਜ਼ਖਮੀ


**ਸੈਕਰਾਮੈਂਟੋ 6 ਅਪ੍ਰੈਲ–** ਏਰੀ, ਪੈਨਸਿਲਵੈਨੀਆ ਦੇ ਇਕ ਹਾਈ ਸਕੂਲ ਵਿਚ ਵਿਦਿਆਰਥੀ ਨੇ ਗੋਲੀ ਚਲਾ ਕੇ ਇਕ ਵਿਦਿਆਰਥੀ ਨੂੰ ਜ਼ਖਮੀ ਕਰ ਦਿੱਤਾ। ਏਰੀ ਦੇ ਪਬਲਿਕ ਸਕੂਲ ਨੇ ਜਾਰੀ ਇਕ ਬਿਆਨ ਵਿਚ ਕਿਹਾ ਹੈ ਕਿ ਜ਼ਖਮੀ ਹੋਏ ਵਿਦਿਆਰਥੀ ਦੀ ਹਾਲਤ ਸਥਿੱਰ ਹੈ । ਏਰੀ ਪੁਲਿਸ ਵਿਭਾਗ ਦੇ ਉੱਪ ਮੁੱਖੀ ਮਾਈਕ ਨੋਲਨ ਨੇ ਦੱਸਿਆ ਕਿ ਸ਼ੱਕੀ ਦੋਸ਼ੀ ਵਿਦਿਆਰਥੀ ਵਿਰੁੱਧ ਮਾਮਲਾ ਦਰਜ ਕਰ ਲਿਆ ਗਿਆ ਹੈ। ਉਨਾਂ ਕਿਹਾ ਕਿ ਸ਼ੱਕੀ ਵਿਦਿਆਰਥੀ ਘਟਨਾ ਤੋਂ ਬਾਅਦ ਫਰਾਰ ਹੋ ਗਿਆ ਹੈ ਤੇ ਉਸ ਦੀ ਭਾਲ ਲਈ ਕਈ ਏਜੰਸੀਆਂ ਕੰਮ ਕਰ ਰਹੀਆਂ ਹਨ। ਨੋਲਨ ਅਨੁਸਾਰ ਸ਼ੱਕੀ ਵਿਦਿਆਰਥੀ ਨੇ ਗਿਣਮਿਥੇ ਕੇ ਆਪਣੇ ਸਾਥੀ ਵਿਦਿਆਰਥੀ ਨੂੰ ਨਿਸ਼ਾਨਾ ਬਣਾਇਆ ਹੈ ਤੇ ਇਹ ਅਚਨਚੇਤ ਵਾਪਰੀ ਘਟਨਾ ਨਹੀਂ ਹੈ। ਗੋਲੀ ਚੱਲਣ ਦੀ ਸੂਚਨਾ ਮਿਲਣ 'ਤੇ ਮਾਪਿਆਂ ਵਿਚ ਅਫਰਾ ਤਫਰੀ ਮਚ ਗਈ ਤੇ ਉਹ ਆਪਣੇ ਬੱਚਿਆਂ ਬਾਰੇ ਜਾਣਕਾਰੀ ਲੈਣ ਲਈ ਸਕੂਲ ਵੱਲ ਭੱਜੇ। ਫਿਲਹਾਲ ਸਕੂਲ ਨੂੰ ਬੰਦ ਕਰ ਦਿੱਤਾ ਗਿਆ ਹੈ। ਸ਼ਹਿਰ ਦੇ ਮੇਅਰ ਜੋ ਸ਼ੰਬਰ ਨੇ ਇਕ ਬਿਆਨ ਵਿਚ ਘਟਨਾ ਨੂੰ ਬਹੁਤ ਹੀ ਅਫਸੋਸਨਾਕ ਕਰਾਰ ਦਿੱਤਾ ਹੈ। ਉਨਾਂ ਨੇ ਵਿਦਿਆਰਥੀਆਂ, ਅਧਿਆਪਕਾਂ ਤੇ ਸਕੂਲ ਦੇ ਪ੍ਰਬੰਧਕਾਂ ਨੂੰ ਹਰ ਤਰਾਂ ਦੀ ਮੱਦਦ ਦੀ ਪੇਸ਼ਕਸ਼ ਕੀਤੀ ਹੈ। ਉਨਾਂ ਨੇ ਸਕੂਲਾਂ ਨੂੰ ਸੁਰੱਖਿਅਤ ਬਣਾਉਣ ਉਪਰ ਜੋਰ ਦਿੱਤਾ ਹੈ।

'ਦੇਸ਼ ਦੁਆਬਾ'
'ਅੰਬੇਦਕਰ ਟਾਈਮਜ਼'
ਆਨਲਾਈਨ ਪੜ੍ਹਨ ਲਈ ਕਲਿੱਕ ਕਰੋ:
www.deshdoaba.com
www.ambedkartimes.com

# ਸੈਕਰਾਮੈਂਟੋ ਵਿੱਚ ਬਾਰ ਅਤੇ ਨਾਈਟ ਕਲੱਬ ਬੰਦ ਹੋਣ ਦੌਰਾਨ ਐਤਵਾਰ ਤੜਕੇ ਇੱਕ ਸਮੂਹਿਕ ਗੋਲੀਬਾਰੀ ਵਿੱਚ ਛੇ ਲੋਕਾਂ ਦੀ ਮੌਤ ਹੋ ਗਈ ਅਤੇ 10 ਜ਼ਖਮੀ







**ਸੈਕਰਾਮੈਂਟੋ, ਕੈਲੀਫੋਰਨੀਆ (ਹੁਸਨ ਲੜੋਆ ਬੰਗਾ) –** ਕੈਲੀਫੋਰਨੀਆ ਦੀ ਰਾਜਧਾਨੀ ਸੈਕਰਾਮੈਂਟੋ ਵਿੱਚ ਬਾਰ ਅਤੇ ਨਾਈਟ ਕਲੱਬ ਬੰਦ ਹੋਣ ਦੌਰਾਨ ਐਤਵਾਰ ਤੜਕੇ 2 ਕੁ ਵਜੇ ਇੱਕ ਸਮੂਹਿਕ ਗੋਲੀਬਾਰੀ ਵਿੱਚ ਛੇ ਲੋਕਾਂ ਦੀ ਮੌਤ ਹੋ ਗਈ ਅਤੇ 10 ਜ਼ਖਮੀ ਹੋ ਗਏ ਅਤੇ ਕੈਲੀਫੋਰਨੀਆ ਰਾਜ ਦੀ ਰਾਜਧਾਨੀ ਵਿੱਚ ਪੁਲਿਸ ਦੋਸ਼ੀਆਂ ਦੀ ਭਾਲ ਵਿੱਚ ਜੁਟ ਗਈ ਹੈ। ਇਹ ਘਟਨਾ ਕੇ ਤੇ 10 ਸਟਰੀਟ ਤੇ ਵਾਪਰੀ ਜੋ ਗਵਰਨਰ ਹਾਊਸ ਤੇ ਨਜਦੀਕ ਹੀ ਪੈਂਦੀ ਹੈ। ਘਟਨਾ ਵਾਲੀ ਥਾਂ ਤੇ ਪੁਲੀਸ ਵਲੋਂ ਜਾਣ ਤੇ ਭਾਵੇ ਰੋਕਾਂ ਲਗਾਈਆਂ ਗਈਆਂ ਹਨ ਪਰ ਸੈਕਰਾਮੈਂਟੋ ਪੁਲਿਸ ਦੇ ਮੁਖੀ ਕੈਥੀ ਲੈਸਟਰ ਨੇ ਇੱਕ ਨਿਊਜ਼ ਕਾਨਫਰੰਸ ਵਿੱਚ ਕਿਹਾ ਕਿ ਪੁਲਿਸ ਕੈਪੀਟਲ ਤੋਂ ਦੋ ਬਲਾਕਾਂ ਵਿੱਚ ਦੁਪਹਿਰ 2 ਵਜੇ ਦੇ ਕਰੀਬ ਗਸ਼ਤ ਕਰ ਰਹੀ ਸੀ ਜਦੋਂ ਉਨ੍ਹਾਂ ਨੇ ਗੋਲੀਬਾਰੀ ਦੀ ਆਵਾਜ਼ ਸੁਣੀ ਅਤੇ ਮੌਕੇ 'ਤੇ ਪਹੁੰਚ ਗਏ। ਉਨ੍ਹਾਂ ਨੇ ਵੱਡੀ ਭੀੜ ਇਕੱਠੀ ਹੋਈ ਅਤੇ ਛੇ ਲੋਕ ਗਲੀ ਵਿੱਚ ਮਰੇ ਹੋਏ ਪਾਏ। ਹੋਰ 10 ਦੇ ਕਰੀਬ ਹਸਪਤਾਲ ਲਿਜਾਏ ਗਏ। ਉਨ੍ਹਾਂ ਦੇ ਹਾਲਾਤਾਂ ਬਾਰੇ ਕੋਈ ਜਾਣਕਾਰੀ ਨਹੀਂ ਦਿੱਤੀ ਗਈ। ਪੁਲੀਸ ਅਧਿਕਾਰੀਆਂ ਨੂੰ ਇਹ ਨਹੀਂ ਪਤਾ ਕਿ ਇਸ ਘਟਨਾ ਨੂੰ ਅੰਜਾਮ ਦੇਣ ਲਈ ਕਿੰਨੇ ਲੋਕ ਸ਼ਾਮਲ ਸਨ। ਪਰ ਗੋਲੀਬਾਰੀ ਤੋਂ ਥੋੜ੍ਹੀ ਦੇਰ ਬਾਅਦ, ਟਵਿੱਟਰ 'ਤੇ ਵੀਡੀਓ ਪੋਸਟ ਕੀਤਾ ਗਿਆ ਸੀ ਜਿਸ ਵਿੱਚ ਲੋਕਾਂ ਨੂੰ ਤੇਜ਼ ਗੋਲੀਬਾਰੀ ਦੀ ਆਵਾਜ਼ ਦੇ ਵਿਚਕਾਰ ਸੜਕ ਤੋਂ ਭੱਜਦੇ ਹੋਏ ਦਿਖਾਇਆ ਗਿਆ ਹੈ। ਚਸ਼ਮਦੀਦ ਮੈਡਲਿਨ ਵੁਡਾਰਡ, 17, ਨੇ ਕਿਹਾ ਕਿ ਉਸਨੇ ਗੋਲੀਬਾਰੀ ਦੇ ਵਿਚਕਾਰ ਗਲੀ ਵਿੱਚ ਭੀੜ ਨੂੰ ਖਿੰਡਦਿਆਂ ਦੇਖਿਆ। ਉਸਨੇ ਕਿਹਾ ਕਿ ਉਸਨੇ ਇੱਕ ਲੜਕੀ ਨੂੰ ਦੇਖਿਆ ਜਿਸ ਨੂੰ ਜ਼ਮੀਨ 'ਤੇ ਪਈ ਬਾਂਹ ਵਿੱਚ ਗੋਲੀ ਮਾਰੀ ਗਈ ਸੀ ਤੇ ਨੇੜਲੇ ਨਾਈਟ ਕਲੱਬ ਦੇ ਸੁਰੱਖਿਆ ਗਾਰਡ ਲੜਕੀ ਦੀ ਮਦਦ ਕਰਨ ਲਈ ਦੌੜੇ।

ਐਤਵਾਰ ਦੀ ਹਿੰਸਾ ਪਿਛਲੇ ਪੰਜ ਹਫ਼ਤਿਆਂ ਵਿੱਚ ਸੈਕਰਾਮੈਂਟੋ ਵਿੱਚ ਦੂਜੀ ਗੋਲੀਬਾਰੀ ਸੀ। 28 ਫਰਵਰੀ ਨੂੰ, ਇੱਕ ਪਿਤਾ ਨੇ ਇੱਕ ਮੁਲਾਕਾਤ ਦੌਰਾਨ ਇੱਕ ਚਰਚ ਵਿੱਚ ਆਪਣੀਆਂ ਤਿੰਨ ਧੀਆਂ, ਇੱਕ ਹੋਰ ਤੇ ਖੁਦ ਨੂੰ ਮਾਰ ਦਿੱਤਾ ਸੀ। ਡੇਵਿਡ ਮੋਰਾ, 39 ਅਰਧ-ਆਟੋਮੈਟਿਕ ਰਾਈਫਲ ਦੇ ਹਥਿਆਰ ਨਾਲ ਲੈਸ ਸੀ।


ਅੱਜ ਇੱਕ ਟਵੀਟ ਵਿੱਚ, ਸੈਕਰਾਮੈਂਟੋ ਦੇ ਮੇਅਰ ਡੈਰੇਲ ਸਟੇਨਬਰਗ ਨੇ ਵੱਧ ਰਹੀ ਬੰਦੂਕ ਹਿੰਸਾ ਦੀ ਨਿੰਦਾ ਕੀਤੀ, ਇਸਨੂੰ "ਸਾਡੇ ਸ਼ਹਿਰ, ਰਾਜ ਅਤੇ ਰਾਸ਼ਟਰ ਲਈ ਬਿਪਤਾ ਕਿਹਾ, ਅਤੇ ਮੈਂ ਇਸਨੂੰ ਘਟਾਉਣ ਲਈ ਸਾਰੀਆਂ ਕਾਰਵਾਈਆਂ ਦਾ ਸਮਰਥਨ ਕਰਦਾ ਹਾਂ।" ਉਸਨੇ ਕਿਹਾ ਕਿ ਅਜੇ ਮ੍ਰਿਤਕਾਂ ਅਤੇ ਜ਼ਖਮੀਆਂ ਦੀ ਗਿਣਤੀ ਕਰਨੀ ਮੁਸ਼ਕਲ ਹੈ।

ਕੈਲੀਫੋਨਰਨੀਆ ਦੇ ਗਵਰਨਰ ਗੇਵਿਨ ਨਿਊਜ਼ੋਮ ਨੇ ਇੱਕ ਬਿਆਨ ਵਿੱਚ ਕਿਹਾ ਕਿ ਉਨ੍ਹਾਂ ਦਾ ਪ੍ਰਸ਼ਾਸਨ ਕਾਨੂੰਨ ਲਾਗੂ ਕਰਨ ਦੇ ਨਾਲ ਨਾਲ ਇਸ ਘਟਨਾ ਤੇ ਮਿਲ ਕੇ ਕੰਮ ਕਰ ਰਿਹਾ ਹੈ। ਸੈਕਰਾਮੈਂਟੋ ਦੇ ਇਹ ਗੋਲੀਬਾਰੀ ਵਾਲੇ ਇਲਾਕੇ ਵਿੱਚ ਰੈਸਟੋਰੈਂਟ ਅਤੇ ਬਾਰ ਕਾਫੀ ਤਦਾਦ ਵਿੱਚ ਹਨ। ਨਾਈਟ ਕਲੱਬ 2 ਵਜੇ ਬੰਦ ਹੋ ਜਾਂਦੇ ਹਨ ਅਤੇ ਉਸ ਸਮੇਂ ਸੜਕਾਂ ਦਾ ਲੋਕਾਂ ਨਾਲ ਭਰਿਆ ਹੋਣਾ ਆਮ ਗੱਲ ਹੈ। ਸਾਰੇ ਗੰਭੀਰ ਫੱਟੜ ਲੋਕਾਂ ਨੂੰ ਯੂਸੀ ਡੇਵਿਸ ਮੈਡੀਕਲ ਸੈਂਟਰ ਡਾਊਨਟਾਊਨ ਦਾਖਲ ਕਰਵਾਇਆ ਗਿਆ ਹੈ।



# ਨਿਊਯਾਰਕ 'ਚ ਬਜ਼ੁਰਗ ਸਿੱਖ 'ਤੇ ਨਸਲੀ ਹਮਲਾ

**ਨਿਊਯਾਰਕ–** ਬੀਤੇ ਐਤਵਾਰ ਇਥੋਂ ਦੇ ਰਿਚਮੰਡ ਹਿੱਲ ਕਵੀਨਜ਼ ਵਿਚ ਗੁਰੂ ਘਰ ਸਿੱਖ ਕਲਚਰਲ ਸੋਸਾਇਟੀ ਦੇ ਰਸਤੇ 'ਤੇ ਸਵੇਰ ਨੂੰ ਪੈਦਲ ਗੁਰਦੁਆਰੇ ਜਾ ਰਹੇ ਇਕ ਬਜ਼ੁਰਗ ਸਿੱਖ ਨਿਰਮਲ ਸਿੰਘ 'ਤੇ ਹਮਲਾ ਹੋਇਆ। ਕਿਸੇ ਅਣਪਛਾਤੇ ਵਿਅਕਤੀ ਨੇ ਪਿੱਛੇ ਤੋਂ ਆ ਕੇ ਉਸ ਦੇ ਮੂੰਹ 'ਤੇ ਮਾਰਿਆ, ਜਿਸ ਕਾਰਨ ਉਹ ਜ਼ਮੀਨ 'ਤੇ ਡਿੱਗ ਗਿਆ। ਇਸ ਸੰਬੰਧ ਵਿਚ ਸਿੱਖ ਕਲਚਰਲ ਸੁਸਾਇਟੀ ਰਿਚਮੰਡ ਹਿੱਲ ਨਿਊਯਾਰਕ ਦੀ ਪਬਲਿਕ ਪਾਲਿਸੀ ਦੇ ਚੇਅਰਮੈਨ ਹਰਪ੍ਰੀਤ ਸਿੰਘ ਤੂਰ ਨੇ ਪੀੜਤ ਦਾ ਅੰਗਰੇਜ਼ੀ ਵਿਚ ਅਨੁਵਾਦ ਕੀਤਾ ਕਿਉਂਕਿ ਪੀੜ੍ਹਤ ਨੂੰ ਅੰਗਰੇਜ਼ੀ ਨਹੀਂ ਆਉਂਦੀ। ਤੂਰ ਦਾ ਮੰਨਣਾ ਹੈ ਕਿ 70 ਸਾਲ ਦੀ ਉਮਰ ਦੇ ਬਜ਼ੁਰਗ 'ਤੇ ਉਸ ਦੀ ਦਿੱਖ ਕਾਰਨ ਹਮਲਾ ਹੋਇਆ ਹੈ। ਸਿਰਫ਼ ਇਸ ਲਈ ਕਿ ਸਿੱਖ ਵੱਖਰੇ ਦਿਖਾਈ ਦਿੰਦੇ ਹਨ। ਪੀੜ੍ਹਤ ਬਜ਼ੁਰਗ ਜੋ ਕੈਨੇਡਾ ਤੋਂ ਸਿਰਫ਼ ਦੋ ਕੁ ਹਫ਼ਤੇ ਪਹਿਲਾਂ ਨਿਊਯਾਰਕ ਆਇਆ ਸੀ ਅਤੇ ਇਹ ਪਹਿਲੀ ਵਾਰ ਹੈ ਜਦੋਂ ਉਹ ਨਿਊਯਾਰਕ ਆ ਰਿਹਾ ਹੈ। ਚੇਅਰਮੈਨ ਤੂਰ ਨੇ ਕਿਹਾ ਕਿ ਸਾਡੇ ਚਾਚੇ, ਸਾਡੇ ਮਾਤਾ-ਪਿਤਾ, ਉਹ ਗੁਰੂ ਘਰ ਵਿਚ ਅਰਦਾਸ ਕਰਨ ਲਈ ਆ ਰਹੇ ਹਨ ਤੇ ਹੁਣ ਉਹ ਡਰ ਮਹਿਸੂਸ ਕਰ ਰਹੇ ਹਨ। ਸ਼ਹਿਰ ਦੇ ਮਨੁੱਖੀ ਅਧਿਕਾਰਾਂ ਦੇ ਕਮਿਸ਼ਨਰ ਸਿੱਖ ਆਗੂ ਗੁਰਦੇਵ ਸਿੰਘ ਕੰਗ ਨੇ ਇਸ ਸੰਬੰਧ ਵਿਚ ਮੇਅਰ ਐਰਿਕ ਐਡਮਜ਼ ਤੇ ਐਨਵਾਈਪੀਡੀ ਦੇ ਕਮਿਸ਼ਨਰ ਕੀਚੈਂਟ ਸੇਵੇਲ ਨੂੰ ਇਸ ਮਾਮਲੇ ਦੀ ਜਾਂਚ ਕਰਨ ਲਈ ਬੁਲਾਇਆ ਹੈ। ਇਸ ਖੇਤਰ ਵਿੱਚ ਇਹ ਕੋਈ ਪਹਿਲੀ ਘਟਨਾ ਨਹੀਂ ਹੈ। ਇਸ ਤੋਂ ਪਹਿਲਾਂ ਵੀ ਅਜਿਹਾ ਹੋਇਆ ਹੈ। ਤੂਰ ਨੇ ਕਿਹਾ ਸਾਨੂੰ ਉਮੀਦ ਹੈ ਕਿ ਹਮਲੇ ਦੀ ਜਾਂਚ ਨਫ਼ਰਤੀ ਅਪਰਾਧ ਵਜੋਂ ਕੀਤੀ ਜਾਵੇਗੀ ਤੇ ਦੋਸ਼ੀ ਵਿਅਕਤੀ ਜਲਦ ਫੜਿਆ ਜਾਵੇਗਾ।



Read more: www.ambedkartimes.com

# 'ਚੜ੍ਹਦੀ ਕਲਾ ਨਿਊਜ਼ ਗਰੁੱਪ' ਦੇ ਹਰਜੀਤ ਸਿੰਘ ਦਾ ਅੰਤਮ ਸੰਸਕਾਰ 10 ਅਪ੍ਰੈਲ ਨੂੰ

**ਸੈਕਰਾਮੈਂਟੋ, (ਹੁਸਨ ਲੜੋਆ ਬੰਗਾ)–** 'ਚੜ੍ਹਦੀ ਕਲਾ ਨਿਊਜ਼ ਗਰੁੱਪ' ਦੇ ਕੈਲੀਫੋਰਨੀਆਂ ਸਥਿਤ ਕਰਤਾ ਧਰਤਾ ਸ।



ਹਰਜੀਤ ਸਿੰਘ ਬੀਤੇ ਦਿਨੀਂ ਸਾਹਾਂ ਦਾ ਸਮਾਂ ਭੋਗਦਿਆਂ ਬੇਵਕਤ ਵਿਛੋੜਾ ਦੇ ਗਏ ਸਨ ਉਨਾਂ ਦਾ ਅੰਤਮ ਸੰਸਕਾਰ 10 ਅਪ੍ਰੈਲ ਸ਼ਾਮ 3 ਵਜੇ ਤੋਂ 5 ਵਜੇ ਤੱਕ ਗਰੀਨਲਾਅਨ ਫੀਊਨਰਲ ਹੋਮ ਸਾਊਥਵੈਸਟ 2739 ਪਨਾਮਾ ਲੇਨ ਬੇਕਰਸਫੀਲਡ ਚ ਕੀਤਾ ਜਾ ਰਿਹਾ ਹੈ। ਇਸ ਤੋਂ ਬਾਅਦ ਅੰਤਮ ਅਰਦਾਸ ਗੁਰਦੁਆਰਾ ਸ਼ਹੀਦ ਬਾਬਾ ਦੀਪ ਸਿੰਘ ਜੀ ਖਾਲਸਾ ਦਰਬਾਰ 6700 ਸਟੀਨ ਰੋਡ ਬੈਕਰਸਫੀਲਡ ਵਿਖੇ ਸ਼ਾਮ 5 ਵਜੇ ਤੋਂ 7 ਵਜੇ ਤੱਕ ਹੋਵੇਗੀ। ਵਰਨਣਯੋਗ ਹੈ ਕਿ ਭਾਈ ਸਾਹਿਬ ਲੰਮੇ ਸਮੇਂ ਤੋਂ ਬੇਕਸਰਸਫੀਲਡ (ਕੈਲੇਫੋਰਨੀਆ) ਰਹਿ ਰਹੇ ਸਨ ਅਤੇ ਉਹ ਅਮਰੀਕਾ ਤੇ ਕਨੇਡਾ ਚ ਮੁਢਲੀਆਂ ਅਖਬਾਰਾਂ ਚੋਂ ਛਪਦੀ ਚੜ੍ਹਦੀ ਕਲਾ ਅਖ਼ਬਾਰ ਨਾਲ 1998 ਤੋਂ ਜੁੜੇ ਹੋਏ ਸਨ। ਆਪ ਦਾ ਜੱਦੀ ਪਿੰਡ ਮਨਸੂਰਪੁਰ ਨਜ਼ਦੀਕ ਬੜਾ ਪਿੰਡ, ਗੁਰਾਇਆ ਸੀ ਪਰ ਆਪ ਲੰਬਾ ਸਮਾਂ ਨੂਰਪੁਰ ਨਜ਼ਦੀਕ ਬਹਿਰਾਮ, ਬੰਗਾ ਰਹੇ। ਸ। ਹਰਜੀਤ ਸਿੰਘ ਜੀ ਲਗਭਗ 30 ਤੋਂ ਅਮਰੀਕਾ ਵਿੱਚ ਰਹਿ ਰਹੇ ਸਨ। ਉਹ ਵੱਧ ਚੜ ਕੇ ਪੰਥਕ ਕਾਰਜਾਂ 'ਚ ਹਿੱਸਾ ਪਾਉਂਦੇ ਸਨ। ਪਰ ਕੁਝ ਸਾਲਾਂ ਤੋਂ ਹਾਈ ਬਲੱਡ ਪਰੈਸ਼ਰ ਅਤੇ ਦਿਲ ਦੀਆਂ ਬਿਮਾਰੀਆਂ ਤੋਂ ਪੀੜਤ ਸਨ, ਰਾਤ ਸੁੱਤੇ ਪਏ ਹੀ ਅਕਾਲ ਚਲਾਣਾ ਕਰ ਗਏ। ਉਹ ਅਪਾਣੇ ਪਿਛੇ ਆਪਣੀ ਪਤਨੀ ਤੋਂ ਇਲਾਵਾ ਬੇਟੀਆਂ, ਬੇਟਾ ਛੱਡ ਗਏ। ਪੰਥਕ ਹਲਕਿਆਂ ਤੇ ਅਮਰੀਕਾ ਵਿਚਲੇ ਪੱਤਰਕਾਰ ਭਾਈਚਾਰੇ ਵਲੋਂ ਗਹਿਰੇ ਦੁੱਖ ਦਾ ਇਜਹਾਰ ਕੀਤਾ ਗਿਆ ਹੇ।

'ਦੇਸ਼ ਦੁਆਬਾ'
'ਅੰਬੇਦਕਰ ਟਾਈਮਜ਼'
ਆਨਲਾਈਨ ਪੜ੍ਹਨ ਲਈ ਕਲਿੱਕ ਕਰੋ:
www.deshdoaba.com
www.ambedkartimes.com

# ਬਾਬਾ ਸਾਹਿਬ ਡਾ: ਅੰਬੇਡਕਰ ਦਾ ਜਨਮ ਦਿਵਸ ਵਿਸ਼ਾਲ ਪੱਧਰ ਤੇ ਮਨਾਇਆ ਜਾਵੇਗਾ, ਪ੍ਰਮੁੱਖ ਬੁਧੀਜੀਵੀ ਦੇਣਗੇ ਵਿਸ਼ੇਸ਼ ਜਾਣਕਾਰੀਆਂ

**ਜਲੰਧਰ–** ਅੰਬੇਡਕਰ ਮਿਸ਼ਨ ਸੋਸਾਟੀ ਪੰਜਾਬ (ਰਜਿ।) ਦੀ ਕਾਰਜਕਾਰਨੀ ਕਮੇਟੀ ਦੀ ਮੀਟਿੰਗ ਸੋਸਾਇਟੀ ਦੇ ਪ੍ਰਧਾਨ ਸੋਹਨ ਲਾਲ ਸਾਬਕਾ ਡੀ ਪੀ ਆਈ (ਕਾਲਜਾਂ) ਦੀ ਪ੍ਰਧਾਨਗੀ ਹੇਠ ਅੰਬੇਡਕਰ ਭਵਨ ਜਲੰਧਰ ਵਿਖੇ ਹੋਈ। ਮੀਟਿੰਗ ਵਿਚ ਭਾਰਤ ਰਤਨ ਬਾਬਾ ਸਾਹਿਬ ਡਾ। ਭੀਮ ਰਾਓ ਅੰਬੇਡਕਰ ਦਾ ਜਨਮ ਦਿਨ 14 ਅਪ੍ਰੈਲ 2022 ਨੂੰ, ਬੜੀ ਸ਼ਰਧਾਪੂਰਵਕ, ਬਾਬਾ ਸਾਹਿਬ ਦੀ ਚਰਨ ਛੋਹ ਪ੍ਰਾਪਤ ਭੂਮੀ, ਅੰਬੇਡਕਰ ਭਵਨ, ਜਲੰਧਰ ਵਿਖੇ ਵਿਸ਼ਾਲ ਪੱਧਰ ਤੇ ਮਨਾਉਣ ਦਾ ਫੈਸਲਾ ਕੀਤਾ ਗਿਆ। ਪ੍ਰਮੁੱਖ ਬੁਧੀਜੀਵੀ ਸ਼੍ਰੀ ਅਸ਼ੋਕ ਸਹੋਤਾ ਲੈਕਚਰਰ (ਐਮ ਏ ਇੰਗਲਿਸ਼, ਪਾਲਿਟਿਕਲ ਸਾਈਂਸ ਤੇ ਪੰਜਾਬੀ), ਡਾ ਜੀ ਸੀ ਕੌਲ ਐਮਏ ਪੀਐਚ ਡੀ ਸਾਬਕਾ ਐਚਓਡੀ ਪੰਜਾਬੀ ਵਿਭਾਗ, ਡੀਏਵੀ ਕਾਲਜ ਜਲੰਧਰ ਅਤੇ ਜਨਰਲ ਸਕੱਤਰ ਅੰਬੇਡਕਰ ਭਵਨ ਟਰੱਸਟ, ਅਤੇ ਜਸਵਿੰਦਰ ਵਰਿਆਣਾ ਸੂਬਾ ਪ੍ਰਧਾਨ ਆਲ ਇੰਡੀਆ ਸਮਤਾ ਸੈਨਿਕ ਦਲ (ਰਜਿ) ਪੰਜਾਬ ਯੂਨਿਟ ਨੂੰ ਮੁਖ




ਬੁਲਾਰਿਆਂ ਵਜੋਂ ਬੁਲਾਉਣ ਦਾ ਫੈਸਲਾ ਕੀਤਾ ਗਿਆ। ਉੱਘੇ ਅੰਬੇਡਕਰੀ, ਲੇਖਕ, ਚਿੰਤਕ ਤੇ ਸੰਪਾਦਕ ਭੀਮ ਪਤ੍ਰਿਕਾ ਸ਼੍ਰੀ ਲਾਹੌਰੀ ਰਾਮ ਬਾਲੀ ਨੂੰ ਸਮਾਗਮ ਦੀ ਪ੍ਰਧਾਨਗੀ ਕਰਨਗੇ। ਮੀਟਿੰਗ ਉਪਰੰਤ ਸੋਸਾਇਟੀ ਵੱਲੋਂ ਪਬਲਿਕ ਲਈ ਸੱਦਾ ਪੱਤਰ ਜਾਰੀ ਕਰਕੇ ਸਭ ਨੂੰ 14 ਅਪ੍ਰੈਲ ਨੂੰ ਸਵੇਰੇ 10 ।00 ਵਜੇ ਹੁੱਮ ਹਮਾ ਕੇ ਪਹੁੰਚਣ ਦੀ ਅਪੀਲ ਕੀਤੀ ਗਈ। ਸਮਾਗਮ ਨੂੰ ਅੰਬੇਡਕਰ ਭਵਨ ਟਰੱਸਟ ਜਲੰਧਰ ਅਤੇ ਆਲ ਇੰਡੀਆ ਸਮਤਾ ਸੈਨਿਕ ਦਲ (ਰਜਿ) ਪੰਜਾਬ ਯੂਨਿਟ ਵੱਲੋਂ ਵਿਸ਼ੇਸ਼ ਸਹਿਯੋਗ ਦਿੱਤਾ ਜਾ ਰਿਹਾ ਹੈ। ਮਿਸ਼ਨਰੀ ਕਲਾਕਾਰ ਜਗਤਾਰ ਵਰਿਆਣਵੀ ਤੇ ਪਾਰਟੀ ਗੀਤ-ਸੰਗੀਤ ਪੇਸ਼ ਕਰਨਗੇ। ਅੰਬੇਡਕਰੀ ਤੇ ਤਰਕਸ਼ੀਲ ਸਾਹਿਤ ਦੇ ਬੁਕ ਸਟਾਲਾਂ ਦਾ ਪ੍ਰਬੰਧ ਵੀ ਕੀਤਾ ਜਾਵੇਗਾ। ਇਸ ਮੌਕੇ ਮੀ ਟਿੰਗ ਵਿਚ ਸਰਵ ਸ਼੍ਰੀ ਲਾਹੌਰੀ ਰਾਮ ਬਾਲੀ, ਬਲਦੇਵ ਰਾਜ ਭਾਰਦਵਾਜ, ਜਸਵਿੰਦਰ ਵਰਿਆਣਾ, ਮੈਡਮ ਸੁਦੇਸ਼ ਕਲਿਆਣ, ਐਡਵੋਕੇਟ ਪਰਮਿੰਦਰ ਸਿੰਘ ਖੁੱਤਣ, ਰਾਜ ਕੁਮਾਰ ਵਰਿਆਣਾ ਅਤੇ ਐਡਵੋਕੇਟ ਕੁਲਦੀਪ ਭੱਟੀ ਆਦਿ ਹਾਜ਼ਰ ਸਨ। ਇਹ ਜਾਣਕਾਰੀ ਅੰਬੇਡਕਰ ਮਿਸ਼ਨ ਸੋਸਾਇਟੀ ਪੰਜਾਬ (ਰਜਿ।) ਦੇ ਜਨਰਲ ਸਕੱਤਰ ਬਲਦੇਵ ਰਾਜ ਭਾਰਦਵਾਜ ਨੇ ਇੱਕ ਪ੍ਰੈਸ ਬਿਆਨ ਵਿਚ ਦਿੱਤੀ।

# ਸੁਨੀਲ ਜਾਖੜ ਦੇ ਬਿਆਨ ਦੀ ਐਸ ਸੀ ਭਾਈਚਾਰੇ ਵੱਲੋਂ ਜ਼ੋਰਦਾਰ ਨਿੰਦਿਆ

## ਬਿਆਨਬਾਜ਼ੀ ਨੂੰ ਭੁਗਤਣਾ ਪੈ ਸਕਦਾ ਵੱਡਾ ਖਾਮਿਆਜ਼ਾ - ਦਰਸ਼ਨ ਸਹੋਤਾ

**ਜੈਤੋ 6 ਅਪ੍ਰੈਲ (ਹੁਕਮ ਚੰਦ)** ਕਾਂਗਰਸ ਪਾਰਟੀ ਦੇ ਸੀਨੀਅਰ ਆਗੂ ਸਾਬਕਾ ਸੁਨੀਲ ਜਾਖੜ ਦਾ ਜੋ ਦਲਿਤਾਂ ਨੂੰ ਸਿਰ ਬੈਠਾਣ ਦਾ ਬਿਆਨ ਆਇਆ ਮੈਂ ਦਰਸ਼ਨ ਸਿੰਘ ਸਹੋਤਾ ਪ੍ਰਧਾਨ ਕਾਂਗਰਸ ਪਾਰਟੀ ਜ਼ਿਲ੍ਹਾ ਫ਼ਰੀਦਕੋਟ ਨੇ ਜ਼ੋਰਦਾਰ ਨਿ-ਦਿਆ ਕਰਦਾ ਹਾਂ। ਅਤੇ ਸੁਨੀਲ ਜਾਖੜ ਨੂੰ ਦੱਸਣਾ ਚਾਹੁੰਦਾ ਹਾਂ ਕਿ ਹੁਣ ਐਸੀ ਸਮਾਜ ਜਾਗ ਪਿਆ ਜਰਨਲ ਸਮਾਜ ਦੇ ਸਾਰੇ ਅਹੁਦੇਦਾਰਾਂ ਨੂੰ ਬੇਨਤੀ ਹੈ ਕਿ ਪੁਠੇ ਸਿੱਧੇ ਬਿਆਨਬਾਜ਼ੀ ਦੋ ਗੁਰੇਜ਼ ਕਰਨ ਕਿਉਂਕਿ ਮਾਨਸ ਕੀ ਜਾਤ ਸਬੈ ਏਕੈ ਪਹਿਚਾਨਬੋ ਦੇ ਸ਼ਬਦ ਨੂੰ ਜਾਣ ਲੈਣਾ



ਚਾਹੀਦਾ ਹੈ। ਮੈਂ ਜਾਖੜ ਨੂੰ ਦੱਸਣਾ ਚਾਹੁੰਦਾ ਹਾਂ ਕਿ ਹੁਣ ਤੱਕ ਪਹਿਲਾਂ ਜਿੰਨੀਆਂ ਸਰਕਾਰਾਂ ਬਣੀਆਂ ਹਨ।

ਮੈਂ ਜਾਖੜ ਨੂੰ ਦੱਸਣਾ ਚਾਹੁੰਦਾ ਹਾਂ ਹੁਣ ਤੱਕ ਅਸੀਂ ਹੀ ਤੁਹਾਨੂੰ ਰਾਜੇ ਮਹਾਰਾਜੇ ਬਣਾਇਆ ਹੈ ਪਰ ਜੇ 75 ਸਾਲਾਂ ਬਾਅਦ ਇੱਕ ਮੌਕਾ ਮਿਲਿਆ ਤਾਂ ਤੁਹਾਡੇ ਢਿੱਡ ਪੀੜ ਹੋਣ ਲੱਗ ਪਈ ਤੇ ਸਿਰ ਤੇ ਬਿਠਾਉਣ ਦੀਆਂ ਗੱਲਾਂ ਕਰਨ ਲੱਗ ਪਏ। ਕਿਉਂਕਿ ਇਸ ਪਹਿਲਾ ਕਾਂਗਰਸ ਪਾਰਟੀ ਦੀਆਂ ਪੰਜਾਬ ਵਿਧਾਨ ਸਭਾ ਦੀਆਂ 18 ਸੀਟਾਂ ਆਉਣੀਆ ਇਹ ਪੰਜਾਬ ਦੇ ਸਾਬਕਾ ਮੁੱਖ ਮੰਤਰੀ ਚਰਨਜੀਤ ਸਿੰਘ ਦੀ ਬਦੌਲਤ ਕਾਂਗਰਸ ਪਾਰਟੀ ਦੀ ਹੋਂਦ ਬਚੀ ਹੈਂ।

# ਸੁਨੀਲ ਜਾਖੜ ਦੀ ਭੱਦੀ ਅਤੇ ਅਪਮਾਨਜਨਕ ਸ਼ਬਦਾਵਲੀ ਕਾਂਗਰਸ ਪਾਰਟੀ ਸਮੂਹ ਐਸ ਸੀ ਭਾਈਚਾਰੇ ਤੋਂ ਮੰਗੇ ਮੁਆਫੀ

ਕਾਂਗਰਸ ਪਾਰਟੀ ਦੇ ਸਾਬਕਾ ਪ੍ਰਧਾਨ ਸੁਨੀਲ ਜਾਖੜ ਵਲੋਂ SC ਨੇਤਾ ਨੂੰ ਪੈਰ ਦੀ ਜੁੱਤੀ ਦੱਸਣਾ ਅਤੇ ਇਹ ਕਹਿਣਾ ਕਿ ਪੈਰ ਦੀ ਜੁੱਤੀ ਪੈਰ ਵਿੱਚ ਚੰਗੀ ਲਗਦੀ ਹੈ ਤੇ ਸਿੰਘਾਸਨ ਤੇ ਉਸਨੂੰ ਬਿਠਾਉਂਣਾ ਗਲਤ ਫ਼ੈਸਲਾ ਸੀ - ਪੂਰੇ SC ਸਮਾਜ ਦਾ ਅਪਮਾਨ ਹੈ, SC ਸਮਾਜ ਦੀ ਇਸ ਬੇਇਜ਼ਤੀ ਲਈ ਕਾਂਗਰਸ ਪਾਰਟੀ ਮੁਆਫ਼ੀ ਮੰਗੇ ਅਤੇ ਸੁਨੀਲ ਜਾਖੜ ਤੇ ਕਾਰਵਾਈ ਕੀਤੀ ਜਾਵੇ।

**- ਰਾਜੇਸ਼ ਬਾਘਾ**
**ਜਰਨਲ ਸਕੱਤਰ**
**ਭਾਜਪਾ ਪੰਜਾਬ**









# ਪ੍ਰਵਾਸੀ ਲੇਖਕ ਅਤੇ ਸੰਪਾਦਕ ਦਰਸ਼ਨ ਢਿੱਲੋਂ ਦਾ ਸਨਮਾਨ ਅਤੇ ਬੁਕ ਰੀਲੀਜ਼ ਸਮਾਰੋਹ

ਮਾਂ ਬੋਲੀ ਪੰਜਾਬੀ ਦੀ ਸੇਵਾ ਕਰ ਰਹੇ ਵਿਦੇਸ਼ ਰਹਿੰਦੇ ਸਾਹਿਤਕਾਰਾਂ ਦੀ ਸਥਾਨਿਕ ਸਾਹਿਤਕਾਰਾਂ ਅਤੇ ਪਾਠਕਾਂ ਨਾਲ ਸਾਂਝ ਪਵਾਉਣ ਦੀ ਚੱਲ ਰਹੀ ਲੜੀ ਨੂੰ ਅੱਗੇ ਤੋਰਦਿਆ ਪੇਂਡੂ ਸਾਹਿਤ ਸਭਾ (ਰਜਿ) ਬਾਲਿਆਂਵਾਲੀ ਨੇ ਕਵੀਸ਼ਰ ਮਾਘੀ ਸਿੰਘ ਗਿੱਲ ਯਾਦਗਾਰੀ ਲਾਇਬਰੇਰੀ ਵਿਖੇ ਪ੍ਰਵਾਸੀ ਲੇਖਕ ਦਰਸ਼ਨ ਸਿੰਘ ਢਿੱਲੋਂ (ਯੂਕੇ) ਜੋ ਕਿ 'ਚਰਚਾ ਕੌਮਾਂਤਰੀ' ਮੈਗਜ਼ੀਨ ਦੇ ਸੰਪਾਦਕ ਵੀ ਹਨ, ਦਾ ਰੂ-ਬ-ਰੂ 'ਤੇ ਸਨਮਾਨ ਅਤੇ ਪੁਸਤਕ ਲੋਕ-ਅਰਪਣ ਸਮਾਰੋਹ ਕਰਵਾਇਆ। ਪੰਜਾਬੀ ਸਾਹਿਤ ਸਭਾ ਬਠਿੰਡਾ ਦੇ ਸਰਪ੍ਰਸਤ, ਵਿਦਵਾਨ ਆਲੋਚਕ ਗੁਰਦੇਵ ਸਿੰਘ ਜੀ ਦੀ ਪ੍ਰਧਾਨਗੀ 'ਚ ਚੱਲੇ ਇਸ ਪ੍ਰੋਗਰਾਮ ਮੌਕੇ ਮੰਚ ਤੇ ਮੁੱਖ ਮਹਿਮਾਨ ਦਰਸ਼ਨ ਸਿੰਘ ਢਿਲੋਂ ਤੋਂ ਇਲਾਵਾ ਸੁਰਿੰਦਰਪ੍ਰੀਤ ਘਣੀਆ ਪ੍ਰਧਾਨ ਸਾਹਿਤ ਸਿਰਜਣਾ ਮੰਚ ਬਠਿੰਡਾ ਤੇ ਸਲਾਹਕਾਰ ਜਗਮੇਲ ਸਿੰਘ ਜਠੌਲ, ਅਤੇ ਬਾਲਿਆਂਵਾਲੀ ਸਭਾ ਦੇ ਪ੍ਰਧਾਨ ਜੀਤ ਸਿੰਘ ਚਹਿਲ ਵੀ ਹਾਜ਼ਰ ਸਨ।ਸਮਾਗਮ ਦੇ ਸ਼ੁਰੂ ਵਿੱਚ ਸਭਾ ਦੇ ਜਨਰਲ ਸਕੱਤਰ ਸੁਖਦਰਸ਼ਨ ਗਰਗ ਨੇ ਆਏ ਹੋਏ ਮਹਿਮਾਨਾਂ ਨੂੰ ਜੀ ਆਇਆਂ ਕਿਹਾ ਅਤੇ ਪਿੱਛੇ ਜਿਹੇ ਵਿਛੁੜ ਗਏ ਸਾਹਿਤਕਾਰਾਂ ਨੂੰ ਸ਼ਰਧਾਜ਼ਲੀ ਭੇਂਟ ਕੀਤੀ। ਇਸ ਮੌਕੇ ਪੱਤਰਕਾਰ ਤੇ ਲੇਖਕ ਬਲਵਿੰਦਰ ਸਿੰਘ ਭੁੱਲਰ ਦੀ ਪੁਸਤਕ 'ਸ਼ਾਇਰ ਉਦਾਸ ਹੈ' ਅਤੇ ਡਾ।ਬਲਜਿੰਦਰ ਤੇ ਡਾ ਅਜੀਤਪਾਲ ਸਿੰਘ ਦੀ ਪੁਸਤਕ 'ਕੌਮਾਂਤਰੀ' ਭਾਰਤ ਦੀ ਜਾਤੀਪਾਤੀ ਵਿਵਸਥਾ ਦਾ ਵਿਗਿਆਨਿਕ ਵਿਸ਼ਲੇਸ਼ਣ', ਵਿਅੰਗਕਾਰ ਮੰਗਤ ਕੁਲਜਿੰਦ (ਯੂਐਸਏ) ਦੀ ਵਿਅੰਗ ਪੁਸਤਕ 'ਕਲੀਨ ਚਿੱਟ ਦੇ ਦਿਓ ਜੀ' ਅਤੇ 'ਚਰਚਾ ਕੌਮਾਂਤਰੀ' ਮੈਗਜੀਨ ਲੋਕ ਅਰਪਣ ਕੀਤੇ ਗਏ। ਲੋਕ ਅਰਪਣ ਕੀਤੀਆਂ ਗਈਆਂ ਪੁਸਤਕਾਂ ਦੇ 'ਵਿਸ਼ੇ ਅਤੇ ਕਲਾ ਪੱਖਾਂ' ਉਪਰ ਚਰਚਾ ਕਰਦਿਆਂ ਵਿਦਵਾਨ ਸਾਹਿਤਕਾਰਾਂ ਅਜਮੇਰ ਦੀਵਾਨਾ, ਗੁਰਦੇਵ ਖੋਖਰ, ਸੁਖਦਰਸ਼ਨ ਗਰਗ, ਮਾ ਜਗਨਨਾਥ ਅਤੇ ਡਾ।ਬਲਜਿੰਦਰ ਆਦਿ ਨੇ ਸਮਾਜ ਲਈ ਇਹਨਾਂ ਦੀ ਸਾਰਥਿਕਤਾ ਦਾ ਵਿਸ਼ਲੇਸ਼ਣ ਕੀਤਾ।



ਰੂਬਰੂ ਮੌਕੇ ਦਰਸ਼ਨ ਢਿੱਲੋਂ ਨੇ ਆਪਣੇ ਬਚ ਪਨ ਤੋਂ ਲੈ ਕੇ ਹੁਣ ਤੱਕ ਦੀਆਂ ਯਾਦਾਂ ਸਾਂਝੀਆਂ ਕੀਤੀਆਂ, ਸਾਹਿਤ ਦੇ ਖੇਤਰ ਵਿੱਚ ਪ੍ਰਾਪਤੀਆਂ ਦਾ ਜ਼ਿਕਰ ਕੀਤਾ, ਅੰਤਰਰਾਸ਼ਟਰੀ ਰਾਜਨੀਤੀ ਤੇ ਆਪਣੇ ਵਿਚਾਰ ਪੇਸ਼ ਕਰਦਿਆਂ ਯੂਕਰੇਨ ਅਤੇ ਰੂਸ ਯੁੱਧ ਬਾਰੇ ਚਰਚਾ ਕੀਤੀ। ਲੋਕਾਂ ਨੂੰ ਚੰਗਾ ਸਾਹਿਤ ਪੜਨ ਲਈ ਪ੍ਰੇਰਿਤ ਕਰਨ ਦੇ ਯਤਨਾਂ ਦੀ ਜਾਣਕਾਰੀ ਦਿੱਤੀ। ਕਵੀਸ਼ਰ ਸੱਤਪਾਲ ਗਿੱਲ ਨੇ ਮਾਘੀ ਸਿੰਘ ਗਿੱਲ ਦੀ ਕਲਮ-ਸਿਰਜਣਾ ਕਵੀਸ਼ਰੀ, ਪੇਸ਼ ਕਰਕੇ ਰੰਗ ਬੰਨਿਆ।ਸਭਾ ਨੇ ਯਾਦਗਾਰੀ ਚਿੰਨ ਅਤੇ ਸ਼ਾਲ ਦੇ ਕੇ ਦਰਸ਼ਨ ਸਿੰਘ ਢਿਲੋਂ ਦਾ ਸਨਮਾਨ ਕੀਤਾ।ਸਭਾ ਦਾ ਧੰਨਵਾਦ ਕਰਦਿਆਂ ਢਿਲੋਂ ਸਾਹਿਬ ਨੇ ਸਭਾ ਲਈ ਹਰ ਸਮੇਂ ਹਰ ਕਿਸਮ ਦੀ ਸਹਾਇਤਾ ਕਰਨ ਦਾ ਯਕੀਨ ਦਿਵਾਇਆ। ਇਸ ਮੌਕੇ ਅਮਰਜੀਤ ਸਿੰਘ ਪੇਂਟਰ (ਸਟੇਟ ਐਵਾਰਡੀ), ਵੱਖ ਵੱਖ ਵਿਧਾਵਾਂ ਵਿੱਚ ਸਾਹਿਤ ਦੀ ਸੇਵਾ ਕਰ ਰਹੇ ਨਾਮਵਰ ਲੇਖਕ ਦਰਸ਼ਨ ਸਿੰਘ ਜੋਗਾ, ਦਰਸ਼ਨ ਸਿੰਘ ਪ੍ਰੀਤੀਮਾਨ, ਰਮੇਸ਼ ਗਰਗ, ਤਰਲੋਚਨ ਸਿੰਘ ਰੰਧਾਵਾ ਅਤੇ ਪੱਤਰਕਾਰ ਹਰਿੰਦਰ ਹਨੀ ਤੋਂ ਇਲਾਵਾ ਗੁਰਮੀਤ ਕੁਮਾਰ, ਬੋਘੜ ਸਿੰਘ ਖੋਖਰ, ਮੋਨਿਕਾ ਸ਼ਰਮਾ, ਦੇਵ ਰਾਜ ਗੋਇਲ, ਨਸੀਬ ਸ਼ਰਮਾਂ, ਹਰਮਿੰਦਰ ਸਿੰਘ, ਫੌਜੀ ਗੁਰਦੇਵ, ਲਛਮਣ ਬਰਾੜ ਆਦਿ ਹਾਜ਼ਰ ਸਨ। ਸਭਾ ਦੇ ਖਜ਼ਾਨਚੀ ਜਗਨਨਾਥ ਅਤੇ ਜਨਰਲ ਸਕੱਤਰ ਸੁਖਦਰਸ਼ਨ ਗਰਗ ਨੇ ਸਟੇਜ ਦਾ ਸੰਚਾਲਨ ਬੜੇ ਰੌਚਕ ਢੰਗ ਨਾਲ ਚਲਾਇਆ।

**- ਸੁਖਦਰਸ਼ਨ ਗਰਗ ਬਾਲਿਆਂ ਵਾਲੀ (ਬਠਿੰਡਾ)**
**ਮੋ +91 93560 60980**

# ਯਾਦਗਾਰੀ ਹੋ ਨਿਬੜਿਆ ਭਾਸ਼ਾ ਵਿਭਾਗ ਹੁਸ਼ਿਆਰਪੁਰ ਵਲੋਂ ਮਨਾਇਆ ਵਿਸ਼ਵ ਰੰਗ-ਮੰਚ ਦਿਵਸ

**ਹੁਸ਼ਿਆਰਪੁਰ-** ਮਾਣਯੋਗ ਪ੍ਰਿੰਸੀਪਲ ਸਕੱਤਰ ਉਚੇਰੀ ਸਿੱਖਿਆ ਅਤੇ ਭਾਸ਼ਾਵਾਂ ਸ਼੍ਰੀ ਕ੍ਰਿਸ਼ਨ ਕੁਮਾਰ ਜੀ ਅਤੇ ਡਾਇਰੈਕਟਰ ਭਾਸ਼ਾ ਵਿਭਾਗ ਪੰਜਾਬ ਸ਼੍ਰੀ ਮਤੀ ਵੀਰਪਾਲ ਕੌਰ ਜੀ ਦੇ ਦਿਸ਼ਾ ਨਿਰਦੇਸ਼ ਹੇਠ ਵਿਸ਼ਵ ਰੰਗ ਮੰਚ ਦਿਵਸ ਸਰਕਾਰੀ ਹਾਈ ਸਕੂਲ ਨੂਰਪੁਰ ਵਿੱਚ ਡਾ. ਜਸਵੰਤ ਰਾਏ ਜ਼ਿਲ੍ਹਾ ਖੋਜ ਅਫ਼ਸਰ ਦਫ਼ਤਰ ਭਾਸ਼ਾ ਵਿਭਾਗ ਹੁਸ਼ਿਆਰਪੁਰ ਅਤੇ ਮਿਸ ਸਤਵੀਰ ਕੌਰ ਮੁਖ ਅਧਿਆਪਕਾ ਦੀ ਯੋਗ ਅਗਵਾਈ ਨਾ.ਲ ਸਪੰਨ ਹੋਇਆ। ਭਾਸ਼ਾ ਵਿਭਾਗ ਹੁਸ਼ਿਆਰਪੁਰ ਅਤੇ ਸਵਰਗੀ ਸ. ਕਿਰਪਾਲ ਸਿੰਘ ਧਾਮੀ ਯਾਦਗਾਰੀ ਰੰਗ ਮੰਚ ਅਤੇ ਸੰਗੀਤ ਕਲਾ ਅਕਾਦਮੀ ਵਲੋਂ ਉਲੀਕੇ ਇਸ ਪ੍ਰੋਗ੍ਰਾਮ ਵਿੱਚ ਉੱਘੇ ਰੰਗ ਕਰਮੀ ਅਤੇ ਫਿਲਮ ਡਾਇਰੈਕਟਰ ਸ਼੍ਰੀ ਅਸ਼ੋਕ ਪੁਰੀ ਅਤੇ ਡਾ. ਜਸਵੰਤ ਰਾਏ ਮੁਖ ਮਹਿਮਾਨ ਵਜੋਂ ਸ਼ਾਮਿਲ ਹੋਏ।ਜੀ ਆਇਆਂ ਸ਼ਬਦ ਸ਼੍ਰੀ ਸੁਰਜੀਤ ਕੁਮਾਰ ਸਾਇੰਸ ਮਾਸਟਰ ਨੇ ਬੜੇ ਭਾਵਪੂਰਤ ਢੰਗ ਨਾ.ਲ ਆਖੇ।ਡਾ. ਜਸਵੰਤ ਰਾਏ ਨੇ ਵਿਸ਼ਵ ਰੰਗ ਮੰਚ ਦਿਵਸ ਦੇ ਇਤਿਹਾਸ ਬਾਰੇ ਗੱਲ ਕਰਦਿਆਂ ਆਖਿਆ ਕਿ ਭਾਰਤੀ ਰੰਗਮੰਚ ਦੀ ਪ੍ਰੰਪਰਾ ਬੜੀ ਪ੍ਰਾਚੀਨ ਰਹੀ ਹੈ। ਰੰਗ ਮੰਚ ਲੋਕਾਈ ਨੂੰ ਜਾਗਰੂਕ ਕਰਨ ਦੇ ਨਾ.ਲ ਨਾ.ਲ ਇਸਦੇ ਹੱਕ ਹਕੂਕਾਂ ਦੀ ਪ੍ਰਾਪਤੀ ਲਈ ਬੜਾ ਪ੍ਰਚੰਡ ਰੋਲ ਨਿਭਾਉਂਦਾ ਆ ਰਿਹਾ ਹੈ।ਸਮਾਜਿਕ ਬੁਰਾਈਆ, ਨੈਤਿਕਤਾ, ਸੌੜੀਆਂ ਰਸਮਾਂ, ਅਨਪੜ੍ਹਤਾ ਦੇ ਖ਼ਿਲਾਫ਼ ਜੰਗ ਰਾਹੀਂ ਲੋਕਾਂ ਨੂੰ ਚੇਤੰਨਤਾ ਪ੍ਰਦਾਨ ਕਰਨ ਦੇ ਨਾ.ਲ ਰੰਗਮੰਚ ਲੋਕਮਨ ਨੂੰ ਨਸ਼ਿਆਉਣ ਤੋਂ ਵੀ ਪਿੱਛੇ ਨਹੀਂ ਹਟਿਆ।ਭਾਸ਼ਾ ਵਿਭਾਗ ਇਸਦੀ ਬੁਲੰਦੀ ਵਾਸਤੇ ਮੋਹਰੀ ਰੋਲ ਨਿਭਾਉਣ ਲਈ ਸਦਾ ਤੱਤਪਰ ਰਿਹਾ ਹੈ।



'ਤੀਸਰੀ ਅੱਖ' ਵਰਗੇ ਹੋਰ ਨੁਕੜ ਨਾਟਕਾਂ ਦੇ ਸੌ-ਸੌ ਤੋਂ ਸ਼ੋਅ ਕਰਨ ਵਾਲੇ ਸ਼੍ਰੀ ਅਸ਼ੋਕ ਪੁਰੀ ਨੇ ਆਪਣੇ ਫਿ.ਲਮੀ ਅੰਦਾਜ਼ ਵਿੱਚ ਵਿਦਿਆਰਥੀਆਂ ਨੂੰ ਨਾਟਕ ਅਤੇ ਫਿਲਮੀ ਖੇਤਰ ਵਿੱਚ ਆਉਣ ਦੀ ਅਗਵਾਈ ਦਿੰਦਿਆਂ ਉਨ੍ਹਾਂ ਦਾ ਮਨ ਮੋਹ ਲਿਆ। ਉਨ੍ਹਾਂ ਇੱਕ ਪਾਤਰੀ ਨਾਟਕ ਦੇ ਕਈ ਸਾਰੇ ਪੱਖ ਐਕਟਿੰਗ ਰਾਹੀਂ ਦਰਸ਼ਕਾਂ ਸਾਹਵੇਂ ਰੱਖੇ।ਸਟੇਜ ਤੇ ਐਕਟਿੰਗ ਕਰਦਿਆਂ ਜਦੋਂ ਪੁਰੀ ਹੁਰੀਂ ਸਟਿੱਲ ਹੋ ਜਾਂਦੇ ਸਨ ਤਾਂ ਵਿਦਿਆਰਥੀਆਂ ਦੀਆਂ ਤਾੜੀਆਂ ਦੀ ਗੂੰਜ ਦੂਜੇ ਪਿੰਡ ਸੁਣਾਈ ਦਿੰਦੀ ਸੀ। ਉਨ੍ਹਾਂ ਕਿਹਾ ਕਿ ਥਿਏਟਰ ਬੜੀ ਸਾਦਗੀ ਰਾਹੀਂ ਲੋਕ ਮੁਦਿਆਂ ਨੂੰ ਵੱਡੇ ਪੱਧਰ ਤੇ ਪੇਸ਼ ਕਰਨ ਦਾ ਦਮ-ਖਮ ਰੱਖਦਾ ਹੈ ਅਤੇ ਇਸਦੇ ਸਿੱਟੇ ਬੜੇ ਸਾਰਥਿਕ ਨਿਕਲਦੇ ਹਨ।ਇਸ ਮੌਕੇ ਸਕੂਲ ਵਿਦਿਆਰਥੀਆਂ ਨੇ ਮਾਸਟਰ ਸਾਇੰਸ ਸੁਰਜੀਤ ਕੁਮਾਰ ਵਲੋਂ ਤਿਆਰ ਕੀਤਾ ਗਿਆ ਨੁਕੜ ਨਾਟਕ 'ਧਰਮ ਦਾ ਮਸਲਾ' ਦੀ ਵਧੀਆ ਪੇਸ਼ਕਾਰੀ ਕੀਤੀ।

ਭਾਸ਼ਾ ਵਿਭਾਗ ਅਤੇ ਸਕੂਲ ਵਲੋਂ ਆਏ ਹੋਏ ਮੁਖ ਮਹਿਮਾਨਾਂ ਦਾ ਵਿਸ਼ੇਸ਼ ਸਨਮਾਨ ਕੀਤਾ ਗਿਆ। ਸਟੇਜ ਤੇ ਰੰਗਾਂ-ਰੰਗ ਪ੍ਰੋਗ੍ਰਾਮ ਪੇਸ਼ ਕਰਨ ਵਾਲੇ ਵਿਦਿਆਰਥੀਆਂ ਦਾ ਭਾਸ਼ਾ ਵਿਭਾਗ ਵਲੋਂ ਪੁਸਤਕਾਂ ਦੇ ਸੈੱਟ ਅਤੇ ਸਟੇਸ਼ਨਰੀ ਨਾਲ ਸਨਮਾਨ ਕੀਤਾ ਗਿਆ।ਸਕੂਲ ਮੁਖੀ ਮਿਸ ਸਤਵੀਰ ਕੌਰ ਨੇ ਧੰਨਵਾਦੀ ਸ਼ਬਦ ਆਖਦਿਆਂ ਕਿਹਾ ਕਿ ਅੱਜ ਦਾ ਵਿਸ਼ਵ ਰੰਗ ਮੰਚ ਦਿਵਸ ਸਾਡੇ ਮਨ ਮਸਤਕ ਵਿੱਚ ਯਾਦਗਾਰੀ ਬਣਿਆ ਰਹੇਗਾ।

# ਮਿਸ਼ਨ ਪੇਅ ਬੈਕ ਟੂ ਸੋਸਾਇਟੀ ਦੇ ਆਗੂਆਂ ਨੇ ਡਾਕਟਰ ਅੰਬੇਡਕਰ ਵੈਲਫੇਅਰ ਸੁਸਾਇਟੀ ਸ਼੍ਰੀ ਅਨੰਦਪੁਰ ਸਾਹਿਬ ਦੇ ਆਗੂਆਂ ਨਾਲ ਮੀਟਿੰਗ ਕੀਤੀ

ਆਲ ਐਸ ਸੀ/ਬੀ ਸੀ ਇੰਪਲਾਇਜ਼ ਫੈਡਰੇਸ਼ਨਜ਼ ਅਤੇ ਮਿਸ਼ਨ ਪੇਅ ਬੈਕ ਟੂ ਸੁਸਾਇਟੀ ਪੰਜਾਬ ਵਲੋਂ ਮਿਲਕੇ 10 ਅਪ੍ਰੈਲ 2022 ਦਿਨ ਐਤਵਾਰ ਨੂੰ ਸ਼ਾਮ 03 ਵਜੇ ਤੋਂ 06 ਵਜੇ ਤੱਕ ਸਿਖਿੱਆ ਦੇ ਮਸੀਹਾ ਮਹਾਤਮਾ ਜ਼ੋਤੀਬਾ ਫੂਲੇ ਅਤੇ ਮਹਾਂਮਾਨਵ ਡਾਕਟਰ ਬਾਬਾ ਸਾਹਿਬ ਭੀਮ ਰਾਓ ਅੰਬੇਡਕਰ ਦੀ ਜਯੰਤੀ ਸਬੰਧੀ ਇੱਕ ਵਿਸ਼ੇਸ਼ ਪ੍ਰੋਗਰਾਮ ਬੀ ਬੀ ਐਮ ਬੀ ਆਡੀਟੋਰੀਅਮ ਨੰਗਲ ਨੇੜੇ ਫਾਇਰ ਬ੍ਰਿਗੇਡ ਵਿੱਚ ਆਯੋਜਿਤ ਕੀਤਾ ਜਾ ਰਿਹਾ ਹੈ। ਇਸ ਪ੍ਰੋਗਰਾਮ ਦੀ ਤਿਆਰੀ ਸਬੰਧੀ ਡਾਕਟਰ ਅੰਬੇਡਕਰ ਵੈਲਫੇਅਰ ਸੁਸਾਇਟੀ ਸ਼੍ਰੀ ਅਨੰਦਪੁਰ ਸਾਹਿਬ ਦੇ ਆਗੂਆਂ ਨਾਲ ਇੱਕ ਮੀਟਿੰਗ ਕੀਤੀ ਗਈ ਜਿਸ ਵਿੱਚ ਮਿਸ਼ਨ ਪੇਅ ਬੈਕ ਟੂ ਸੋਸਾਇਟੀ ਦੇ ਆਗੂ ਡਾਕਟਰ ਜਸ ਸਿਮਰਨ ਕਹਿਲ ਅਤੇ ਕੁਲਦੀਪ ਚੰਦ ਦੋਂਭੇਟਾ ਵਿਸ਼ੇਸ਼ ਰੂਪ ਵਿੱਚ ਪਹੁੰਚੇ। ਡਾਕਟਰ ਅੰਬੇਡਕਰ ਵੈਲਫੇਅਰ ਸੁਸਾਇਟੀ ਸ਼੍ਰੀ ਅਨੰਦਪੁਰ ਸਾਹਿਬ ਦੇ ਪ੍ਰਧਾਨ ਡਾਕਟਰ ਰਣਵੀਰ ਸਿੰਘ ਦੀ ਅਗਵਾਈ ਵਿੱਚ ਹੋਈ ਮੀਟਿੰਗ ਵਿੱਚ ਡਾਕਟਰ ਜਸ ਸਿਮਰਨ ਕਹਿਲ ਨੇ ਇਸ ਪ੍ਰੋਗਰਾਮ ਬਾਰੇ ਵਿਸਥਾਰ ਵਿੱਚ ਦੱਸਿਆ ਕਿ ਇਸ ਪ੍ਰੋਗਰਾਮ ਦਾ ਮੁੱਖ ਮੰਤਬ ਲੋਕਾਂ ਨੂੰ ਸਿੱਖਿਆ ਦੇ ਮਹੱਤਬ ਤੋ ਕਰਵਾਉਣਾ ਹੈ। ਉਨ੍ਹਾਂ ਦੱਸਿਆ ਕਿ ਲੋਕਾਂ ਨੂੰ ਜਾਗਰੁਕ ਕਰਨ ਦੇ ਮੰਤਬ ਨਾਲ ਕਰਵਾਏ ਜਾ ਰਹੇ ਇਸ ਪ੍ਰੋਗਰਾਮ ਵਿੱਚ ਬੱਚੇ ਅਤੇ ਮਹਿਲਾਵਾਂ ਵੱਡੀ ਗਿਣਤੀ ਵਿੱਚ ਸ਼ਾਮਿਲ ਹੋਣਗੀਆਂ। ਕੁਲਦੀਪ ਚੰਦ ਦੋਂਭੇਟਾ ਨੇ ਦੱਸਿਆ ਕਿ ਇਸ ਪ੍ਰੋਗਰਾਮ ਵਿੱਚ ਸ਼੍ਰੀ ਗਿਆਨ ਚੰਦ ਮੈਂਬਰ ਪੰਜਾਬ ਰਾਜ ਅਨੁਸੂਚਿਤ ਜਾਤਿ ਆਯੋਗ ਮੁੱਖ ਮਹਿਮਾਨ ਵਜੋਂ ਆ ਰਹੇ ਹਨ ਅਤੇ ਦਲਿਤ ਲੇਖਕ ਸੋਹਣ ਸਹਿਜਲ ਵਿਸ਼ੇਸ਼ ਮਹਿਮਾਨ ਵਜੋਂ ਸ਼ਾਮਿਲ ਹੋਣਗੇ। ਉਨ੍ਹਾਂ ਦੱਸਿਆ ਕਿ ਇ ਸ



ਪ੍ਰੋਗਰਾਮ ਵਿੱਚ ਸਮਾਜ ਦੇ ਵੱਖ ਵੱਖ ਵਰਗ ਦੇ ਲੋਕ ਜਿਨ੍ਹਾਂ ਵਿੱਚ ਬੁੱਧੀਜੀਵੀ ਵਰਗ, ਸੰਤ ਸਮਾਜ, ਅਧਿਆਪਕ, ਡਾਕਟਰ, ਵਕੀਲ, ਇੰਜਨੀਅਰ, ਸਰਕਾਰੀ ਅਧਿਕਾਰੀ ਵੱਡੀ ਗਿਣਤੀ ਵਿੱਚ ਸ਼ਾਮਿਲ ਹੋਣਗੇ। ਉਨ੍ਹਾਂ ਦੱਸਿਆ ਕਿ ਇਸ ਪ੍ਰੋਗਰਾਮ ਵਿੱਚ ਲੋਕਾਂ ਨੂੰ ਜਾਗਰੂਕ ਕਰਨ ਲਈ ਮਹਾਤਮਾ ਜੋਤੀਬਾ ਫੂਲੇ ਅਤੇ ਬਾਬਾ ਸਾਹਿਬ ਡਾ ਭੀਮ ਰਾਓ ਅੰਬੇਡਕਰ ਦੇ ਸੰਘਰਸ਼ ਭਰੇ ਜੀਵਨ ਤੇ ਨਾਟਕ ਪੇਸ਼ ਕੀਤੇ ਜਾਣਗੇ ਅਤੇ ਇਸ ਮੌਕੇ ਪ੍ਰਸਿੱਧ ਦਲਿਤ ਵਿਦਵਾਨ ਆਪਣੇ ਵਿਚਾਰ ਰੱਖਣਗੇ।

ਇਸ ਮੌਕੇ ਡਾਕਟਰ ਰਣਵੀਰ ਸਿੰਘ ਨੇ ਕਿਹਾ ਕਿ ਉਨ੍ਹਾਂ ਦੀ ਪੂਰੀ ਟੀਮ ਇਸ ਪ੍ਰੋਗਰਾਮ ਵਿੱਚ ਵੱਡੀ ਗਿਣਤੀ ਵਿੱਚ ਸਾਮਿਲ ਹੋਵੇਗੀ। ਇਸ ਮੌ"ਕੇ ਮਾਸਟਰ ਅਜੇ ਬੈਂਸ, ਰਾਜ ਕੁਮਾਰ ਘਈ, ਮਾਸਟਰ ਦਰਸਨ ਸਿੰਘ, ਸਵਰਨ ਸਿੰਘ ਲੋਧੀਪੁਰ ਸਾਬਕਾ ਜ਼ਿਲ੍ਹਾ ਸਿੱਖਿਆ ਅਫ਼ਸਰ, ਦਰਸ਼ਨ ਸਿੰਘ ਲੈਕਚਰਾਰ, ਅਜੇ ਬੈਂਸ ਉੱਘੇ ਦਲਿਤ ਵਿਦਵਾਨ, ਰਾਜ ਘਈ ਉੱਘੇ ਰੰਗਕਰਮੀ ਅਤੇ ਪਰਿਆਵਰਨ ਪ੍ਰੇਮੀ, ਜਸਪਾਲ ਸਿੰਘ ਮੈਨੇਜਰ, ਮਾਸਟਰ ਗੁਰਦੀਪ ਸਿੰਘ, ਮਾਸਟਰ ਹਰਪ੍ਰੀਤ ਸਿੰਘ ਸੋਨਾ, ਮਾਸਟਰ ਨਰਿੰਦਰ ਬਾਸੋਵਾਲ, ਹਰਵਿੰਦਰ ਸਿੰਘ ਆਦਿ ਹਾਜ਼ਰ ਸਨ।

**ਕੁਲਦੀਪ ਚੰਦ, 9417563054**

# ਪਟਰੋਲ ਅਤੇ ਡੀਜਲ ਦੀਆਂ ਕੀਮਤਾਂ ਵੱਧਣਾ ਚਿੰਤਾ ਦਾ ਵਿਸ਼ਾ

**ਲਸਾੜਾ/ਉੜਾਪੜ (ਬੱਗਾ ਸੇਲਕੀਆਣਾ)-** ਵਿਧਾਨ ਸਭਾ ਦੀਆਂ ਵੋਟਾਂ ਦੇ ਨਤੀਜੇ ਆਉਣ ਬਾਅਦ ਹਰੇਕ ਦਿਨ ਕੇਂਦਰ ਸਰਕਾਰ ਵਲੋਂ ਵਧਾਈਆਂ ਜਾ ਰਹੀਆਂ ਪੈਟਰੋਲ ਅਤੇ ਡੀਜਲ ਤੇਲ ਦੀਆਂ ਕੀਮਤਾਂ ਵੀ ਚਿੰਤਾ ਦਾ ਵਿਸ਼ਾ ਬਣਦੀਆਂ ਜਾ ਰਹੀਆਂ ਹਨ ਇਸ ਸਬੰਧੀ ਜਾਗਰਣ ਦੇ ਪਾਠਕਾਂ ਚ ਆਪਣੇ ਵਿਚਾਰ ਰੱਖਦੇ ਹੋਏ ਕਾਂਗਰਸ ਦੇ ਸੀ. ਆਗੂ ਸੋਖੀ ਰਾਮ ਬੱਜੋਂ ਚੇਅਰਮੇਨ ਐਸ ਸੀ ਵਿੰਗ ਨੇ ਆਖਿਆ ਕਿ ਦੇਸ਼ ਦੇ ਲੋਕ ਮਹਿੰਗਾਈ ਕਾਰਨ ਪਹਿਲਾਂ ਬਹੁਤ ਦੁੱਖੀ ਸਨ ਪਰ ਆਏ ਦਿਨ ਤੇਲ ਦੀਆਂ ਵੱਧ ਰਹੀਆਂ ਕੀਮਤਾਂ ਨਾਲ ਲੋਕਾਂ ਦਾ ਬੁਰਾ ਹਾਲ ਕਰ ਦਿਤਾ ਕਿਉਕਿ ਪਿਛਲੇ ਸਾਲ ਚੰਨੀ ਦੀ ਅਗਵਾਈ ਵਾਲੀ ਕਾਂਗਰਸ ਸਰਕਾਰ ਨੇ ਆਪਣੇ ਕਾਰਜ ਕਾਲ ਦੌਰਾਨ ਡੀਜਲ ਅਤੇ ਪੈਟਰੋਲ ਦੀ ਕੀਮਤ 15 ਰੁਪਏ ਘਟਾ ਦਿਤੀ ਸੀ ਤੇ ਲੋਕਾ ਨੂੰ ਰਾਹਤ ਮਹਿਸੂਸ ਹੋਈ ਪਰ ਹੁਣ ਕੇਂਦਰ ਸਰਕਾਰ ਨੇ ਮੁੜ ਤੇਲ ਦੀਆਂ ਕੀਮਤਾਂ ਚ ਵਾਧਾ ਕਰਕੇ ਲੋਕਾ ਨੂੰ ਸੋਚਣ ਲਈ ਮਜਬੂਰ ਕਰ ਦਿਤਾ ਤੇ ਮੋਦੀ ਸਾਬ ਦੇ ਅੱਛੇ ਦਿਨ ਦੇਖ ਲਓ ਤੇਲ ਦੀਆਂ ਵੱਧ ਰਹੀਆਂ ਕੀਮਤਾਂ ਬਾਰੇ ਕੇਂਦਰ ਸਰਕਾਰ ਜਰੂਰ ਸੋਚੇ ਅਤੇ ਆਮ ਆਦਮੀ ਪਾਰਟੀ ਵੀ ਜਰੂਰ ਵਿਚਾਰ ਕਰੇ ਤਾਂ ਜੋ ਲੋਕ ਧਰਨੇ ਅਤੇ ਸ਼ੰਘਰਸ਼ ਕਰਨ ਲਈ ਮਜਬੂਰ ਨਾ ਹੋਣ। ਰਣਜੀਤ ਸਿੰਘ ਸਿੱਧੂ ਲਸਾੜਾ ਪ੍ਰਧਾਨ ਟਰੱਕ ਯੂਨੀਅਨ ਫਿਲੌਰ ਨੇ ਆਖਿਆ ਕਿ ਸਰਕਾਰਾਂ ਨੂੰ ਪਤਾ ਹੈ ਕਿ ਟਰਾਂਸਪੋਟਰ ਤਾਂ ਪਹਿਲਾਂ ਹੀ ਬਹੁਤ ਦੁੱਖੀ ਹੈ ਇਨਾਂ ਦਾ ਸਾਰਾ ਕੰਮ ਕਾਜ ਬੰਦ ਹੋਣ ਕਾਰਨ ਕਰਜਿਆਂ ਤੇ ਲਏ ਟਰੱਕਾਂ ਦੀਆਂ ਕਿਸ਼ਤਾਂ ਕਿਵੇਂ ਮੁੜਨਗੀਆਂ ਕਿਉਕਿ ਪਹਿਲਾਂ ਹੀ ਸਰਕਾਰ ਕੋਲ ਟਰੱਕ ਯੂਨੀਅਨਾਂ ਦੇ ਲੱਖਾਂ ਰੁਪਏ ਬਕਾਏ ਪਏ ਹਨ ਤੇ ਸਰਕਾਰ ਨੂੰ ਤੇਲਦੀਆਂ ਕੀਮਤਾ ਘਟਾਉਣੀਆਂ ਚਾਹੀਦੀਆਂ ਹਨ ਪਿੰਡ ਗੜੀ ਅਜੀਤ ਸਿੰਘ ਦੇ ਉਘੇ ਸਮਾਜ ਸੇਵੀ ਬਹਾਦਰ ਸਿੰਘ ਥਿਆੜਾ ਨੇ ਆਖਿਆ ਕਿਸਾਨੀ ਤਾਂ ਪਹਿਲਾਂ ਹੀ ਕਾਲੇ ਕਾਨੂਨਾਂ ਕਾਰਨ ਘਾਟੇ ਚ ਜਾ ਰਹੀ ਹੈ ਪਤਾ ਨਹੀ ਲੱਗਦਾ ਮੋਦੀ ਸਰਕਾਰ ਵਲੋਂ ਤੇਲ ਕਿਉ ਵਧਾਇਆ ਜਾ ਰਿਹਾ ਹੈ ਦਰਅਸਲ ਹੁਣ ਪਤਾ ਲੱਗਦਾ ਹੈਕਿ ਵਾਕਿਆ ਅੱਛੇ ਦਿਨਾਂ ਦੀ ਸ਼ੁਰੂਆਤ ਹੋ ਚੁੱਕੀ ਹੈ ਅਗਰ ਇਹੋ ਹਾਲਾਤ ਰਹਿਣਗੇ ਤਾਂ ਸੂਬੇ ਨੂੰ ਕੰਗਾਲ ਹੋਣ ਤੋਂ ਕੋਈ ਨਹੀਂ ਬਚਾਅ ਸਕਦਾ ਅੱਜ ਤੇਲ ਦੇ ਨਾਲ ਨਾਲ ਗੈਸ ਅਤੇ ਹੋਰ ਚੀਜਾਂ ਦੇ ਰੇਟ ਅਸਮਾਨ ਛੂ ਰਹੇ ਹਨ ਤੇ ਲੋਕ ਪਹਿਲਾਂ ਹੀ ਮਹਿੰਗਾਈ ਤੇ ਬੇਰੁਜਗਾਰੀ ਦੀ ਚੱਕੀ ਚ ਪਿਸ ਰਹੇ ਹਨ ਤੇ ਉਪਰੋ ਇਹ ਤੇਲ ਦੀਆਂ ਵੱਧ ਰਹੀਆਂ ਮੁਤਾਬਕ ਜਿਮੀਦਾਰ ਆਪਣੀ ਫਸਲ ਦੀ ਬਿਜਾਈ .ਲਈ ਮਹਿੰਗੇ ਭਾਅ ਦਾ ਡੀਜਲ ਫੂਕਣ ਲਈ ਮਜਬੂਰ ਹੋਵੇਗਾ ਤੇ ਤੇਲ ਦੀਆਂ ਵਧੀਆਂ ਕੀਮਤਾਂ ਜਨਤਾ ਨੂੰ ਬਰਬਾਦ ਕਰਨਗੀਆਂ ਤੇ ਸਰਕਾਰ ਜਰੂਰ ਸੋਚ ਵਿਚਾਰ ਕਰੇ ।ਸ਼੍ਰੋ.ਅਕਾਲੀ ਦਲ ਲਸਾੜਾ ਦੇ ਸਰਕਲ ਪ੍ਰਧਾਨ ਦਲਜੀਤ ਸਿੰਘ ਪੋਲਾ ਨੇ ਆਖਿਆ ਕਿ ਲੋਕ ਬੇਰੁਜਗਾਰੀ ਤੇ ਮਹਿੰਗਾਈ ਦੇ ਕਾਰਨ ਆਰਥਿਕ ਮੰਦੀ ਦੀ ਮਾਰ ਝੱਲ ਰਹੇ ਹਨ ਤੇ ਹਰ ਰੋਜ ਕੇਂਦਰ ਸਰਕਾਰ ਵਲੋਂ ਤੇਲ ਦੀਆਂ ਕੀਮਤਾਂ ਚ ਵਾਧਾ ਕਰਕੇ ਲੋਕਾਂ ਦੀਆਂ ਜੇਬਾਂ ਤੇ ਬੋਝ ਪਾ ਦਿਤਾ ਇਸ ਤਰਾਂ ਦਾ ਵਾਧੂ ਬੋਝ ਪਾਉਣਾ ਸਰਕਾਰ ਨੂੰ ਸੋਭਾ ਨਹੀਂ ਦਿੰਦਾ ਰੋਜਮਰਾ ਦੀ ਜਿੰਦਗੀ ਲੋਕਾਂ ਨੂੰ ਇੱਕ ਵਕਤ ਦੀ ਰੋਟੀ ਕਮਾਉਣ ਲਈ ਬਹੁਤ ਤਕੜੀ ਸਮੱਸਿਆ ਦਾ ਸਾਹਮਣਾ ਕਰਨਾ ਪੈ ਰਿਹਾ ਹੈ ਕਿਉਕਿ ਮੋਦੀ ਸਰਕਾਰ ਨੇ ਪਹਿਲਾਂ ਹੀ ਕਾਲੇ ਕਾਨੂੰਨਾਂ ਕਾਰਨ ਦੇਸ਼ ਨੂੰ ਬਹੁਤ ਘਾਟੇ ਚ ਲਿਆਕੇ ਖੜਾ ਕਰ ਦਿਤਾ ਹੈ ਇਸ ਲਈ ਮੋਦੀ ਸਰਕਾਰ ਤੇਲ ਦੀਆਂ ਕੀਮਤਾਂ ਘਟਾਵੇ।ਮਨੁੱਖੀ ਅਧਿਕਾਰ ਮੰਚ ਦੇ ਅਹੁਦੇਦਾਰ ਬਲਜਿੰਦਰ ਕੁਮਾਰ ਮੁਕੰਦਪੁਰ ਨੇ ਆਖਿਆ ਕਿ ਤੇਲ ਤੇ ਡੀਜਲ ਦੀਆਂ ਕੀਮਤਾਂ ਚ ਵਾਧਾ ਮਹਿੰਗਾਈ ਨੂੰ ਹੋਰ ਵਧਾਏਗਾ ਕਿਉਕਿ ਰੋਜ ਮਰਾ ਜਿੰਦਗੀ ਚ ਵਰਤਿਆਂ ਜਾਣ ਵਾਲਾ ਸਮਾਨ ਟਰਾਂਸਪੋਰਟ ਰਾਂਹੀ ਬਾਹਰੋਂ ਲਿਆਉਣਾ ਪਏਗਾ ਜਿਸ ਦਾ ਸਿੱਧਾ ਅਸਰ ਹਰੇਕ ਦੇਸ਼ ਵਾਸੀ ਦੀ ਜੇਬ ਤੇ ਪਏਗਾ ਇਸ ਲਈ ਕੇਂਦਰ ਸਰਕਾਰ ਤੇਲ ਦੀਆਂ ਕੀਮਤਾ ਘਟਾਵੇ।











# 'ਢਾਹਾਂ ਪੁਰਸਕਾਰ' ਦੇ ਸੰਸਥਾਪਕ ਬਰਜਿੰਦਰ ਸਿੰਘ ਢਾਹਾਂ ਦਾ 'ਸਮਾਜ ਦਾ ਮਾਣ' ਪੁਰਸਕਾਰ ਨਾਲ ਸਨਮਾਨ

## ਪੰਜਾਬੀ ਦੀਆਂ ਗੁਰਮੁਖੀ ਅਤੇ ਸ਼ਾਹਮੁਖੀ ਇੱਕ ਸਾਲ ਦੀਆਂ "ਢਾਹਾਂ ਪੁਰਸਕਾਰ" ਜੇਤੂ ਕਿਤਾਬਾਂ ਨੂੰ ਕ੍ਰਮਵਾਰ 25000,10000,10000 ਡਾਲਰ ਦੀ ਰਾਸ਼ੀ ਪ੍ਰਦਾਨ ਕੀਤੀ ਜਾਂਦੀ ਹੈ

**ਬੰਗਾ,(ਰੇਸ਼ਮ ਕਰਨਾਣਵੀ) –** ਪੰਜਾਬੀ ਸਾਹਿਤ ਲਈ ਸਭ ਤੋਂ ਵੱਧ ਨਗਦੀ ਦਾ ਕੌਮਾਂਤਰੀ ਢਾਹਾਂ ਪੁਰਸਕਾਰ ਸਥਾਪਿਤ ਕਰਨ ਵਾਲੇ ਸ। ਬਰਜਿੰਦਰ ਸਿੰਘ ਢਾਹਾਂ (ਕੈਨੇਡਾ) ਦਾ ਉਹਨਾਂ ਦੇ ਜੱਦੀ ਪਿੰਡ ਢਾਹਾਂ ਵਿੱਚ 'ਸਮਾਜ ਦਾ ਮਾਣ' ਪੁਰਸਕਾਰ ਦੇ ਕੇ ਸਨਮਾਨ ਕੀਤਾ ਗਿਆ। ਇਹ ਉਪਰਾਲਾ ਨਵਜੋਤ ਸਾਹਿਤ ਸੰਸਥਾ (ਰਜਿ।) ਔੜ ਅਤੇ ਮਾਸਿਕ ਅਦਬੀ ਮਹਿਕ ਸਾਹਲੋਂ ਵੱਲੋਂ ਸਾਂਝੇ ਤੌਰ 'ਤੇ ਕੀਤਾ ਗਿਆ। ਸੰਸਥਾ ਦੇ ਸੀਨੀਅਰ ਮੀਤ ਪ੍ਰਧਾਨ ਦਵਿੰਦਰ ਸਕੋਹਪੁਰੀ ਅਤੇ ਰਸਾਲੇ ਦੇ ਸੰਪਾਦਕ ਸਤਪਾਲ ਸਾਹਲੋਂ ਨੇ 'ਢਾਹਾਂ ਪੁਰਸਕਾਰ' ਦੀ ਸਥਾਪਨਾ ਨੂੰ ਲੇਖਕ ਵਰਗ ਦੀ ਭਲਾਈ ਅਤੇ ਪੰਜਾਬੀ ਭਾਸ਼ਾ ਦੇ ਬਹੁਪੱਖੀ ਵਿਕਾਸ ਲਈ ਚਾਨਣ ਮੁਨਾਰਾ ਦੱਸਿਆ। ਢਾਹਾਂ ਪੁਰਸਕਾਰ ਦੇ ਸੰਸਥਾਪਕ ਸ। ਬਰਜਿੰਦਰ ਸਿੰਘ ਢਾਹਾਂ ਨੇ ਆਪਣੇ ਵਿਚਾਰ ਸਾਂਝੇ ਕਰਦਿਆਂ ਕਿਹਾ ਕਿ ਪੰਜਾਬੀ ਭਾਸ਼ਾ ਦੇ ਵਿਕਾਸ ਲਈ ਕੌਮਾਂਤਰੀ ਪੱਧਰ 'ਤੇ ਵੱਡੇ ਹੰਭਲੇ ਮਾਰਨ ਦੀ ਲੋੜ ਹੈ ਜਿਸ ਵਿੱਚ 'ਢਾਹਾਂ ਪੁਰਸਕਾਰ' ਰਾਹੀਂ ਵੀ ਬਣਦਾ ਹਿੱਸਾ ਪਾਉਣ ਦੀ ਕੋਸ਼ਿਸ਼ ਕੀਤੀ ਗਈ ਹੈ। ਉਹਨਾਂ ਉਕਤ ਸੰਸਥਾ ਅਤੇ ਰਸਾਲੇ ਵੱਲੋਂ ਸਾਹਿਤ ਖੇਤਰ 'ਚ ਨਿਭਾਈਆਂ ਜਾ ਰਹੀਆਂ ਸੇਵਾਵਾਂ ਦੀ ਸ਼ਲਾਘਾ ਵੀ ਕੀਤੀ। ਇਸ ਮੌਕੇ ਉਹਨਾਂ ਦੇ ਭੈਣ ਹਰਿੰਦਰ ਕੌਰ ਢਾਹਾਂ ਨੇ ਵੀ ਪੰਜਾਬੀ ਸਾਹਿਤ ਅਤੇ ਵਿਦੇਸ਼ ਵਿੱਚ ਪੰਜਾਬੀ ਅਧਿਆਪਕ ਵਜੋਂ ਨਿਭਾਈਆਂ ਸੇਵਾਵਾਂ ਦੀ ਸਾਂਝ ਪਾਈ। ਉਹਨਾਂ ਦੋਆਬਾ ਖੇਤਰ ਨਾਲ ਜੁੜੇ ਲੇਖਕਾਂ ਨੂੰ



ਭਵਿੱਖ ਵਿੱਚ 'ਢਾਹਾਂ ਪੁਰਸਕਾਰ' ਲਈ ਆਪਣੀ ਦਾਅਵੇਦਾਰੀ ਪੇਸ਼ ਕਰਨ ਲਈ ਕਾਮਨਾ ਵੀ ਕੀਤੀ। ਸਮਾਗਮ ਦੇ ਪ੍ਰਧਾਨਗੀ ਮੰਡਲ ਵਿੱਚ ਸ਼ਾਮਲ ਜਥੇਦਾਰ ਕੁਲਵਿੰਦਰ ਸਿੰਘ ਢਾਹਾਂ ਨੇ ਸਮੂਹ ਹਾਜ਼ਰੀਨ ਦਾ ਧੰਨਵਾਦ ਕਰਦਿਆਂ ਸਮਾਜ ਦਾ ਮਾਰਗ ਦਰਸ਼ਨ ਕਰਨ ਲਈ ਅਜਿਹੇ ਸਮਾਗਮਾਂ ਦੀ ਲੜੀ ਜਾਰੀ ਰੱਖਣ ਲਈ ਉਤਸ਼ਾਹਿਤ ਕੀਤਾ। ਸਮਾਗਮ ਦੌਰਾਨ ਪਿੰਡ ਢਾਹਾਂ ਵਾਸੀ ਬਾਬਾ ਬੁੱਧ ਸਿੰਘ ਢਾਹਾਂ ਵੱਲੋਂ ਸਥਾਪਿਤ ਗੁਰੂ ਨਾਨਕ ਮਿਸ਼ਨ ਮੈਡੀਕਲ ਐਂਡ ਐਜੂਕੇਸ਼ਨਲ ਟਰੱਸਟ ਦੇ ਬੈਨਰ ਹੇਠ ਨਿਭ ਰਹੀਆਂ ਸਿੱਖਿਆ ਤੇ ਸਿਹਤ ਸਹੂਲਤਾਂ ਨੂੰ ਵੀ ਯਾਦ ਕੀਤਾ। ਸਮਾਗਮ ਦਾ ਮੰਚ ਸੰਚਾਲਨ ਸੰਸਥਾ ਦੇ ਸਕੱਤਰ ਸੁਰਜੀਤ ਮਜਾਰੀ ਨੇ ਬਾਖ਼ੂਬੀ ਨਿਭਾਇਆ। ਇਸ ਮੌਕੇ ਹਰੀ ਕ੍ਰਿਸ਼ਨ ਪਟਵਾਰੀ, ਤਰਸੇਮ ਸਾਕੀ, ਗੁਰਨੇਕ ਸ਼ੇਰ, ਹਰਮਿੰਦਰ ਹੈਰੀ, ਰੇਸ਼ਮ ਕਰਨਾਣਵੀ, ਪਿਆਰਾ ਲਾਲ ਬੰਗੜ, ਹਰਮਿੰਦਰ ਸਿੰਘ ਤਲਵੰਡੀ, ਦਵਿੰਦਰ ਬੇਗ਼ਮਪੁਰੀ, ਸਤਪਾਲ ਸਾਹਲੋਂ, ਦਵਿੰਦਰ ਸਕੋਹਪੁਰੀ, ਗੁਰਦੀਪ ਲਸਾੜਾ, ਬਿੰਦਰ ਮੱਲ੍ਹਾ ਬੇਦੀਆਂ ਆਦਿ ਕਵੀਆਂ ਨੇ ਆਪੋ ਆਪਣੇ ਗੀਤ/ਗ਼ਜ਼ਲਾਂ ਦੀ ਛਹਿਬਰ ਵੀ ਲਾਈ। ਇਸ ਸਨਮਾਨ ਸਮਾਗਮ ਵਿਚ ਗੁਰਦੀਪ ਸਿੰਘ ਢਾਹਾਂ, ਹਰਦਿਆਲ ਸਿੰਘ, ਜਰਨੈਲ ਸਿੰਘ ਢਾਹਾਂ, ਅਜੀਤ ਸਿੰਘ ਢਾਹਾਂ, ਭਗਵੰਤ ਸਿੰਘ ਢਾਹਾਂ, ਬੀਬੀ ਜਿੰਦਰ ਕੌਰ, ਬੀਬੀ ਬਲਵਿੰਦਰ ਕੌਰ, ਬੀਬੀ ਸਰਨਜੀਤ ਕੌਰ, ਜਸਵਿੰਦਰ ਕੌਰ, ਸੁਖਜੀਤ ਕੌਰ, ਸਰਬਜੀਤ ਕੌਰ, ਬੀਬੀ ਗੁਰਬਖਸ ਕੌਰ, ਨਰਿੰਦਰ ਸਿੰਘ ਢਾਹਾਂ, ਭੁਪਿੰਦਰ ਸਿੰਘ, ਪਰਮਿੰਦਰ ਸਿੰਘ ਬੱਠਲ, ਬਲਜੀਤ ਸਿੰਘ ਕੰਗ, ਗੁਰਨਾਮ ਸਿੰਘ , ਗੁਰਮੇਲ ਸਿੰਘ, ਮੱਖਣ ਸਿੰਘ, ਬਹਾਦਰ ਸਿੰਘ ਮਜਾਰੀ, ਦਵਿੰਦਰ ਸਿੰਘ, ਮਨਜੀਤ ਸਿੰਘ ਚਾਵਲਾ, ਭਾਈ ਸਤਨਾਮ ਸਿੰਘ, ਭਾਈ ਗੁਰਮੀਤ ਸਿੰਘ ਆਦਿ ਸ਼ਾਮਲ ਸਨ। ਵਰਣਨਯੋਗ ਹੈ ਕਿ ਬਰਜਿੰਦਰ ਸਿੰਘ ਢਾਹਾਂ ਗੁਰੂ ਨਾਨਕ ਮਿਸ਼ਨ ਮੈਡੀਕਲ ਐਂਡ ਐਜੂਕੇਸ਼ਨਲ ਟਰੱਸਟ ਢਾਹਾਂ ਕਲੇਰਾਂ ਦੇ ਬਾਨੀ ਪ੍ਰਧਾਨ ਬਾਬਾ ਬੁੱਧ ਸਿੰਘ ਢਾਹਾਂ ਦੇ ਹੋਣਹਾਰ ਸਪੁੱਤਰ ਹਨ ਜੋ ਆਪਣਾ ਪਿਤਾ ਜੀ ਦੇ ਦਰਸਾਏ ਨਿਸ਼ਕਾਮ ਸਮਾਜ ਸੇਵਾ ਦੇ ਮਾਰਗ 'ਤੇ ਚੱਲਦੇ ਹੋਏ ਵਿਦਿਅਕ, ਸਿਹਤ ਸੇਵਾਵਾਂ ਅਤੇ ਸਾਹਿਤ ਦੇ ਖੇਤਰ ਵਿਚ ਨਵੇਂ ਮੁਕਾਮ ਸਥਾਪਤ ਕਰ ਰਹੇ ਹਨ।

# ਪੰਜਾਬ 'ਚੋਂ ਗੈਂਗਸਟਰ ਕਲਚਰ ਨੂੰ ਖਤਮ ਕਰਨ ਲਈ ਸਰਕਾਰ ਦਾ ਨਵਾਂ ਐਕਸ਼ਨ!

**ਚੰਡੀਗੜ੍ਹ (ਬਿਊਰੋ)–** ਸੂਬਾ ਭਰ ਵਿੱਚ ਗੈਂਗਸਟਰਾਂ ਦੇ ਨੈੱਟਵਰਕ ਦਾ ਸਫਾਇਆ ਕਰਕੇ ਨਾਗਰਿਕਾਂ ਵਿੱਚ ਸੁਰੱਖਿਆ ਦੀ ਭਾਵਨਾ ਪੈਦਾ ਕਰਨ ਲਈ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਨੇ ਸੂਬੇ ਦੇ ਪੁਲਿਸ ਮੁਖੀ ਵੀ.ਕੇ. ਭਾਵਰਾ ਨੂੰ ਏ.ਡੀ.ਜੀ.ਪੀ. ਰੈਂਕ ਦੇ ਅਧਿ-ਕਾਰੀ ਦੀ ਅਗਵਾਈ ਹੇਠ ਗੈਂਗਸਟਰ ਵਿਰੋਧੀ ਟਾਸਕ ਫੋਰਸ(ਏ.ਜੀ.ਟੀ.ਐਫ.) ਗਠਿਤ ਕਰਨ ਦੇ ਨਿਰਦੇਸ਼ ਦਿੱਤੇ ਹਨ।



ਪੁਲਿਸ ਵਿਭਾਗ ਦੀ ਉੱਚ ਪੱਧਰੀ ਮੀ-ਟਿੰਗ ਦੀ ਪ੍ਰਧਾਨਗੀ ਕਰਦਿਆਂ ਭਗਵੰਤ ਮਾਨ ਨੇ ਸੰਗਠਿਤ ਅਪਰਾਧ ਦੇ ਖਾਤਮੇ ਦੀ ਲੋੜ 'ਤੇ ਜ਼ੋਰ ਦਿੰਦਿਆਂ ਕਿਹਾ ਕਿ ਪੁਲਿਸ ਤੰਤਰ ਵਿੱਚ ਲੋਕਾਂ ਦਾ ਭਰੋਸਾ ਬਹਾਲ ਕਰਨ ਲਈ ਸੂਬੇ ਵਿੱਚ ਅਮਨ-ਕਾਨੂੰਨ ਦੀ ਵਿਵਸਥਾ ਨੂੰ ਯਕੀਨੀ ਬਣਾਉਣਾ ਮੁੱਖ ਤਰਜੀਹ ਹੈ। ਉਨ੍ਹਾਂ ਨੇ ਨਸ਼ਿਆਂ ਦੇ ਵਪਾਰ ਅਤੇ ਕਬੱਡੀ ਜਗਤ ਵਿੱਚ ਪਹਿਲਾਂ ਹੀ ਆਪਣੇ ਪੈਰ ਪਾਸਾਰ ਚੁੱਕੇ ਇਸ ਗਠਜੋੜ ਨੂੰ ਤੋੜਨ ਲਈ ਪੁਲਿਸ ਫੋਰਸ ਨੂੰ ਫੰਡਾਂ ਤੋਂ ਇਲਾਵਾ ਲੋੜੀਂਦੇ ਸਟਾਫ਼, ਨਵੀਨਤਮ ਸਾਜ਼ੋ-ਸਾਮਾਨ ਅਤੇ ਸੂਚਨਾ ਤਕਨਾਲੋਜੀ ਮੁਹੱਈਆ ਕਰਵਾਉਣ ਦਾ ਭਰੋਸਾ ਦਿੱਤਾ। ਹੋਰ ਜਾਣਕਾਰੀ ਦਿੰਦਿਆਂ ਮੁੱਖ ਮੰਤਰੀ ਨੇ ਕਿਹਾ ਕਿ ਏ.ਜੀ.ਟੀ.ਐਫ. ਦੇਸ਼ ਵਿੱਚ ਅਜਿਹੀਆਂ ਵਿਸ਼ੇਸ਼ ਯੂਨਿਟਾਂ ਦੀ ਤਰਜ਼ 'ਤੇ ਖੁਫੀਆ ਜਾਣਕਾਰੀ ਹਾਸਲ ਕਰਨਾ, ਕਾਰਵਾਈਆਂ ਕਰਨ, ਐਫ.ਆਈ.ਆਰਜ਼ ਦਰਜ ਕਰਨ, ਜਾਂਚ ਅਤੇ ਮੁਕੱਦਮਾ ਚਲਾਉਣ ਦਾ ਕੰਮ ਕਰੇਗੀ। ਜ਼ਿਲ੍ਹਿਆਂ ਦੇ ਪੁਲੀਸ ਕਮਿਸ਼ਨਰਾਂ ਅਤੇ ਐਸ.ਐਸ.ਪੀਜ਼ ਨੂੰ ਸੰਗਠਿਤ ਅਪਰਾਧਾਂ ਵਿਰੁੱਧ ਆਪਸੀ ਤਾਲਮੇਲ ਨਾਲ ਯਤਨ ਕਰਨ ਦੇ ਨਿਰਦੇਸ਼ ਦਿੰਦਿਆਂ ਭਗਵੰਤ ਮਾਨ ਨੇ ਕਿਹਾ ਕਿ ਸੂਬਾ ਭਰ ਵਿੱਚ ਸੰਗਠਿਤ ਅਪਰਾਧਾਂ ਵਿਰੁੱਧ ਕਾਰਵਾਈ ਕਰਨ ਲਈ ਸੂਬਾ ਪੱਧਰੀ ਅਧਿਕਾਰ ਖੇਤਰ ਵਾਲੇ ਨਵੇਂ ਥਾਣਿਆਂ ਨੂੰ ਜਲਦ ਹੀ ਨੋਟੀਫਾਈ ਕੀਤਾ ਜਾਵੇਗਾ ਤਾਂ ਜੋ ਆਮ ਲੋਕਾਂ ਦੇ ਮਨਾਂ ਵਿੱਚ ਗੈਂਗਸਟਰਾਂ ਵੱਲੋਂ ਫੈਲਾਈ ਦਹਿਸ਼ਤ ਨੂੰ ਦੂਰ ਕੀਤਾ ਜਾ ਸਕੇ।

ਮਾਨ ਨੇ ਸਪੱਸ਼ਟ ਤੌਰ 'ਤੇ ਕਿਹਾ ਕਿ ਉਨ੍ਹਾਂ ਨੇ ਸੂਬੇ ਦੀਆਂ ਵੱਖ-ਵੱਖ ਜੇਲ੍ਹਾਂ 'ਚ ਬੰਦ ਗੈਂਗਸਟਰਾਂ ਦੀਆਂ ਗਤੀਵਿ-ਧੀਆਂ 'ਤੇ ਸਖ਼ਤ ਨਜ਼ਰ ਰੱਖਣ ਲਈ ਜੇਲ੍ਹ ਵਿਭਾਗ ਨੂੰ ਪਹਿਲਾਂ ਹੀ ਨਿਰਦੇਸ਼ ਦਿੱਤੇ ਹਨ ਅਤੇ ਇਸ ਸਬੰਧ ਵਿਚ ਕਿਸੇ ਵੀ ਤਰ੍ਹਾਂ ਦੀ ਢਿੱਲ ਬਰਦਾਸ਼ਤ ਨਹੀਂ ਕੀਤੀ ਜਾਵੇਗੀ। ਸੰਗਰੂਰ ਜ਼ਿਲ੍ਹੇ ਵਿੱਚ ਅਪਰਾਧ ਦੀ ਦਰ ਵਿੱਚ ਭਾਰੀ ਗਿਰਾਵਟ ਲਿਆਉਣ ਸਬੰਧੀ ਆਪਣਾ ਨਿੱਜੀ ਤਜਰਬਾ ਸਾਂਝਾ ਕਰਦਿਆਂ ਮਾਨ ਨੇ ਕਿਹਾ ਕਿ ਬਤੌਰ ਸੰਸਦ ਮੈਂਬਰ ਉਨ੍ਹਾਂ ਨੇ ਆਪਣੇ ਐਮ.ਪੀ. ਫੰਡ ਵਿੱਚੋਂ ਜ਼ਿਲ੍ਹੇ ਦੇ ਪ੍ਰਮੁੱਖ ਕਸਬਿਆਂ ਵਿੱਚ ਸਥਾਨਕ ਪੁਲਿਸ ਸਟੇਸ਼ਨਾਂ ਨਾਲ ਜੁੜੇ ਵਾਈ-ਫਾਈ ਸੀਸੀਟੀਵੀ ਕੈਮਰੇ ਲਾਉਣ ਦੀ ਪਹਿਲਕਦਮੀ ਕੀਤੀ ਹੈ। ਭਗਵੰਤ ਮਾਨ ਨੇ ਕਿਹਾ, "ਇਸ ਪ੍ਰਾਜੈਕਟ ਤਹਿਤ ਬਹੁਤ ਘੱਟ ਕੀਮਤ 'ਤੇ ਹਾਈ-ਰੈਜ਼ੋਲਿਊਸ਼ਨ ਕੈਮਰੇ ਲਗਾਏ ਗਏ ਸਨ, ਜਿਨ੍ਹਾਂ ਨੇ 24 ਘੰਟੇ ਨਿਗਰਾਨੀ ਨੂੰ ਯਕੀਨੀ ਬਣਾ ਕੇ ਆਮ ਲੋਕਾਂ ਵਿੱਚ ਸੁਰੱਖਿਆ ਦੀ ਭਾਵਨਾ ਪੈਦਾ ਕੀਤੀ ਹੈ।" ਰੋਜ਼ਾਨਾ ਵਾਪਰਦੇ ਘਾਤਕ ਸੜਕ ਹਾਦਸਿਆਂ ਕਾਰਨ ਕਈ ਕੀਮਤੀ ਜਾਨਾਂ ਚਲੇ ਜਾਣ 'ਤੇ ਡੂੰਘੀ ਚਿੰਤਾ ਦਾ ਪ੍ਰਗਟਾਵਾ ਕਰਦਿਆਂ ਮਾਨ ਨੇ ਕਿਹਾ ਕਿ ਇਨ੍ਹਾਂ ਹਾਦਸਿਆਂ ਕਾਰਨ ਹਰੇਕ ਸਾਲ 5500 ਤੋਂ ਵੱਧ ਜਾਨਾਂ ਚਲੀਆਂ ਜਾਂਦੀਆਂ ਹਨ ਅਤੇ 1.15 ਲੱਖ ਦੇ ਕਰੀਬ ਲੋਕ ਇਸ ਕਾਰਨ ਜ਼ਖ਼ਮੀ ਹੋ ਜਾਂਦੇ ਹਨ। ਉਨ੍ਹਾਂ ਡੀ.ਜੀ.ਪੀ. ਨੂੰ ਕਿਹਾ ਕਿ ਉਹ ਹਾਈਵੇ ਪੈਟਰੋਲਿੰਗ ਪੁਲਿਸ ਦਾ ਇੱਕ ਵੱਖਰਾ ਵਿੰਗ ਬਣਾਉਣ ਲਈ ਇੱਕ ਵਿਆਪਕ ਤਜਵੀਜ਼ ਲੈ ਕੇ ਆਉਣ ਤਾਂ ਕਿ ਟ੍ਰੈਫਿਕ ਜਾਮ ਨੂੰ ਪ੍ਰਭਾਵਸ਼ਾਲੀ ਢੰਗ ਨਾਲ ਕੰਟਰੋਲ ਕਰਨ ਦੇ ਨਾਲ-ਨਾਲ ਦੁਰਘਟਨਾ ਪੀੜਤਾਂ ਨੂੰ ਸਮੇਂ ਸਿਰ ਡਾਕਟਰੀ ਸਹਾਇਤਾ ਯਕੀਨੀ ਬਣਾਈ ਜਾ ਸਕੇ ਜਿਸ ਨਾਲ ਕੀਮਤੀ ਮਨੁੱਖੀ ਜਾਨਾਂ ਨੂੰ ਬਚਾਇਆ ਜਾ ਸਕਦਾ ਹੈ।

ਉਨ੍ਹਾਂ ਅੱਗੇ ਕਿਹਾ ਕਿ ਮਸ਼ਹੂਰ ਟੀ.ਵੀ. ਹਸਤੀ ਜਸਪਾਲ ਭੱਟੀ ਦੀ ਸੜਕ ਹਾਦਸੇ ਵਿੱਚ ਮੌਤ ਤੋਂ ਬਾਅਦ 136 ਬਲੈਕ ਸਪਾਟਸ (ਦੁਰਘਟਨਾਗ੍ਰਸਤ ਥਾਵਾਂ) ਦੀ ਪਛਾਣ ਕੀਤੀ ਗਈ ਸੀ ਪਰ ਬਦਕਿਸਮਤੀ ਨਾਲ ਜ਼ਮੀਨੀ ਪੱਧਰ 'ਤੇ ਕੋਈ ਠੋਸ ਕਦਮ ਨਹੀਂ ਚੁੱਕੇ ਗਏ। ਉਨ੍ਹਾਂ ਨੇ ਹਰੇਕ ਪੁਲਿਸ ਵਾਹਨ ਵਿੱਚ ਇੱਕ ਫਸਟ ਏਡ ਕਿੱਟ ਰੱਖਣ ਦੀ ਲੋੜ 'ਤੇ ਵੀ ਜ਼ੋਰ ਦਿੱਤਾ ਤਾਂ ਜੋ ਲੋੜ ਪੈਣ ਉਤੇ ਸੜਕ 'ਤੇ ਹੀ ਕਿਸੇ ਵੀ ਜ਼ਖਮੀ ਨੂੰ ਡਾਕਟਰੀ ਸਹਾਇਤਾ ਦਿੱਤੀ ਜਾ ਸਕੇ।

ਭਗਵੰਤ ਮਾਨ ਨੇ ਫੀਲਡ ਅਤੇ ਹੈ-ਡਕੁਆਰਟਰ ਵਿੱਚ ਤਾਇਨਾਤ ਸਾਰੇ ਪੁਲਿਸ ਅਧਿਕਾਰੀਆਂ ਨੂੰ ਸਮੇਂ ਦੇ ਪਾਬੰਦ ਰਹਿਣ ਅਤੇ ਅਨੁਸ਼ਾਸਨ ਬਣਾਈ ਰੱਖਣ ਲਈ ਕਿਹਾ ਤਾਂ ਜੋ ਲੋਕਾਂ ਦਾ ਵਿਸ਼ਵਾਸ ਜਿੱਤਿਆ ਜਾ ਸਕੇ। ਉਨ੍ਹਾਂ ਕਿਹਾ ਕਿ ਇਸ ਨਾਲ ਪੁਲਿਸ ਬਲ ਨੂੰ ਆਪਣਾ ਅਕਸ ਸੁਧਾਰਨ ਵਿੱਚ ਮਦਦ ਮਿਲੇਗੀ।

ਇਸ ਤੋਂ ਪਹਿਲਾਂ ਮੁੱਖ ਮੰਤਰੀ ਦਾ ਸਵਾਗਤ ਕਰਦਿਆਂ ਡੀ.ਜੀ.ਪੀ. ਵੀ.ਕੇ. ਭਾਵਰਾ ਨੇ ਉਨ੍ਹਾਂ ਨੂੰ ਭਰੋਸਾ ਦਿਵਾਇਆ ਕਿ ਸਮੁੱਚਾ ਪੁਲਿਸ ਬਲ ਆਮ ਲੋਕਾਂ ਦੀਆਂ ਉਮੀਦਾਂ 'ਤੇ ਖਰਾ ਉਤਰਨ ਲਈ ਪੂਰੀ ਲਗਨ, ਇਮਾਨਦਾਰੀ ਅਤੇ ਪੇਸ਼ੇਵਰ ਵਚਨਬੱਧਤਾ ਨਾਲ ਆਪਣੀ ਡਿਊਟੀ ਨਿਭਾਏਗਾ।

ਵਿਸ਼ੇਸ਼ ਡੀ.ਜੀ.ਪੀ. ਇੰਟੈਲੀਜੈਂਸ ਪ੍ਰਬੋਧ ਕੁਮਾਰ ਵੱਲੋਂ ਆਪਣੀ ਸੰਖੇਪ ਪੇਸ਼ਕਾਰੀ ਦੌਰਾਨ ਸਾਈਬਰ ਅਪਰਾਧਾਂ ਕਾਰਨ ਕਾਨੂੰਨ ਵਿਵਸਥਾ ਸਬੰਧੀ ਉਭਰਦੀਆਂ ਚੁਣੌਤੀਆਂ ਦਾ ਸਾਹਮਣਾ ਕਰਨ ਲਈ ਪੁਲਿਸ ਵਿਭਾਗ ਦੀਆਂ ਵੱਖ-ਵੱਖ ਮੰਗਾਂ ਰੱਖੀਆਂ ਗਈਆਂ, ਜਿਸ ਦਾ ਹਵਾਲਾ ਦਿੰਦਿਆਂ ਮੁੱਖ ਸਕੱਤਰ ਅਨਿਰੁਧ ਤਿਵਾੜੀ ਨੇ ਦੱਸਿਆ ਕਿ ਉਹ ਪਹਿਲਾਂ ਹੀ ਇਨ੍ਹਾਂ

# ਹੁਣ ਚੰਡੀਗੜ੍ਹ 'ਤੇ ਹਰਿਆਣੇ ਨੇ ਵਿਧਾਨ ਸਭਾ 'ਚ ਕਰ ਦਿੱਤਾ ਮਤਾ ਪਾਸ

**(ਸਫਾ 1 ਦੀ ਬਾਕੀ)**

ਭਾਸ਼ੀ ਬਣਾਕੇ ਆਪਣੇ ਵਿੱਚ ਯਤਨਪੂਰਵਕ ਸ਼ਾਮਲ ਕਰ ਲਿਆ ਸੀ । ਉਸ ਪਿੰਡ ਦੇ ਲੋਕਾਂ ਨੂੰ ਨਾ ਜਾਣੇ ਕੀ - ਕੀ ਵਾਅਦੇ ਕੀਤੇ ਗਏ ਸਨ। ਅੱਜ ਅਖਬਾਰਾਂ ਵਿੱਚ ਵੱਖ - ਵੱਖ ਰਿਪੋਰਟ ਪ੍ਰਕਾਸ਼ਿਤ ਹੋ ਰਹੀ ਹਨ ਕਿ ਉਸ ਪਿੰਡ ਦੇ ਲੋਕਾਂ ਨੂੰ ਕੁੱਝ ਨਹੀਂ ਮਿਲਿਆ। ਮੁੱਖ ਮੰਤਰੀ ਮਨੋਹਰ ਲਾਲ ਨੇ ਕਿਹਾ ਕਿ ਹਰਿਆਣਾ ਨੂੰ ਏਸਵਾਈਏਲ ਦਾ ਪਾਣੀ ਨਿਸ਼ਚਿਤ ਤੌਰ ਉੱਤੇ ਮਿਲੇਗਾ । ਇਸ ਨ੍ਹੂੰ ਲੈ ਕੇ ਸੁਪਰੀਮ ਕੋਰਟ ਵਿੱਚ ਲੜਾਈ ਲੜੀ ਜਾ ਰਹੀ ਹੈ । ਜਲਦ ਹੀ ਐਸਵਾਈਐਲ 'ਤੇ ਐਗਜੀਕਿਊਸ਼ਨ ਆਰਡਰ ਲਿਆ ਜਾਵੇਗਾ। ਉਨ੍ਹਾਂ ਕਿਹਾ ਕਿ ਸਤਲੁਜ-ਜਮੁਨਾ ਲਿੰਕ ਨਹਿਰ ਦੇ ਉਸਾਰੀ ਵੱਲੋਂ ਰਾਵੀ ਅਤੇ ਬਿਆਸ ਨਦੀਆਂ ਦੇ ਪਾਣੀ ਵਿੱਚ ਹਿੱਸਾ ਪਾਉਣ ਦਾ ਹਰਿਆਣਾ ਦਾ ਅਧਿਕਾਰ ਇਤਿਹਾਸਕ , ਕਾਨੂੰਨੀ , ਕਾਨੂੰਨੀ ਅਤੇ ਸੰਵਿਧਾਨਕ ਰੂਪ ਸੇ ਬਹੁਤ ਸਮਾਂ ਤੋਂ ਸਥਾਪਤ ਹੈ । ਸਦਨ ਨੇ ਐਸਵਾਈਐਲ ਛੇਤੀ ਤੋਂ ਛੇਤੀ ਪੂਰਾ ਕਰਨ ਲਈ ਸੱਤ ਵਾਰ ਪ੍ਰਸਤਾਵ ਪਾਸ ਕੀਤੇ ਹਨ। 2002 ਵਿੱਚ ਸੁਪ੍ਰੀਮ ਕੋਰਟ ਨੇ ਐਸਵਾਈਐਲ ਦਾ ਪਾਣੀ ਹਰਿਆਣਾ ਨੂੰ ਮਿਲਣਾ ਚਾਹੀਦਾ ਹੈ , ਇਸ ਉੱਤੇ ਫੈਸਲਾ ਦਿੱਤਾ ਸੀ ।

ਹੁਣ ਐਸਵਾਈਐਲ 'ਤੇ ਐਗਜੀਕਿਊਸ਼ਨ ਆਰਡਰ ਦਾ ਇੰਤਜ਼ਾਰ ਕੀਤਾ ਜਾ ਰਿਹਾ ਹੈ। ਮੁੱਖ ਮੰਤਰੀ ਸ਼੍ਰੀ ਮਨੋਹਰ ਲਾਲ ਨੇ ਕਿਹਾ ਕਿ ਭਾਖੜਾ- ਬਿਆਸ ਪਰਬੰਧਨ ਬੋਰਡ ( ਬੀਬੀਐਮਬੀ ) ਵਿੱਚ ਹਰਿਆਣਾ - ਪੰਜਾਬ ਦੀ ਮੈਂਬਰੀ ਪਹਿਲਾਂ ਦੀ ਤਰ੍ਹਾਂ ਰਹਿਣੀ ਚਾਹੀਦੀ ਹੈ । ਇਸ ਸਬੰਧ ਵਿੱਚ ਉਨ੍ਹਾਂਨੇ ਕੇਂਦਰ ਨੂੰ ਤਿੰਨ ਵਾਰ ਪੱਤਰ ਲਿਖੇ ਹਨ। ਪਹਿਲਾ ਪੱਤਰ 19, 04, 2021 ਨੂੰ , ਦੂਜਾ ਪੱਤਰ 22, 09, 2021 ਨੂੰ ਅਤੇ ਤੀਜਾ ਪੱਤਰ 01, 03, 2022 ਨੂੰ ਲਿਖਿਆ ਹੈ । ਕੇਂਦਰ ਸਰਕਾਰ ਵੱਲੋਂ ਹਾਲ ਹੀ ਵਿੱਚ ਬੀਬੀਐਮਬੀ ਵਿੱਚ ਪਹਿਲਾਂ ਤੋਂ ਹੀ ਮੈਬਰਾਂ ਦੀ ਨਿਯੁਕਤੀ ਪੰਜਾਬ ਪੁਨਰਗਠਨ ਅਧਿਨਿਯਮ , 1966 ਦੀ ਭਾਵਨਾ ਦੇ ਖਿਲਾਫ ਹੈ । ਕੇਂਦਰ ਸਰਕਾਰ ਵੱਲੋਂ ਬੀਬੀਐਮਬੀ ਨੂੰ ਬਿਜਲੀ ਵਿਭਾਗ ਦੀ ਬਜਾਏ ਸਿੰਚਾਈ ਵਿਭਾਗ ਵਿੱਚ ਲੈਣਾ ਚਾਹੀਦਾ ਹੈ ।

ਮੁੱਖ ਮੰਤਰੀ ਸ਼੍ਰੀ ਮਨੋਹਰ ਲਾਲ ਨੇ ਚੰਡੀਗੜ ਵਿੱਚ ਹਰਿਆਣਾ ਸਰਕਾਰ ਦੇ ਅਧਿਕਾਰੀਆਂ ਦੀ ਘਟਤੀ ਪ੍ਰਤੀ-ਨਿਯੁਕਤੀ ਉੱਤੇ ਵੀ ਚਿੰਤਾ ਜਤਾਈ । ਉਨ੍ਹਾਂ ਨੇ ਕਿਹਾ ਕਿ ਪਿਛਲੇ ਕੁੱਝ ਸਾਲਾਂ ਤੋਂ ਕੇਂਦਰ ਸ਼ਾਸਿਤ ਪ੍ਰਦੇਸ਼ ਚੰਡੀਗੜ ਦੇ ਪ੍ਰਸ਼ਾਸਨ ਵਿੱਚ ਹਰਿਆਣਾ ਸਰਕਾਰ ਤੋਂ ਪ੍ਰਤੀਨਿਯੁਕਤੀ 'ਤੇ ਜਾਣ ਵਾਲੇ ਅਧਿਕਾਰੀਆਂ ਦੀ ਹਿੱਸੇਦਾਰੀ ਵੀ ਘੱਟ ਹੋ ਰਹੀ ਹੈ । ਇਸ ਨੂੰ ਪੂਰਾ ਕੀਤਾ ਜਾਣਾ ਚਾਹੀਦਾ ਹੈ ।

ਮੁੱਖ ਮੰਤਰੀ ਸ਼੍ਰੀ ਮਨੋਹਰ ਲਾਲ ਨੇ ਸੰਕਲਪ ਪ੍ਰਸਤਾਵ ਵਿੱਚ ਕੇਂਦਰ ਸਰਕਾਰ ਨੂੰ ਅਪੀਲ ਕੀਤੀ ਹੈ ਕਿ ਅਜਿਹਾ ਕੋਈ ਕਦਮ ਨਾ ਚੁੱਕਿਆ ਜਾਵੇ, ਜਿਸ ਦੇ ਨਾਲ ਮੌਜੂਦਾ ਸੰਤੁਲਨ ਵਿਗੜ ਜਾਵੇ ਅਤੇ ਜਦੋਂ ਤੱਕ ਪੰਜਾਬ ਪੁਨਰਗਠਨ ਤੋਂ ਪੈਦਾ ਮੁੱਦਿਆਂ ਦਾ ਸਮਾਧਾਨ ਨਾ ਹੋਵੇ ਜਾਵੇ।

ਉਨ੍ਹਾਂ ਕਿਹਾ ਕਿ ਕੇਂਦਰ ਸਰਕਾਰ ਪੰਜਾਬ ਸਰਕਾਰ ਉੱਤੇ ਦਬਾਅ ਬਣਾਏ ਕਿ ਉਹ ਆਪਣਾ ਮਾਮਲਾ ਵਾਪਸ ਲਵੇ ਅਤੇ ਹਰਿਆਣਾ ਨੂੰ ਪਾਣੀ ਦੀ ਕਮੀ ਵਾਲੇ ਖੇਤਰਾਂ ਵਿੱਚ ਪਾਣੀ ਲੈ ਜਾਣ ਅਤੇ ਸਮਾਨ ਵੰਡ ਲਈ ਹਾਂਸੀ-ਬੁਟਾਣਾ ਨਹਿਰ ਦੀ ਮੰਜ਼ੂਰੀ ਦੇਣ।

# ਸ੍ਰੀ ਗੁਰੂ ਰਵਿਦਾਸ ਮਿਸ਼ਨ ਪ੍ਰਚਾਰ ਸੰਸਥਾ ਵੱਲੋਂ ਐਨੀਮੇਸ਼ਨ ਫਿਲਮ ਜੈ ਭੀਮ ਦਾ ਪੋਸਟਰ ਜਾਰੀ






ਸ੍ਰੀ ਗੁਰੂ ਰਵਿਦਾਸ ਮਿਸ਼ਨ ਪ੍ਰਚਾਰ ਸੰਸਥਾ ਪੰਜਾਬ ਰਜਿ ਬਿਨਪਾਲਕੇ ਵੱਲੋਂ ਡਾ ਭੀਮ ਰਾਓ ਅੰਬੇਡਕਰ ਚੇਤਨਾ ਸੁਸਾਇਟੀ ਭੋਗਪੁਰ ਦੇ ਸਹਿਯੋਗ ਨਾਲ ਕੇ। ਐਮ। ਕੰਸਟਰਕਸ਼ਨ ਕੰਪਨੀ ਆਦਮਪੁਰ ਰੋਡ ਬਿਨਪਾਲਕੇ ਵਿਖੇ ਇਕ ਵਿਸ਼ਾਲ ਮੀਟਿੰਗ ਕਰਕੇ 14 ਅਪ੍ਰੈਲ ਨੂੰ ਸੰਸਾਰ ਭਰ ਵਿਚ ਰਿਲੀਜ਼ ਹੋ ਰਹੀ ਐਨੀਮੇਸ਼ਨ ਫਿਲਮ ਜੈ ਭੀਮ ਦਾ ਪੋਸਟਰ ਜਾਰੀ ਕੀਤਾ ਗਿਆ। ਇਸ ਮੌਕੇ ਫਿਲਮ ਦੇ ਪ੍ਰੋਡਿਊਸਰ ਡਾ ਹਰਿੰਦਰਪਾਲ ਨੇ ਵਿਸ਼ੇਸ਼ ਤੌਰ ਤੇ ਸ਼ਿਰਕਤ ਕੀਤੀ। ਉਨ੍ਹਾਂ ਨੇ ਦੱਸਿਆ ਕਿ ਇਹ ਫ਼ਿਲਮ ਦੇਖ ਕੇ ਦਰਸ਼ਕ ਬਾਬਾ ਸਾਹਿਬ ਡਾ ਅੰਬੇਡਕਰ ਦੇ ਜੀਵਨ ਤੋਂ ਵੱਡੀ ਪ੍ਰੇਰਨਾ ਪ੍ਰਾਪਤ ਕਰਨਗੇ। ਕਠਿਨ ਪ੍ਰਸਥਿਤੀਆਂ ਵਿੱਚੋਂ ਗੁਜ਼ਰਨ ਵਾਲੇ ਨੌਜਵਾਨਾ ਅਤੇ ਵਿਦਿਆਰਥੀਆਂ ਲਈ ਇਹ ਫ਼ਿਲਮ ਮਾਰਗਦਰਸ਼ਕ ਸਾਬਿਤ ਹੋਵੇਗੀ। ਸੰਸਥਾ ਦੇ ਜਨਰਲ ਸਕੱਤਰ ਚਰਨਜੀਤ ਸਿੰਘ ਬਿਨਪਾਲਕੇ ਨੇ ਹਜਰ ਮੈਂਬਰਾਂ ਨੂੰ ਇਸ ਫ਼ਿਲਮ ਦੀ ਵੱਧ ਤੋਂ ਵੱਧ ਪ੍ਰਮੋਸ਼ਨ ਕਰਨ ਦੀ ਅਪੀਲ ਕੀਤੀ। ਇੰਜੀਨੀਅਰ ਮਦਨ ਲਾਲ ਨੇ ਆਪਣੇ ਸੰਬੋਧਨ ਵਿਚ ਕਿਹਾ ਕਿ ਡਾ। ਅੰਬੇਡਕਰ ਜੀ ਦੇ ਜਨਮ ਦਿਵਸ ਤੇ ਸਾਨੂੰ ਆਪਣੇ ਪਰਿਵਾਰਾਂ ਸਹਿਤ ਇਹ ਫ਼ਿਲਮ ਦੇਖ ਕੇ ਉਨ੍ਹਾਂ ਦਾ ਜਨਮ ਦਿਨ ਮਨਾਉਣਾ ਚਾਹੀਦਾ ਹੈ। ਉਨ੍ਹਾਂ ਨੇ ਪੰਜਾਹ ਟਿਕਟਾਂ ਦੀ ਅਗਾਊਂ ਬੁਕਿੰਗ ਵੀ ਕਰਵਾਈ। ਡਾ। ਹਰਿੰਦਰਪਾਲ ਵੱਲੋਂ ਵਿਸ਼ੇਸ਼ ਤੌਰ ਤੇ ਪਹੁੰਚਣ ਤੇ ਉਨ੍ਹਾਂ ਨੂੰ ਬਾਬਾ ਸਾਹਿਬ ਦੀ ਤਸਵੀਰ ਭੇਟ ਕਰਕੇ ਸਨਮਾਨਤ ਕੀਤਾ ਗਿਆ। ਸਟੇਜ ਸਕੱਤਰ ਦੀ ਭੂਮਿਕਾ ਮਾਸਟਰ ਸੂਰਤੀ ਲਾਲ ਨੇ ਨਿਭਾਈ।

ਇਸ ਮੌਕੇ ਵਿਜੇ ਕੁਮਾਰ, ਅਰਸ਼ਦੀਪ, ਸਰਬਜੀਤ ਸਨੌਰਾ, ਲਸ਼ਕਰ ਸਿੰਘ, ਸੁਰਜੀਤ ਲਾਲ, ਓਮ ਪ੍ਰਕਾਸ਼, ਰੋਸ਼ਨ ਸੋਂਧੀ, ਕਮਲਜੀਤ, ਸੱਤਪਾਲ ਸਿੰਘ, ਬਖਸ਼ੀ ਰਾਮ, ਹਰਜਿੰਦਰ ਸਿੰਘ, ਰਣਜੀਤ ਸਿੰਘ, ਅਜੀਤ ਰਾਮ ਅਤੇ ਹੋਰ ਮੈਂਬਰ ਹਾਜਰ ਸਨ।

**– ਚਰਨਜੀਤ ਬਿਨਪਾਲਕੇ**

## ਨਿਊਜ਼ੀਲੈਂਡ ਦੇ ਸਿਹਤ ਨਿਰਦੇਸ਼ਕ ਜੁਲਾਈ ਮਹੀਨੇ ਅਸਤੀਫਾ ਦੇਣਗੇ-ਪਰਿਵਾਰ ਨਾਲ ਸਮਾਂ ਬਿਤਾਉਣਾ ਹੈ ਕਾਰਨ

**ਔਕਲੈਂਡ (ਹਰਜਿੰਦਰ ਸਿੰਘ ਬਸਿਆਲਾ)–** ਨਿਊਜ਼ੀਲੈਂਡ ਨੇ ਕਰੋਨਾ ਦੀ ਮਹਾਂਮਾਰੀ ਦੇ ਨਾਲ ਲੜਾਈ ਲੜਦਿਆਂ ਇਕ ਵਾਰ ਤਾਂ ਪੂਰੇ ਵਿਸ਼ਵ ਦਾ ਧਿਆਨ ਆਪਣੇ ਵੱਲ ਖਿਚਿਆ ਸੀ, ਪ੍ਰਧਾਨ ਮੰਤਰੀ ਦੀ ਵੀ ਤਰੀਫ ਹੋਈ ਅਤੇ ਇਸ ਲੜਾਈ ਦੀ ਨਿਰਦੇਸ਼ਨਾ ਕੌਣ ਕਰ ਰਿਹਾ ਹੈ? ਬਾਰੇ ਵੀ ਚਰਚਾ ਰਹੀ। ਇਸ ਲੜਾਈ ਦੀ ਨਿਰਦੇਸ਼ਨਾ ਡਾ ਬਲੂਮਫੀਲਡ ਐਸ਼ਲੇ (56) ਨੇ ਕੀਤੀ ਸੀ, ਅਤੇ ਦੇਸ਼ ਦੀ ਪ੍ਰਧਾਨ ਮੰਤਰੀ ਜੈਸਿੰਡਾ ਆਰਡਨ ਦਾ ਅੱਧਾ ਫਿਕਰ ਵੀ ਚੁੱਕੀ ਰੱਖਿਆ ਸੀ ਕਿਉਂਕ ਕਰੋਨਾ ਸਬੰਧੀ ਪ੍ਰੈਸ ਕਾਨਫਰੰਸ ਵੇਲੇ ਸਾਰੇ ਤਕਨੀਕੀ ਸਵਾਲਾਂ ਦੇ ਜਵਾਬ ਉਹ ਹੀ ਦਿਆ ਕਰਦੇ ਸਨ। ਜ਼ਾਹਿਰ ਹੈ ਕਿ ਉਨ੍ਹਾਂ ਨੇ ਪਿਛਲੇ 2 ਸਾਲਾਂ ਤੋਂ ਵੱਧ ਸਮੇਂ ਤੋਂ ਚੱਲ ਰਹੇ ਕਰੋਨਾ ਕਾਲ ਦੌਰਾਨ ਆਪਣੇ ਪਰਿਵਾਰ ਨੂੰ ਬਹੁਤ ਘੱਟ ਸਮਾਂ ਦਿੱਤਾ ਹੋਵੇਗਾ ਅਤੇ ਉਨ੍ਹਾਂ ਇਹ ਗੱਲ ਪ੍ਰਧਾਨ ਮੰਤਰੀ ਨਾਲ ਜ਼ਾਹਿਰ ਕੀਤੀ ਹੋਵੇਗੀ। ਪ੍ਰਧਾਨ ਮੰਤਰੀ ਨੇ ਲਗਦਾ ਹੈ ਕਿ ਉਨ੍ਹਾਂ ਕੁਝ ਸਮੇਂ ਲਈ ਟਿਕੇ ਰਹਿਣ ਲਈ ਮਨਾ ਲਿਆ ਹੈ ਅਤੇ ਇਸ ਤੋਂ ਪਹਿਲਾਂ ਕਿ ਉਹ ਐਲਾਨ ਕਰਨ ਕਿ ਕਦੋਂ ਅਸਤਫਾ ਦੇ ਰਹੇ ਹਨ ਪ੍ਰਧਾਨ ਮੰਤਰੀ ਨੇ ਉਨ੍ਹਾਂ ਦੀ ਤਰੀਫ ਵਿਚ,




ਅਣਥੱਕ ਸੇਵਾ, ਠੰਡੇ ਸੁਭਾਅ ਅਤੇ ਦਿੱਤੀਆਂ ਹੋਰ ਸੇਵਾਵਾਂ ਸਬੰਧੀ ਲਿਖ ਕੇ ਇੰਸਟਾਗ੍ਰਾਮ ਉਤੇ ਪਾ ਦਿੱਤਾ ਹੈ ਅਤੇ ਦੇਸ਼ ਵੱਲੋਂ ਧੰਨਵਾਦ ਵੀ ਕਰ ਦਿੱਤਾ ਹੈ। ਜੁਲਾਈ ਮਹੀਨੇ ਉਹ ਇਸ ਸੇਵਾ ਤੋਂ ਅਸਤੀਫਾ ਦੇ ਸਕਦੇ ਹਨ ਜਾਂ ਥੱਲੇ ਵਾਲੇ ਕਿਸੇ ਰੋਲ ਉਤੇ ਜਾਣਗੇ। ਉਨ੍ਹਾਂ ਦਾ ਕਹਿਣਾ ਹੈ ਕਿ ਉਹ ਆਪਣਾ ਕੁਝ ਸਮਾਂ ਪਰਿਵਾਰ (ਪਤਨੀ ਡਾ ਲਿੱਬੀ ਬਲੂਮਫੀਲਡ ਅਧਿਆਪਕ ਅਤੇ ਤਿੰਨ ਬੱਚਿਆਂ) ਨਾਲ ਬਿਤਾਉਣਾ ਚਾਹੁੰਦੇ ਹਨ।

ਡਾ ਬਲੂਮਫੀਲਡ 11 ਜੂਨ 2018 ਤੋਂ ਸਿਹਤ ਨਿਰਦੇਸ਼ਕ ਵਜੋਂ ਸੇਵਾਵਾਂ ਨਿਭਾਅ ਰਹੇ ਹਨ। ਉਨ੍ਹਾਂ ਦਾ ਪੂਰਾ ਨਾਂਅ ਐਸ਼ਲੇ ਰੌਬਿਨ ਬਲੂਮਫੀਲਡ ਹੈ ਅਤੇ ਉਨ੍ਹਾਂ ਦਾ ਜਨਮ ਨੇਪੀਅਰ ਵਿਖੇ ਹੋਇਆ ਹੈ। 1990 ਦੇ ਵਿਚ ਉਨ੍ਹਾਂ ਯੂਨੀਵਰਸਿਟੀ ਆਫ ਔਕਲੈਂਡ ਤੋਂ ਡਾਕਟਰੀ ਦੀ ਪੜ੍ਹਾਈ ਪੂਰੀ ਕੀਤੀ ਸੀ। ਉਹ ਸਿਹਤ ਵਿਭਾਗ ਦੇ ਬਹੁਤ ਸਾਰੇ ਅਹੁਦਿਆਂ ਉਤੇ ਰਹਿਣ ਤੋਂ ਬਾਅਦ ਇਸ ਉਚ ਅਹੁਦੇ ਉਤੇ ਪੁੱਜੇ ਸਨ। ਤਾਜ਼ਾ ਮੰਗਵਾਈ ਜਾਣਕਾਰੀ ਅਨੁਸਾਰ ਉਨ੍ਹਾਂ ਦੀ ਤਨਖਾਹ 4 ਲੱਖ 84 ਹਜ਼ਾਰ ਹੈ। ਜਦ ਕਿ ਪ੍ਰਧਾਨ ਮੰਤਰੀ ਦੀ ਤਨਖਾਹ 4,71,049 ਡਾਲਰ ਸਲਾਨਾ (ਪ੍ਰਤੀ ਦਿਨ 1811,73 ਡਾਲਰ) ਹੈ ਅਤੇ 22,606 ਡਾਲਰ ਦੇ ਭੱਤੇ ਵੱਖਰੇ ਹਨ।


## ਜੈ ਭੀਮ ਫਿਲਮ ਦੀ ਖੁਸ਼ੀ ਵਿਚ ਬੱਚੇ ਵੀ ਝੂੰਮ ਉਠੇ




# ਗੈਸ ਦੀਆਂ ਵਧੀਆਂ ਕੀਮਤਾਂ ਨੇ ਹਿਲਾਇਆ ਰਸੋਈ ਦਾ ਬਜਟ

**ਲਸਾੜਾ/ਉੜਾਪੜ (ਬੱਗਾ ਸੇਲਕੀਆਣਾ)–** ਮਹਿੰਗਾਈ ਅਤੇ ਬੇਰੁਜਗਾਰੀ ਦੇ ਦੌਰ ਵਿੱਚ ਗੁਜਰਦਿਆਂ ਅੱਜ ਦੇ ਮਾਹੌਲ ਘਰ ਚਲਾਉਣਾ ਬੜਾ ਮੁਸ਼ਕਿਲ ਹੋ ਗਿਆ ਤੇ ਸਰਕਾਰਾਂ ਨੇ ਮਹਿੰਗਾਈ ਬਾਰੇ ਕੋਈ ਕਦਮ ਨਹੀਂ ਚੁਕਿਆ ਜਿਸ ਕਰਕੇ ਕੇਂਦਰ ਸਰਕਾਰ ਨੇ ਰੋਜ ਮਰਾ ਜਿੰਦਗੀ ਚ ਵਰਤੇ ਜਾਣ ਵਾਲੀ ਚੀਜ ਮਹਿੰਗੀ ਕਰ ਦਿਤੀ ਜਿਸ ਕਾਰਨ ਲੋਕ ਮੁਸ਼ਕਿਲਾਂ ਚ ਘਿਰਦੇ ਜਾ ਰਹੇ ਤੇ ਹਰ ਰੋਜ ਪੈਟਰੋਲ,ਡੀਜਲ ਦਾ ਵੱਧਣਾ ਵੀ ਚਿੰਤਾ ਦਾ ਵਿਸ਼ਾ ਹੈ ਤੇ ਮੋਦੀ ਸਰਕਾਰ ਨੇ ਘਰੇਲੂ ਗੈਸ ਸਿਲੰਡਰਾਂ 'ਚ 250 ਰੁਪਏ ਵਧਾਕੇ ਸਾਰੇ ਘਰ ਦਾ ਬੱਜਟ ਹੀ ਹਿਲਾ ਦਿਤਾ ਇਸ ਸਬੰਧੀ ਕੁਝ ਵਿਚਾਰ ਮਹਿਲਾਵਾਂ ਨੇ ਸਾਂਝੇ ਕੀਤੇ। ਬਲਵਿੰਦਰ ਕੋਰ ਸਰਪੰਚ ਝਿੰਗੜ ਨੇ ਆਖਿਆ ਕਿ ਆਏ ਦਿਨ ਸਰਕਾਰਾਂ ਬਿਨਾਂ ਕੁਝ ਸੋਚੇ ਸਮਝੇ ਚੀਜਾਂ ਦੀਆਂ ਕੀਮਤਾਂ ਵਧਾ ਰਹੀਆਂ ਹਨ ਕੀ ਕਦੇ ਸੋਚਿਆ ਕਿ ਲੋਕ ਇੰਨੀ ਮਹਿੰਗੀ ਚੀਜ ਕਿਵੇਂ ਖਰੀਦਣਗੇ ਬੇਰੁਜਗਾਰੀ, ਮਹਿੰਗਾਈ, ਭ੍ਰਿਸ਼ਟਾਚਾਰ, ਨਸ਼ਾਖੋਰੀ ਨੇ ਲੋਕਾਂ ਨੂੰ ਮੁਸ਼ਕਿਲਾਂ ਚ ਫਸਾ ਰੱਖਿਆ ਉਪਰੌਂ ਲੀਡਰ ਕੋਈ ਜਿਹੜਾ ਮਰਜੀ ਹੋਵੇ ਉਸ ਨੇ ਕਦੇ ਸਦਨ 'ਚ ਜਾ ਕੇ ਮਹਿੰਗਾਈ ਤੇ ਬੇਰੁਜਗਾਰੀ ਬਾਰੇ ਬੋਲਿਆ ਤੁਹਾਨੂੰ ਵੋਟਾਂ ਪਾਉਣ ਦਾ ਕੋਈ ਫਾਇਦਾ ਨਹੀਂ ਉਨਾਂ ਕੇਂਦਰ 'ਚ ਮੋਦੀ ਸਰਕਾਰ ਨੂੰ ਆਖਿਆ ਕਿ ਗੈਸ ਸਿਲੰਡਰਾਂ ਦੇ ਰੇਟ ਘਟਾਏ ਜਾਣ,ਰੇਸ਼ਮੋ ਸਰਪੰਚ ਲਸਾੜਾ ਨੇ ਕਿਹਾ ਜਿਸ ਟਾਇਮ ਕੇਂਦਰ ਕਾਂਗਰਸ ਦੀ ਸਰਕਾਰ ਸੀ ਚਾਰ ਸੋ ਰੁਪਏ ਸਿਲੰਡਰ ਮਿਲਦਾ ਸੀ ਤੇ ਉਸ ਸਮੇਂ ਭਾਜਪਾ ਵਾਲੇ ਥਾਲੀਆਂ ਖੜਕਾਉਦੇ ਸੀ ਕਿ ਗੈਸ ਦੀਆਂ ਕੀਮਤਾਂ ਘੱਟ ਕਰੋ ਅੱਜ ਉਸ ਸਮੇਂ ਤੋਂ ਤਿੰਨ ਗੁਣਾ ਗੈਸ ਦੇ ਰੇਟ ਵਧਾ ਦਿਤੇ ਅੱਜ ਭਾਜਪਾ ਦੇ ਲੀਡਰ ਕਿਥੇ ਗਏ ਉਨਾਂ ਕੇਂਦਰ ਸਰਕਾਰ ਪੁਰਜੋਰ ਅਪੀਲ ਕੀਤੀ ਕਿ ਗੈਸ ਦੀਆਂ ਕੀਮਤਾਂ ਘਟਾਈਆਂ ਜਾਣ ਨਹੀਂ ਦੇਸ਼ ਦੀਆਂ ਮਹਿਲਾਵਾਂ ਸ਼ੰਘਰਸ਼ ਕਰਨ ਨੂੰ ਮਜਬੂਰ ਹੋਣਗੀਆਂ। ਉਘੀ ਸਮਾਜ ਸੇਵਿਕਾ ਬਲਵਿੰਦਰ ਕੋਰ ਬੱਧਣ ਨੇ ਆਖਿਆ ਹਰੇਕ ਮਹੀਨੇ ਦਾ ਬੱਜਟ ਔਰਤ ਬਣਾਉਦੀ ਹੈ ਤੇ ਹਰੇਕ ਵਾਰ ਇਨਾਂ ਚੀਜਾਂ ਦੇ ਰੇਟ ਵੱਧਣੇ ਚਿੰਤਾ ਚ ਪਾ ਰਹੇ ਹਨ। ਕੇਂਦਰ ਦੀ ਮੋਦੀ ਸਰਕਾਰ ਨੇ ਗੈਸ ਸਲੰਡਰਾਂ ਦੀਆਂ ਕੀਮਤਾਂ ਚ ਵਾਧਾ ਕਰਕੇ ਰਸੋਈ ਦਾ ਬੱਜਟ ਹਿਲਾ ਦਿਤਾ ਕੇਂਦਰ ਸਰਕਾਰ ਨੂੰ ਚਾਹੀਦਾ ਕਿ ਜਲਦ ਤੋਂ ਜਲਦ ਗੈਸ ਕੀਮਤਾ ਘਟਾਈਆਂ ਜਾਣ ਨਹੀਂ ਤਾਂ ਮਹਿਲਾਵਾਂ ਰੋਸ ਧਰਨੇ ਲਗਾਉਣ ਲਈ ਮਜਬੂਰ ਹੋਣਗੀਆ ਮਨਜਿੰਦਰ ਕੋਰ ਸਰਪੰਚ ਨੰਗਲ ਜੱਟਾਂ ਨੇ ਆਖਿਆਂ ਕਿ ਜਦੋਂ ਦੀ ਕੇਂਦਰ ਚ ਮੋਦੀ ਸਰਕਾਰ ਆਈ ਹੈ ਇਹ ਤਾਂ ਕੋਈ ਨਾਂ ਕੋਈ ਮੁਸੀਬਤ ਖੜੀ ਕਰ ਰੱਖਦੀ ਏ ਅਜੇ ਬਿੱਲਾਂ ਦਾ ਰੇੜਕਾ ਖਤਮ ਨਹੀਂ ਹੋਇਆ ਤਾਂ ਤੇਲ ਅਤੇ ਗੈਸ ਦੀਆਂ ਅਸਮਾਨੀ ਚੜਾ ਦਿਤੀਆਂ ਆਪਣੇ ਮਨ ਦੀ ਬਾਤ ਸੁਣਾਉਣ ਵਾਲੇ ਪ੍ਰਧਾਨ ਮੰਤਰੀ ਨੂੰ ਕਦੇ ਦੇਸ਼ ਵਾਸੀਆਂ ਦੇ ਮਨ ਦੀ ਬਾਤ ਸੁਣ ਲੈਣੀ ਚਾਹੀਦੀ ਹੈ ਗੈਸ ਦੌੀਆਂ ਕੀਮਤਾਂ ਘਟਾਈਆਂ ਜਾਣ ਤਾਂ ਬੇਹਤਰ ਹੋਵੇਗਾ ਨਹੀਂ ਤਾਂ ਲੋਕ ਸੜਕਾਂ ਜਾਮ ਕਰਨ ਲਈ ਮਜਬੂਰ ਹੋਣਗੇ ਸਰਪੰਚ ਅੰਜਨਾ ਕੈਰੋ ਚੱਕਦਾਨਾ ਨੇ ਆਖਿਆ ਕਿ ਕਾਂਗਰਸ ਸਰਕਾਰ ਵੇਲੇ ਕਦੇ ਇੰਨੀ, ਮਹਿੰਗਾਈ ਨਹੀਂ ਸੀ ਜਿੰਨੀ ਹੁਣ ਕੇਂਦਰ ਦੀ ਮੋਦੀ ਸਰਕਾਰ ਨੇ ਕਰ ਦਿਤੀ ਤੇ ਹੁਣ ਚੁਪ ਚਪੀਤੇ ਰਸੋਈ ਗੈਸ ਕੀਮਤਾਂ ਦਾ ਵਧਾ ਕੇ ਹਰੇਕ ਦੇਸ਼ ਵਾਸੀ ਦੀ ਜੇਬ ਤੇ ਸ਼ਰੇਆਮ ਡਾਕਾ ਮਾਰਿਆ ਕਿਓਕਿ ਅੱਜ ਦੇ ਸਮੇਂ 'ਚ ਇਹ ਚੀਜਾਂ ਜਿੰਦਗੀ ਦਾ ਅਹਿਮ ਹਿੱਸਾ ਬਣਦੀਆਂ ਜਾ ਰਹੀਆਂ ਤੇ ਲੋਕਾਂ ਨੂੰ ਮਜਬੂਰਨ ਇਹ ਖਰੀਦਣੀਆਂ ਪੈ ਰਹੀਆਂ ਹਨ।











ਜਿਸ ਘਰ ਚ ਇਕੱਲਾ ਕਮਾਉਣ ਵਾਲਾ ਇਨਸਾਨ ਆਪਣੇ ਘਰ ਦਾ ਗੁਜਾਰਾ ਕਿਵੇਂ ਚਲਾਏਗਾ ਕਿਉਕਿ ਬੇਰੋਜਗਾਰੀ ਤਾਂ ਪਹਿਲਾਂ ਹੀ ਬਥੇਰੀ ਹੈ ਲੀਡਰਾਂ ਨੇ ਬੇਰੁਜਗਾਰੀ ਬਾਰੇ ਕਦੇ ਨਹੀਂ ਸੋਚਿਆ।

ਇਸ ਕਰਕੇ ਸਰਕਾਰਾਂ ਦੇ ਲੀਡਰਾਂ ਨੇ ਦੇਸ਼ ਨੂੰ ਕੰਗਾਲ ਕਰ ਦਿਤਾ ਇਨਾਂ ਲੀਡਰਾਂ ਨੂੰ ਦੇਸ਼ ਵਾਸੀਆਂ ਦੀ ਰਤਾ ਵੀ ਫਿਕਰ ਨਹੀਂ ਬੱਸ ਆਪਣੇ ਢਿੱਡ ਭਰਨ ਦੀ ਦੋੜ ਲੱਗੀ ਹੋਈ ਹੈ ਸਰਕਾਰਾਂ ਨੂੰ ਵੱਧ ਰਹੀ ਮਹਿੰਗਾਈ ਵੱਲ ਧਿਆਨ ਦੇਣਾ ਚਾਹੀਦਾ ਹੈ।

# ਮਾਤਾ ਸਾਹਿਬ ਕੌਰ 'ਤੇ ਬਣੀ ਐਨੀਮੇਟਡ ਫਿਲਮ 'ਸੁਪਰੀਮ ਮਦਰਹੁੱਡ' 14 ਅਪ੍ਰੈਲ ਨੂੰ ਹੋਵੇਗੀ ਰਿਲੀਜ਼

**ਚੰਡੀਗੜ੍ਹ (ਜੇ ਸਿੰਘ 'ਭਡਿਆਰ')–** 'ਖਾਲਸਾ ਪੰਥ ਦੀ ਮਾਂ' ਮਾਤਾ ਸਾਹਿਬ ਕੌਰ ਦੇ ਇਤਿਹਾਸ ਨੂੰ ਰੋਸ਼ਨ ਕਰਨ ਦੇ ਉਦੇਸ਼ ਨਾਲ, ਜ਼ੀ ਸਟੂਡੀਓਜ਼ ਨੇ ਨਿਹਾਲ ਨਿਹਾਲ ਨਿਹਾਲ ਪ੍ਰੋਡਕਸ਼ਨ ਦੇ ਸਹਿਯੋਗ ਨਾਲ ਡਾ ਕਰਨਦੀਪ ਸਿੰਘ ਦੁਆਰਾ ਨਿਰਦੇਸ਼ਤ ਆਪਣੀ ਆਉਣ ਵਾਲੀ ਧਾਰਮਿਕ ਐਨੀਮੇਟਿਡ ਫਿਲਮ 'ਸੁਪਰੀਮ ਮਦਰਹੁੱਡ' ਦਾ ਪੋਸਟਰ ਰਿਲੀਜ਼ ਕੀਤਾ, ਜੋ ਕਿ 14 ਅਪ੍ਰੈਲ 2022 ਨੂੰ ਰਿਲੀਜ਼ ਹੋਵੇਗੀ। ਜੈਦੇਵ ਕੁਮਾਰ, ਟੀਏਵੀ ਅਤੇ ਸੌਰਭ ਕਲਸੀ ਨੇ ਫਿਲਮ ਵਿੱਚ ਸੰਗੀਤ ਤਿਆਰ ਕੀਤਾ ਹੈ ਜੋ ਤੁਹਾਨੂੰ ਇਸ ਫਿਲਮ ਤੋਂ ਪ੍ਰੇਰਿਤ ਹੋਣ ਵਿੱਚ ਮਦਦ ਕਰੇਗਾ। ਫਿਲਮ ਵਿੱਚ 3ਡੀ ਐਨੀਮੇਸ਼ਨ ਆਈ ਰਿਐਲਿਟੀਜ਼ ਟੈਕਨਾਲੋਜੀ ਪ੍ਰਾਈਵੇਟ ਲਿਮਟਿਡ ਦੁਆਰਾ ਕੀਤੀ ਗਈ ਹੈ। ਇਹ ਉਹੀ ਟੀਮ ਹੈ ਜਿਸ ਨੇ ਸਾਡੇ ਲਈ ਸਫਲ ਐਨੀਮੇਟਿਡ ਧਾਰਮਿਕ ਇਤਿਹਾਸਕ ਫਿਲਮ 'ਚਾਰ ਸਾਹਿਬਜ਼ਾਦੇ' ਦਾ ਨਿਰਮਾਣ ਕੀਤਾ ਸੀ।




ਇੱਕ ਵਾਅਦੇ ਦੇ ਰੂਪ ਵਿੱਚ, ਡਾਇਰੈਕਟਰ ਡਾ ਕਰਨਦੀਪ ਸਿੰਘ ਨੇ ਕਿਹਾ, "ਸਾਡੀ ਟੀਮ ਨੇ 16ਵੀਂ ਸਦੀ ਦੇ 20 ਤੋਂ ਵੱਧ ਇਤਿਹਾਸਕ ਸਰੋਤਾਂ ਦੀ ਖੋਜ ਕੀਤੀ ਹੈ, ਜਿਸ ਵਿੱਚ 50+ ਆਧੁਨਿਕ ਹਵਾਲਿਆਂ ਦੇ ਨਾਲ-ਨਾਲ ਵਿਸ਼ੇ ਦੀ ਪ੍ਰਮਾਣਿਕਤਾ ਦੀ ਸੰਭਾਲ ਯਕੀਨੀ ਤੌਰ ਤੇ ਬਣਾ ਕੇ ਰੱਖੀ ਜਾਵੇਗੀ। ਸਿੱਖ ਇਤਿਹਾਸ ਨੂੰ ਡਿਜੀਟਲ ਫਾਰਮੈਟ ਵਿੱਚ ਸੰਭਾਲਣ ਦੀ ਲੋੜ ਨੂੰ ਧਿਆਨ ਵਿੱਚ ਰੱਖਦੇ ਹੋਏ ਅਸੀਂ ਭਵਿੱਖ ਵਿੱਚ ਅਜਿਹੀਆਂ ਕਈ ਹੋਰ ਐਨੀਮੇਸ਼ਨਾਂ ਲਿਆਵਾਂਗੇ ਤਾਂ ਜੋ ਆਉਣ ਵਾਲੀਆਂ ਪੀੜ੍ਹੀਆਂ ਨੂੰ ਲਾਭ ਮਿਲ ਸਕੇ। ਔਰਤਾਂ ਦੇ ਸਸ਼ਕਤੀਕਰਨ ਦੀ ਲੋੜ ਨੂੰ ਮਹਿਸੂਸ ਕਰਦੇ ਹੋਏ, ਅਸੀਂ ਮਾਤਾ ਸਾਹਿਬ ਕੌਰ ਜੀ ਨੂੰ ਪੰਜਾਬ ਵਿੱਚ ਔਰਤਾਂ ਨੂੰ ਉੱਚਾ ਚੁੱਕਣ ਅਤੇ ਪ੍ਰੇਰਿਤ ਕਰਨ ਲਈ ਆਪਣੀ ਪਹਿਲੀ ਨਾਇਕਾ ਵਜੋਂ ਚੁਣਿਆ।

# ਇਸ ਮਹੀਨੇ ਦੇ ਅਖ਼ੀਰ 'ਚ ਭਾਰਤ ਆ ਸਕਦੇ ਹਨ ਬ੍ਰਿਟੇਨ ਦੇ ਪ੍ਰਧਾਨ ਮੰਤਰੀ

**ਲੰਡਨ –** ਬ੍ਰਿਟੇਨ ਦੇ ਪ੍ਰਧਾਨ ਮੰਤਰੀ ਬੋਰਿਸ ਜੌਨਸਨ ਇਸ ਮਹੀਨੇ ਦੇ ਅਖ਼ੀਰ ਤਕ ਭਾਰਤ ਆ ਸਕਦੇ ਹਨ। ਇਸ ਦੌਰਾਨ ਉਹ ਭਾਰਤ-ਬ੍ਰਿਟੇਨ ਮੁਕਤ ਵਪਾਰ ਸਮਝੌਤੇ 'ਤੇ ਗੱਲਬਾਤ ਦੀ ਪਿੱਠਭੂਮੀ 'ਚ ਦੁਵੱਲੇ ਸਬੰਧਾਂ ਨੂੰ ਹੋਰ ਮਜ਼ਬੂਤ ਕਰਨ ਦਾ ਯਤਨ ਕਰਨਗੇ।

ਅਧਿਕਾਰਕ ਸੂਤਰਾਂ ਨੇ ਦੱਸਿਆ ਕਿ ਜੌਨਸਨ ਦੇ 22 ਅਪ੍ਰੈਲ ਦੇ ਆਸਪਾਸ ਆਉਣ ਦੀ ਉਮੀਦ ਹੈ। ਜੌਨਸਨ ਨੂੰ ਪਿਛਲੇ ਸਾਲ ਹੀ ਭਾਰਤ ਆਉਣਾ ਸੀ।



ਦੋ ਵਾਰ ਉਨ੍ਹਾਂ ਦੀ ਯਾਤਰਾ ਤੈਅ ਵੀ ਹੋ ਗਈ ਸੀ, ਪਰ ਕੋਰੋਨਾ ਮਹਾਮਾਰੀ ਕਾਰਨ ਉਹ ਨਹੀਂ ਆ ਸਕੇ ਸਨ। ਦੋਵਾਂ ਦੇਸ਼ਾਂ ਦਰਮਿਆਨ ਮੁਕਤ ਵਪਾਰ ਸਮਝੌਤੇ ਨੂੰ ਲੈ ਕੇ ਤੀਜੇ ਦੌਰ ਦੀ ਗੱਲਬਾਤ ਵੀ ਇਸ ਮਹੀਨੇ ਦੇ ਅਖ਼ੀਰ 'ਚ ਹੋਣੀ ਹੈ ਤੇ ਮੰਨਿਆ ਜਾ ਰਿਹਾ ਹੈ ਕਿ ਜੌਨਸਨ ਦੀ ਯਾਤਰਾ ਦੌਰਾਨ ਇਹ ਗੱਲਬਾਤ ਹੋ ਸਕਦੀ ਹੈ। ਹਾਲਾਂਕਿ, ਬ੍ਰਿਟੇਨ ਦੇ ਪ੍ਰਧਾਨ ਮੰਤਰੀ ਦਫ਼ਤਰ ਡਾਊਨਿੰਗ ਸਟ੍ਰੀਟ ਨੇ ਹਾਲੇ ਉਨ੍ਹਾਂ ਦੀ ਯਾਤਰਾ ਨੂੰ ਲੈ ਕੇ ਵਿਸਥਾਰਤ ਜਾਣਕਾਰੀ ਦੀ ਪੁਸ਼ਟੀ ਨਹੀਂ ਕੀਤੀ ਹੈ। ਪਰ, ਪਿਛਲੇ ਮਹੀਨੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਤੇ ਪੀਐੱਮ ਜੌਨਸਨ ਨੇ ਟੈਲੀਫੋਨ 'ਤੇ ਗੱਲਬਾਤ ਦੌਰਾਨ ਨਿੱਜੀ ਤੌਰ 'ਤੇ ਮਿਲਣ ਦੇ ਮਸਲੇ 'ਤੇ ਚਰਚਾ ਕੀਤੀ ਸੀ।ਬ੍ਰਿਟੇਨ ਦੇ ਪ੍ਰਧਾਨ ਮੰਤਰੀ ਦੇ ਇਕ ਤਰਜਮਾਨ ਨੇ 22 ਮਾਰਚ ਨੂੰ ਕਿਹਾ ਸੀ, 'ਦੋਵਾਂ ਆਗੂਆਂ ਨੇ ਭਾਰਤ ਤੇ ਬ੍ਰਿਟੇਨ ਦੇ ਮਜ਼ਬੂਤ ਤੇ ਖ਼ੁਸ਼ਹਾਲ ਸਬੰਧਾਂ ਦਾ ਸਵਾਗਤ ਕੀਤਾ ਤੇ ਆਉਣ ਵਾਲੇ ਮਹੀਨਿਆਂ 'ਚ ਵਪਾਰ, ਸੁਰੱਖਿਆ ਤੇ ਕਾਰੋਬਾਰੀ ਸਬੰਧਾਂ ਨੂੰ ਮਜ਼ਬੂਤ ਕਰਨ 'ਤੇ ਸਹਿਮਤੀ ਪ੍ਰਗਟਾਈ। ਦੋਵਾਂ ਆਗੂਆਂ ਨੇ ਜਲਦੀ ਮੁਲਾਕਾਤ ਕਰਨ ਦੀ ਇੱਛਾ ਵੀ ਪ੍ਰਗਟਾਈ।'

ਰੂਸ-ਯੂਕਰੇਨ ਜੰਗ ਦੇ ਮੱਦੇਨਜ਼ਰ ਵੀ ਜੌਨਸਨ ਦੀ ਯਾਤਰਾ ਅਹਿਮ ਮੰਨੀ ਜਾ ਰਹੀ ਹੈ। ਰੂਸ ਖ਼ਿਲਾਫ਼ ਪਾਬੰਦੀਆਂ ਲਾਉਣ 'ਚ ਬ੍ਰਿਟੇਨ ਦੀ ਭੂਮਿਕਾ ਅਹਿਮ ਹੈ। ਮੰਨਿਆ ਜਾ ਰਿਹਾ ਹੈ ਕਿ ਪੀਐੱਮ ਮੋਦੀ ਤੇ ਜੌਨਸਨ ਦਰਮਿਆਨ ਰੂਸ ਖ਼ਿਲਾਫ਼ ਸਖ਼ਤ ਪਾਬੰਦੀਆਂ ਦਾ ਮੁੱਦਾ ਵੀ ਉੱਠ ਸਕਦਾ ਹੈ। ਰੂਸ ਖ਼ਿਲਾਫ਼ ਬ੍ਰਿਟੇਨ ਤੇ ਅਮਰੀਕਾ ਸਮੇਤ ਯੂਰਪੀ ਦੇਸ਼ ਇਕਜੁੱਟ ਹਨ, ਪਰ ਭਾਰਤ ਨੇ ਹਾਲੇ ਤਕ ਰੂਸ ਦਾ ਵਿਰੋਧ ਨਹੀਂ ਕੀਤਾ ਹੈ ਤੇ ਸੰਯੁਕਤ ਰਾਸ਼ਟਰ 'ਚ ਵੀ ਰੂਸ ਖ਼ਿਲਾਫ਼ ਮਤਦਾਨ ਤੋਂ ਦੂਰ ਰਿਹਾ ਹੈ। ਭਾਰਤ 'ਤੇ ਦਬਾਅ ਬਣਾਉਣ ਦੇ ਮਕਸਦ ਨਾਲ ਪਿਛਲੇ ਕੁਝ ਦਿਨਾਂ 'ਚ ਇਨ੍ਹਾਂ ਦੇਸ਼ਾਂ ਦੇ ਉੱਚ ਆਗੂਆਂ ਨੇ ਭਾਰਤ ਦੀ ਯਾਤਰਾ ਵੀ ਕੀਤੀ ਹੈ। ਪਿਛਲੇ ਹਫ਼ਤੇ ਬ੍ਰਿਟੇਨ ਦੀ ਵਿਦੇਸ਼ ਮੰਤਰੀ ਲਿਜ ਟਰੂੱਸ ਵੀ ਭਾਰਤ ਆਈ ਸੀ ਤੇ ਵਿਦੇਸ਼ ਮੰਤਰੀ ਐੱਸ ਜੈਸ਼ੰਕਰ ਨਾਲ ਉਨ੍ਹਾਂ ਦੀ ਕਈ ਮੁੱਦਿਆਂ 'ਤੇ ਵਿਸਥਾਰ ਨਾਲ ਗੱਲਬਾਤ ਵੀ ਹੋਈ ਸੀ।

# ਦਲਿਤ ਹੱਕਾਂ ਲਈ ਜੂਝਣ ਵਾਲੇ ਸਾਬਕਾ ਵਿਧਾਇਕ ਸ਼ਿੰਗਾਰਾ ਰਾਮ ਸਹੂੰਗੜਾ ਚਲ ਵਸੇ

**ਜਲੰਧਰ (ਜੇ ਸਿੰਘ 'ਭਡਿਆਰ')–** ਬਹੁਜਨ ਸਮਾਜ ਪਾਰਟੀ ਦੇ ਸਾਬਕਾ ਵਿਧਾਇਕ ਸ਼ਿੰਗਾਰਾ ਰਾਮ ਸਹੂੰਗੜਾ (57) ਦਾ ਇੱਥੇ ਦਿਲ ਦਾ ਦੌਰਾ ਪੈਣ ਕਾਰਨ ਦੇਹਾਂਤ ਹੋ ਗਿਆ। ਉਨ੍ਹਾਂ ਦੇ ਪੁੱਤਰ ਕੰਵਰ ਜਗਜੀਵਨ ਨੇ ਦੱਸਿਆ ਕਿ ਉਹ ਆਪਣੇ ਪਿਤਾ ਨਾਲ ਜਲੰਧਰ ਆਏ ਹੋਏ ਸਨ ਤਾਂ ਉਨ੍ਹਾਂ ਨੂੰ ਛਾਤੀ ਵਿੱਚ ਦਰਦ ਮਹਿਸੂਸ ਹੋਈ। ਉਨ੍ਹਾਂ ਨੂੰ ਤੁਰੰਤ ਸਿਵਲ ਹਸਪਤਾਲ ਲਿਜਾਇਆ ਗਿਆ, ਜਿੱਥੇ ਉਨ੍ਹਾਂ ਦੀ ਮੌਤ ਹੋ ਗਈ। ਸ਼ਿੰਗਾਰਾ ਰਾਮ ਸਹੂੰਗੜਾ ਪਹਿਲੀ ਵਾਰ ਗੜ੍ਹਸ਼ੰਕਰ ਹਲਕੇ ਵਿੱਚੋਂ 1992 ਵਿੱਚ ਵਿਧਾਇਕ ਬਣੇ ਸਨ ਤੇ ਫਿਰ 1998 ਵਿੱਚ ਲਗਾਤਾਰ ਦੂਜੀ ਵਾਰ ਜਿੱਤੇ ਸਨ।



ਪੰਜਾਬ ਵਿੱਚ ਉਹ ਬਹੁਜਨ ਸਮਾਜ ਪਾਰਟੀ ਵੱਲੋਂ ਲਗਾਤਾਰ ਦੂਜੀ ਵਾਰ ਵਿਧਾਇਕ ਬਣਨ ਵਾਲੇ ਪਹਿਲੇ ਆਗੂ ਸਨ। ਅੱਤ ਦੀ ਗਰੀਬੀ ਵਿੱਚੋਂ ਉੱਠ ਕੇ ਵਿਧਾਇਕ ਬਣਨ ਵਾਲੇ ਸ਼ਿੰਗਾਰਾ ਰਾਮ ਸਹੂੰਗੜਾ ਉਸ ਵੇਲੇ ਬੇਅੰਤ ਸਿੰਘ ਦੀ ਸਰਕਾਰ ਵਿੱਚ ਵੀ ਦਲਿਤਾਂ ਦੇ ਹੱਕਾਂ ਲਈ ਲੜਦੇ ਰਹੇ ਸਨ। ਦੋ ਵਾਰ ਵਿਧਾਇਕ ਬਣਨ ਦੇ ਬਾਵਜੂਦ ਉਹ ਆਪਣਾ ਘਰ ਤੱਕ ਨਹੀਂ ਸੀ ਬਣਾ ਸਕੇ ਤੇ ਇੱਕ ਵਾਰ ਸਰਕਾਰ ਨੇ ਸਾਲ 2016 ਵਿੱਚ ਉਨ੍ਹਾਂ ਤੋਂ ਸਰਕਾਰੀ ਰਿਹਾਇਸ਼ ਜਬਰੀ ਖਾਲੀ ਕਰਵਾ ਲਈ ਸੀ ਤੇ ਉਨ੍ਹਾਂ ਨੇ ਬਾਹਰ ਤੰਬੂ ਲਾ ਕੇ ਆਪਣੇ ਪਰਿਵਾਰ ਦਾ ਸਿਰ ਢੱਕਿਆ ਸੀ। ਉਹ ਹਮੇਸਾਂ ਦਲਿਤ ਸਿਖ ਪੰਥ ਦੀ ਏਕਤਾ ਦੇ ਮੁਦਈ ਰਹੇ ਹਨ। ਪੰਥਕ ਮਸਲੇ ਉਠਾਉਂਦੇ ਰਹੇ ਹਨ।

# ਸਰਕਾਰ ਪਰਵਾਸੀ ਭਾਰਤੀਆਂ ਦੇ ਹਿੱਤਾਂ ਦੀ ਰਾਖੀ ਲਈ ਨਵਾਂ ਇਮੀਗਰੇਸ਼ਨ ਕਾਨੂੰਨ ਲਿਆਏਗੀ

## ਧੋਖਾਧੜੀ ਕਰਨ ਵਾਲੇ ਵਿਚੋਲੀਆਂ ਖ਼ਿਲਾਫ਼ ਸਖ਼ਤ ਕਾਰਵਾਈ ਦਾ ਹੋਵੇਗਾ ਪ੍ਰਬੰਧ

**ਜਲੰਧਰ ਤੋਂ ਜੇ ਸਿੰਘ 'ਭਡਿਆਰ'**

ਵਿਸ਼ਵ ਭਰ ਵਿਚ ਲਗਪਗ ਦੋ ਕਰੋੜ ਪਰਵਾਸੀ ਭਾਰਤੀ ਰਹਿ ਰਹੇ ਹਨ ਤੇ ਹਰ ਸਾਲ ਲੱਖਾਂ ਭਾਰਤੀ ਕੰਮ ਦੀ ਭਾਲ ਵਿਚ ਵਿਦੇਸ਼ ਜਾ ਰਹੇ ਹਨ। ਪਰ ਕਾਨੂੰਨੀ ਤੇ ਪ੍ਰਸ਼ਾਸਨਿਕ ਢਾਂਚਾ ਨਾ ਹੋਣ ਕਾਰਨ ਉਨ੍ਹਾਂ ਵਿਚੋਂ ਬਹੁਤ ਸਾਰੇ ਲੋਕਾਂ ਨੂੰ ਵਿਦੇਸ਼ੀ ਧਰਤੀ 'ਤੇ ਮਾੜੇ ਹਾਲਾਤ ਦਾ ਸਾਹਮਣਾ ਕਰਨਾ ਪੈਂਦਾ ਹੈ। ਇਨ੍ਹਾਂ ਵਿਚ ਵਿਦੇਸ਼ ਜਾਣ ਤੋਂ ਬਾਅਦ ਸੇਵਾ ਸ਼ਰਤਾਂ ਵਿਚ ਬਦਲਾਅ, ਜ਼ਿਆਦਾ ਕੰਮ ਤੇ ਘੱਟ ਤਨਖਾਹ, ਸਾਰੇ ਦਸਤਾਵੇਜ਼ ਜ਼ਬਤ ਕਰ ਕੇ ਜ਼ਬਰਦਸਤੀ ਕੰਮ ਕਰਨ ਲਈ ਮਜਬੂਰ ਕਰਨਾ, ਫ਼ਰਜ਼ੀ ਕੇਸ ਬਣਾ ਕੇ ਕਾਨੂੰਨੀ ਕਾਰਵਾਈ ਵਰਗੀਆਂ ਸ਼ਿਕਾਇਤਾਂ ਆਮ ਹਨ। ਇਸ ਵਿਚ ਕੰਮ ਦੇਣ ਵਾਲੀਆਂ ਵਿਦੇਸ਼ੀ ਕੰਪਨੀਆਂ ਦੇ ਨਾਲ-ਨਾਲ ਵਿਚੋਲੀਆਂ ਤੇ ਪਲੇਸਮੈਂਟ ਏਜੰਸੀਆਂ ਦੀ ਮਿਲੀਭੁਗਤ ਦੀਆਂ ਸ਼ਿਕਾਇਤਾਂ ਵੀ ਸਾਹਮਣੇ ਆਉਂਦੀਆਂ ਰਹੀਆਂ ਹਨ। ਪਰ ਸਖ਼ਤ ਕਾਨੂੰਨੀ ਵਿਵਸਥਾ ਦੀ ਘਾਟ ਵਿਚ ਵਿਚੋਲੀਆਂ, ਪਲੇਸਮੈਂਟ ਏਜੰਸੀਆਂ ਤੇ ਕੰਮ ਦੇਣ ਵਾਲੀਆਂ ਵਿਦੇਸ਼ੀ ਕੰਪਨੀਆਂ 'ਤੇ ਕੋਈ ਕਾਰਵਾਈ ਨਹੀਂ ਹੋ ਰਹੀ।




### ਸਰਕਾਰ ਦਾ ਐਕਸ਼ਨ

ਸਰਕਾਰ ਵਿਦੇਸ਼ਾਂ ਵਿਚ ਕੰਮ ਕਰਨ ਵਾਲੇ ਪਰਵਾਸੀ ਭਾਰਤੀਆਂ ਦੇ ਹਿੱਤਾਂ ਦੀ ਰਾਖੀ ਦੇ ਪੁਖਤਾ ਇੰਤਜ਼ਾਮ ਕਰ ਰਹੀ ਹੈ। ਇਸ ਦੇ ਲਈ 1983 ਦੇ ਇਮੀਗਰੇਸ਼ਨ ਕਾਨੂੰਨ ਵਿਚ ਬਦਲਾਅ ਕਰ ਕੇ ਧੋਖਾਧੜੀ ਕਰਨ ਵਾਲੇ ਵਿਚੋਲੀਆਂ ਤੇ ਪਲੇਸਮੈਂਟ ਏਜੰਸੀਆਂ ਖ਼ਿਲਾਫ਼ ਸਖ਼ਤ ਕਾਰਵਾਈ ਦੀ ਵਿਵਸਥਾ ਕੀਤੀ ਜਾ ਰਹੀ ਹੈ। ਇਹੀ ਨਹੀਂ, ਵਿਦੇਸ਼ੀ ਧਰਤੀ 'ਤੇ ਅਦਾਲਤੀ ਕਾਰਵਾਈ ਦਾ ਸਾਹਮਣਾ ਕਰਨ ਵਾਲੇ ਜਾਂ ਜੇਲ੍ਹ ਦੀ ਸਜ਼ਾ ਭੁਗਤਣ ਵਾਲੇ ਪਰਵਾਸੀ ਭਾਰਤੀਆਂ ਨੂੰ ਕਾਨੂੰਨੀ ਸਹਾਇਤਾ ਵੀ ਮੁਹੱਈਆ ਕਰਾਈ ਜਾਵੇਗੀ। ਸਰਕਾਰ ਦੀ ਕੋਸ਼ਿਸ਼ ਇਸੇ ਸਾਲ ਨਵਾਂ ਇਮੀਗਰੇਸ਼ਨ ਕਾਨੂੰਨ ਸੰਸਦ ਤੋਂ ਪਾਸ ਕਰਾਉਣ ਦੀ ਹੈ।

### ਕੀ ਹੈ ਇਮੀਗਰੇਸ਼ਨ ਐਕਟ-1983

ਇਮੀਗਰੇਸ਼ਨ ਐਕਟ-1983 (ਭਾਰਤ ਦੀ ਸੰਸਦ ਦੁਆਰਾ ਬਣਾਇਆ ਗਿਆ) ਕਿਸੇ ਵੀ ਵਿਅਕਤੀ ਨੂੰ ਵਿਦੇਸ਼ ਵਿਚ ਮਜ਼ਦੂਰੀ ਕਰਨ ਲਈ ਭੇਜਣ ਦੇ ਮਕਸਦ ਨਾਲ ਟਰੈਵਲ ਏਜੰਸੀ ਦੇ ਉਪਰੋਕਤ ਕਾਰੋਬਾਰ ਸ਼ੁਰੂ ਕਰਨ ਦੇ ਚਾਹਵਾਨ ਵਿਅਕਤੀ ਨੂੰ ਭਾਰਤ ਦੀ ਪ੍ਰੋਟੈਕਟੋਰੇਟ ਜਨਰਲ ਅਤੇ ਵਿਦੇਸ਼ੀ ਮਾਮਲਿਆਂ, ਭਾਰਤ ਸਰਕਾਰ ਨਾਲ ਰਿਕਰੂਟਿੰਗ ਏਜੰਟ ਵਜੋਂ ਖੁਦ ਨੂੰ ਰਜਿਸਟਰ ਕਰਾਉਣ ਦੀ ਸ਼ਰਤ ਲਾਉਂਦਾ ਹੈ ਪਰ ਇਹ ਐਕਟ ਮੁੱਖ ਤੌਰ 'ਤੇ ਵਿਦੇਸ਼ਾਂ (ਖਾਸ ਕਰ ਅਰਬ ਮੁਲਕਾਂ) ਵਿਚ ਜਾ ਰਹੇ ਮਜ਼ਦੂਰਾਂ ਦੇ ਹਿੱਤਾਂ ਦੀ ਰਾਖੀ ਕਰਨ ਅਤੇ ਵਿਦੇਸ਼ਾਂ ਵਿਚ ਮਾਲਕਾਂ ਤੋਂ ਮਜ਼ਦੂਰਾਂ ਦਾ ਸ਼ੋਸ਼ਣ ਰੋਕਣ ਤਕ ਹੀ ਸੀਮਤ ਹੈ।

### ਨਵੇਂ ਇਮੀਗਰੇਸ਼ਨ ਕਾਨੂੰਨ 'ਚ ਤਿੰਨ ਪੱਧਰੀ ਢਾਂਚਾ ਤਿਆਰ

ਪਰਵਾਸੀ ਭਾਰਤੀਆਂ ਦੇ ਹਿੱਤਾਂ ਦੀ ਰਾਖੀ ਲਈ ਨਵੇਂ ਇਮੀਗਰੇਸ਼ਨ ਕਾਨੂੰਨ 'ਚ ਤਿੰਨ ਪੱਧਰੀ ਢਾਂਚਾ ਤਿਆਰ ਕਰਨ ਦੀ ਵਿਵਸਥਾ ਕੀਤੀ ਗਈ ਹੈ। ਇਸ ਤਹਿਤ ਬਿਊਰੋ ਆਫ ਇਮੀਗਰੇਸ਼ਨ ਪਾਲਿਸੀ ਐਂਡ ਪਲਾਨਿੰਗ ਬਣਾਇਆ ਜਾਵੇਗਾ, ਜਿਹੜਾ ਪਰਵਾਸੀ ਭਾਰਤੀਆਂ ਦੇ ਹਿੱਤਾਂ ਲਈ ਨੀਤੀ ਬਣਾਉਣ ਦਾ ਕੰਮ ਕਰੇਗਾ। ਇਸ ਦੇ ਨਾਲ ਹੀ ਇਹ ਭਾਰਤੀ ਕਾਮਿਆਂ ਦੇ ਵਿਦੇਸ਼ ਜਾਣ ਦੇ ਪੈਟਰਨ, ਕੁਸ਼ਲ ਕਾਮਿਆਂ ਦੀ ਲੋੜ ਤੇ ਭਾਰਤੀ ਕਾਮਿਆਂ ਵਿਚ ਇਸ ਦੀ ਕਮੀ ਤੇ ਵੱਡੀ ਗਿਣਤੀ ਵਿਚ ਕਾਮਿਆਂ ਦੀ ਲੋੜ ਵਾਲੀਆਂ ਥਾਵਾਂ ਦੀ ਪਛਾਣ ਕਰੇਗਾ ਤੇ ਇਸ ਦੇ ਮੁਤਾਬਕ ਜ਼ਰੂਰੀ ਕੌਸ਼ਲ ਸਿਖਲਾਈ ਦੀਆਂ ਨੀਤੀਆਂ ਬਣਾਏਗਾ। ਇਸ ਦੇ ਹੇਠਾਂ ਬਿਊਰੋ ਆਫ ਇਮੀਗਰੇਸ਼ਨ ਐਡਮਿਨਿਸਟ੍ਰੇਸ਼ਨ ਬਣਾਇਆ ਜਾਵੇਗਾ। ਇਸ 'ਤੇ ਪਰਵਾਸੀ ਭਾਰਤੀਆਂ ਲਈ ਬਣਨ ਵਾਲੀਆਂ ਸਾਰੀਆਂ ਨੀਤੀਆਂ ਲਾਗੂ ਕਰਨ ਦੀ ਜ਼ਿੰਮੇਵਾਰੀ ਹੋਵੇਗੀ। ਪਲੇਸਮੈਂਟ ਏਜੰਸੀਆਂ ਤੇ ਕੰਮ ਦੇਣ ਵਾਲੀਆਂ ਕੰਪਨੀਆਂ 'ਤੇ ਨਜ਼ਰ ਰੱਖਣ ਤੇ ਨਕੇਲ ਕੱਸਣ ਦੇ ਨਾਲ-ਨਾਲ ਮੌਜੂਦਾ ਤੇ ਭਵਿੱਖ 'ਚ ਜਾਣ ਵਾਲੇ ਪਰਵਾਸੀ ਭਾਰਤੀਆਂ ਦੇ ਹਿੱਤਾਂ ਦੀ ਰਾਖੀ ਤੇ ਸਹਾਇਤਾ ਪਹੁੰਚਾਉਣ ਦੀ ਜ਼ਿੰਮੇਵਾਰੀ ਵੀ ਇਸ ਦੀ ਹੋਵੇਗੀ।

ਤਜਵੀਜ਼ਸ਼ੁਦਾ ਕਾਨੂੰਨ ਵਿਚ ਸਾਰੇ ਦੇਸ਼ਾਂ ਵਿਚ ਫੈਲੇ ਭਾਰਤੀ ਦੂਤਘਰਾਂ ਵਿਚ ਸਹਾਇਤਾ ਕੇਂਦਰ ਤੇ ਵੈਲਫੇਅਰ ਕਮੇਟੀਆਂ ਬਣਾਉਣ ਦੀ ਵੀ ਵਿਵਸਥਾ ਕੀਤੀ ਗਈ ਹੈ। ਇਹ ਕਮੇਟੀਆਂ ਪਰਵਾਸੀ ਭਾਰਤੀਆਂ ਦੀ ਲੋੜ ਮੁਤਾਬਕ, ਕਾਨੂੰਨੀ ਤੋਂ ਲੈ ਕੇ ਮੈਡੀਕਲ ਤਕ ਸਾਰੇ ਤਰ੍ਹਾਂ ਦੀ ਸਹਾਇਤਾ ਮੁਹੱਈਆ ਕਰਾਉਣਗੀਆਂ। ਇਸ ਦੇ ਨਾਲ ਹੀ ਕਮੇਟੀਆਂ ਸਬੰਧਤ ਦੇਸ਼ ਵਿਚ ਪਰਵਾਸੀ ਭਾਰਤੀਆਂ ਦੀ ਭਲਾਈ ਲਈ ਕਈ ਤਰ੍ਹਾਂ ਦੇ ਪ੍ਰੋਗਰਾਮ ਵੀ ਸ਼ੁਰੂ ਕਰ ਸਕਦੀਆਂ ਹਨ। ਤੀਜੇ ਪੱਧਰ 'ਤੇ ਪੂਰੇ ਦੇਸ਼ ਵਿਚ ਬਹੁਤ ਸਾਰੀਆਂ ਨੋਡਲ ਕਮੇਟੀਆਂ ਬਣਨਗੀਆਂ ਜਿਹੜੀਆਂ ਸੂਬਿਆਂ ਤੇ ਕੇਂਦਰ ਸ਼ਾਸਿਤ ਪ੍ਰਦੇਸ਼ਾਂ ਵਿਚ ਨਵੇਂ ਕਾਨੂੰਨ ਲਾਗੂ ਕਰਨ ਵਿਚ ਮਦਦ ਕਰਨਗੀਆਂ। ਨਾਲ ਹੀ ਇਹ ਨੋਡਲ ਕਮੇਟੀਆਂ ਧੋਖਾਧੜੀ ਕਰਨ ਵਾਲੇ ਵਿਚੋਲੀਆਂ ਤੇ ਪਲੇਸਮੈਂਟ ਏਜੰਸੀਆਂ ਖ਼ਿਲਾਫ਼ ਕਾਨੂੰਨੀ ਕਾਰਵਾਈ ਵੀ ਯਕੀਨੀ ਬਣਾਉਣਗੀਆਂ।

# ਸ਼ੰਘਾਈ 'ਚ ਕੋਰੋਨਾ ਨਾਲ ਹਾਹਾਕਾਰ, ਨਾ ਹਸਪਤਾਲ 'ਚ ਜਗ੍ਹਾ

**ਸ਼ੰਘਾਈ –** ਚੀਨ 'ਚ ਕੋਰੋਨਾ ਕਾਰਨ ਹਾਲਾਤ ਵਿਗੜਦੇ ਜਾ ਰਹੇ ਹਨ। ਸੋਮਵਾਰ ਨੂੰ 16,412 ਸੰਕਰਮਿਤ ਸਾਹਮਣੇ ਆਏ ਹਨ। ਜਦੋਂ ਤੋਂ ਮਹਾਮਾਰੀ ਸ਼ੁਰੂ ਹੋਈ ਹੈ, ਇਹ ਪਹਿਲੀ ਵਾਰ ਹੈ ਜਦੋਂ ਚੀਨ ਵਿੱਚ ਇੱਕ ਦਿਨ ਵਿੱਚ ਇੰਨੇ ਮਰੀਜ਼ ਮਿਲੇ ਹਨ। ਸਭ ਤੋਂ ਮਾੜੀ ਹਾਲਤ ਸ਼ੰਘਾਈ ਦੀ ਹੈ, ਜਿਸ ਨੂੰ ਆਰਥਿਕ ਰਾਜਧਾਨੀ ਕਿਹਾ ਜਾਂਦਾ ਹੈ। ਇੱਥੇ ਪੂਰੀ ਤਰ੍ਹਾਂ ਨਾਲ ਤਾਲਾਬੰਦੀ ਲਗਾ ਦਿੱਤੀ ਗਈ ਹੈ। ਲੋਕਾਂ ਨੂੰ ਬਿਨਾਂ ਕਿਸੇ ਕਾਰਨ ਘਰੋਂ ਕੱਢਣ ਦੀ ਇਜਾਜ਼ਤ ਨਹੀਂ ਹੈ। ਸਿਰਫ ਮੈਡੀਕਲ ਐਮਰਜੈਂਸੀ ਦੀ ਸਥਿਤੀ ਵਿੱਚ ਕੋਈ ਵਿਅਕਤੀ ਘਰ ਛੱਡ ਸਕਦਾ ਹੈ।

ਸੋਮਵਾਰ ਨੂੰ ਸ਼ੰਘਾਈ ਵਿੱਚ ਕੋਰੋਨਾ ਦਾ ਪਤਾ ਲਗਾਉਣ ਲਈ ਮਾਸ ਟੈਸਟਿੰਗ ਵੀ ਕੀਤੀ ਗਈ। ਇੱਥੋਂ ਦੀ ਸਾਰੀ 2.16 ਕਰੋੜ ਆਬਾਦੀ ਦੀ ਜਾਂਚ ਕੀਤੀ ਗਈ। ਸ਼ੰਘਾਈ ਦੇ ਸਿਹਤ ਅਧਿਕਾਰੀ ਲੋਕਾਂ 'ਤੇ ਨਿਊਕਲੀਕ ਐਸਿਡ ਟੈਸਟ ਕਰਵਾ ਰਹੇ ਹਨ। ਇਸ ਟੈਸਟ ਵਿੱਚ ਗਲਤ ਨਤੀਜਾ ਆਉਣ ਦੀ ਸੰਭਾਵਨਾ ਨਾਮੁਮਕਿਨ ਹੈ, ਕਿਉਂਕਿ ਜੇਕਰ ਥੋੜ੍ਹਾ ਜਿਹਾ ਵੀ ਕੋਵਿਡ ਹੈ ਤਾਂ ਪਤਾ ਲੱਗ ਜਾਂਦਾ ਹੈ।

ਸ਼ੰਘਾਈ ਦੇ ਸਥਾਨਕ ਪ੍ਰਸ਼ਾਸਨ ਨੇ ਸੋਮਵਾਰ ਨੂੰ ਦੱਸਿਆ ਕਿ ਇੱਥੇ ਸਖ਼ਤੀ ਵਰਤੀ ਜਾ ਰਹੀ ਹੈ, ਲੋਕਾਂ ਨੂੰ ਘਰਾਂ ਵਿੱਚ ਰਹਿਣ ਲਈ ਕਿਹਾ ਗਿਆ ਹੈ। ਮੈਡੀਕਲ ਐਮਰਜੈਂਸੀ ਨੂੰ ਛੱਡ ਕੇ ਕਿਸੇ ਨੂੰ ਵੀ ਕਿਸੇ ਵੀ ਸਥਿਤੀ ਵਿੱਚ ਘਰ ਤੋਂ ਬਾਹਰ ਜਾਣ ਦੀ ਆਗਿਆ ਨਹੀਂ ਹੈ। ਪ੍ਰਸ਼ਾਸਨ ਨੇ ਕਿਹਾ ਕਿ ਸੋਮਵਾਰ




ਨੂੰ ਸਾਰੇ ਲੋਕਾਂ ਦੀ ਜਾਂਚ ਕਰ ਲਈ ਗਈ ਹੈ। ਵੱਖ-ਵੱਖ ਸੂਬਿਆਂ ਤੋਂ ਸਿਹਤ ਸੰਭਾਲ ਕਰਮਚਾਰੀਆਂ ਨੂੰ ਵੱਡੇ ਪੱਧਰ 'ਤੇ ਜਾਂਚ ਲਈ ਬੁਲਾਇਆ ਗਿਆ ਸੀ।

ਸ਼ੰਘਾਈ 'ਚ ਕੋਰੋਨਾ ਦੀ ਸਥਿਤੀ 'ਤੇ ਕਾਬੂ ਪਾਉਣ ਲਈ ਫੌਜ ਨੂੰ ਵੀ ਉਤਾਰਿਆ ਗਿਆ ਹੈ। ਇੱਥੇ ਫੌਜ ਦੇ ਦੋ ਹਜ਼ਾਰ ਤੋਂ ਵੱਧ ਜਵਾਨ ਮੌਜੂਦ ਹਨ। ਸ਼ੰਘਾਈ ਦੇ ਇਕ ਵਿਅਕਤੀ ਨੇ ਸਮਾਚਾਰ ਏਜੰਸੀ ਨੂੰ ਦੱਸਿਆ ਕਿ ਉਸ ਦੇ ਘਰ ਦੇ ਨੇੜੇ ਹਵਾਈ ਅੱਡੇ 'ਤੇ ਫੌਜ ਦੇ ਜਹਾਜ਼ ਲਗਾਤਾਰ ਲੈਂਡ ਕਰ ਰਹੇ ਹਨ।

ਸ਼ੰਘਾਈ ਦੇ ਨੀਵੇਂ ਇਲਾਕੇ ਪੁਕਸੀ 'ਚ ਰਹਿਣ ਵਾਲੇ ਝਾਂਗ ਜਿਨ ਨੇ ਨਿਊਜ਼ ਏਜੰਸੀ ਨੂੰ ਦੱਸਿਆ ਕਿ ਉਨ੍ਹਾਂ ਦੀ ਸੁਸਾਇਟੀ ਦੇ ਬਾਹਰ ਹਥਿਆਰਾਂ ਨਾਲ ਲੈਸ ਕੁਝ ਪੁਲਸ ਕਰਮਚਾਰੀ ਤਾਇਨਾਤ ਸਨ ਕਿਉਂਕਿ ਬਜ਼ੁਰਗ ਕੰਟਰੋਲ ਨਹੀਂ ਕਰ ਰਹੇ ਸਨ। ਉਨ੍ਹਾਂ ਦੱਸਿਆ ਕਿ ਉਨ੍ਹਾਂ (ਫੌਜ) ਨੂੰ ਹੁਕਮ ਮਿਲੇ ਹਨ ਕਿ ਜੇਕਰ ਸ਼ੰਘਾਈ 'ਚ ਕੁਝ ਹੋਇਆ ਤਾਂ ਕੋਈ ਵੱਡੀ ਘਟਨਾ ਵਾਪਰ ਜਾਵੇਗੀ, ਇਸ ਲਈ ਉਨ੍ਹਾਂ ਨੂੰ ਵਿਵਸਥਾ ਬਣਾਈ ਰੱਖਣ ਲਈ ਕਿਹਾ ਗਿਆ ਹੈ। ਸ਼ੰਘਾਈ ਵਿੱਚ ਚੱਲ ਰਹੇ ਕੋਰੋਨਾ ਸੰਕਟ ਦੇ ਵਿਚਕਾਰ 2 ਅਪ੍ਰੈਲ ਨੂੰ ਇੱਕ ਆਡੀਓ ਵਾਇਰਲ ਹੋਇਆ ਸੀ। ਇਸ ਵਿੱਚ ਇੱਕ ਆਦਮੀ ਅਤੇ ਰੋਗ ਨਿਯੰਤਰਣ ਅਤੇ ਰੋਕਥਾਮ ਕੇਂਦਰ (ਸੀਡੀਸੀ) ਦੇ ਇੱਕ ਮੈਂਬਰ ਵਿਚਕਾਰ ਗੱਲਬਾਤ ਸੀ। ਵਾਇਰਲ ਆਡੀਓ ਵਿੱਚ, ਸੀਡੀਸੀ ਮੈਂਬਰ ਕਹਿ ਰਿਹਾ ਸੀ, 'ਮੈਂ ਤੁਹਾਨੂੰ ਦੱਸਣਾ ਚਾਹੁੰਦਾ ਹਾਂ ਕਿ ਹਸਪਤਾਲਾਂ ਦੇ ਵਾਰਡ ਬੁਰੀ ਤਰ੍ਹਾਂ ਭਰੇ ਹੋਏ ਹਨ, ਆਈਸੋਲੇਸ਼ਨ ਸੈਂਟਰ ਵਿੱਚ ਕੋਈ ਜਗ੍ਹਾ ਨਹੀਂ ਬਚੀ ਹੈ, ਕੋਈ ਐਂਬੂਲੈਂਸ ਨਹੀਂ ਹੈ ਕਿਉਂਕਿ ਸੈਂਕੜੇ ਫੋਨ ਕਾਲਾਂ ਆ ਰਹੀਆਂ ਹਨ। ਦਿਨ।' ਜ਼ੀਰੋ-ਕੋਵਿਡ ਨੀਤੀ 'ਤੇ ਸਵਾਲ ਉਠਾਉਂਦੇ ਹੋਏ ਉਨ੍ਹਾਂ ਕਿਹਾ ਕਿ ਇਸ ਨੇ ਦੁਨੀਆ 'ਚ ਸ਼ੰਘਾਈ ਦੀ ਤਸਵੀਰ ਬਦਲ ਦਿੱਤੀ ਹੈ।

### ਜਨਮ ਦਿਨ 'ਤੇ ਵਿਸ਼ੇਸ਼

# ਪਹਿਲੀ ਸਿੱਖ ਬੀਬੀ ਬੇਬੇ ਨਾਨਕੀ ਜੀ

**ਸਮੂਹ ਸੰਗਤਾਂ ਨੂੰ ਬੇਬੇ ਨਾਨਕੀ ਜੀ ਦੇ ਜਨਮ ਦਿਹਾੜੇ ਦੀਆਂ ਬਹੁਤ ਬਹੁਤ ਵਧਾਈਆਂ**

ਮਹਾਨ ਕੋਸ਼ ਵਿਚ ਭਾਈ ਕਾਨ੍ਹ ਸਿੰਘ ਨਾਭਾ ਨੇ ਬੇਬੇ ਨਾਨਕੀ ਦੇ ਸਿਰਲੇਖ ਹੇਠ ਲਿਖਿਆ ਹੈ ਕਿ ਗੁਰੂ ਨਾਨਕ ਦੇਵ ਜੀ ਦੇ ਧਰਮ ਨੂੰ ਧਾਰਨ ਕਰਨ ਵਾਲੀ ਸਭ ਤੋਂ ਪਹਿਲੀ ਸਿੱਖ ਬੀਬੀ ਸੀ। ਉਨ੍ਹਾਂ ਨੇ ਸਭ ਤੋਂ ਪਹਿਲਾਂ ਗੁਰਮਤਿ ਨੂੰ ਜਾਣਿਆ। ਬੇਬੇ ਨਾਨਕੀ ਜੀ ਨੇ ਗੁਰੂ ਨਾਨਕ ਦੇਵ ਜੀ ਨੂੰ ਕੇਵਲ ਵੀਰ ਹੀ ਨਹੀਂ, ਫਕੀਰ ਕਰਕੇ ਵੀ ਜਾਣਿਆ। ਮਹਿਤਾ ਕਲਿਆਨ ਰਾਏ ਦੇ ਘਰ ਮਾਤਾ ਤ੍ਰਿਪਤਾ ਜੀ ਦੀ ਕੁਖੋਂ ਇਕ ਬੱਚੀ ਨੇ 1464 ਵਿਚ ਆਪਣੇ ਨਾਨਕੇ ਪਿੰਡ ਚਾਹਿਲ ਪਾਕਿਸਤਾਨ ਵਿਚ ਜਨਮ ਲਿਆ। ਉਹ ਗੁਰੂ ਨਾਨਕ ਦੇਵ ਜੀ ਤੋਂ 5 ਸਾਲ ਵੱਡੇ ਸਨ। ਬੇਬੇ ਜੀ ਦਾ ਜਨਮ ਨਾਨਕੇ ਹੋਣ ਕਰਕੇ ਨਾਨਾ ਰਾਮ ਜੀ, ਨਾਨੀ ਭਿਰਾਈ, ਮਾਸੀ ਲੱਖੋ ਜੀ ਅਤੇ ਮਾਮਾ ਕ੍ਰਿਸ਼ਨਾ ਜੀ ਦੇ ਲਾਡਾਂ-ਪਿਆਰਾਂ ਨਾਲ ਨਵੀਂ ਜਨਮੀ ਬੱਚੀ ਦਾ ਨਾਂਅ ਹੀ ਨਾਨਕਿਆਂ ਦੀ ਪੈ ਗਿਆ।

ਇਹ ਪਿੰਡ ਲਾਹੌਰ ਛਾਉਣੀ ਤੋਂ ਅੱਠ ਮੀਲ ਦੱਖਣ ਪੂਰਬ ਵੱਲ ਹੈ । ਪੰਜ ਸਾਲ ਬਾਅਦ ਰਾਏ ਭੋਏ ਦੀ ਤਲਵੰਡੀ




ਵਿਚ 1469 ਈ। ਨੂੰ ਇਸਦਾ ਇਕ ਵੀਰ ਜਨਮਿਆ ਜਿਸ ਦਾ ਨਾਂ ਇਸ ਦੇ ਨਾਲ ਰਲਦਾ ਨਾਨਕ ਰੱਖਿਆ । ਬੇਬੇ ਨਾਨਕੀ ਜੀ ਗੁਰੂ ਨਾਨਕ ਸਾਹਿਬ ਜੀ ਨੂੰ ਬਹੁਤ ਪਿਆਰ ਕਰਦੇ ਤੇ ਖਿਡਾਉਂਦੇ ਕੁਛੜੋ ਨਾ ਲਾਹੁੰਦੇ । ਮਾਤਾ ਤ੍ਰਿਪਤਾ ਏਨਾਂ ਦੋਵਾਂ ਨੂੰ ਆਪਸ ਵਿਚ ਪਿਆਰ ਕਰਦਿਆਂ ਵੇਖ ਬਹਾਰੇ ਜਾਂਦੇ, ਵਾਰੇ ਜਾਂਦੇ । ਵੀਰ ਨੂੰ ਬਾਹਰ ਸਖੀਆਂ ਪਾਸ ਲਿਜਾ ਖਿਡਾਉਂਦੇ ।

ਕਈ ਵਾਰ ਵੀਰ ਨਾਨਕ ਬਾਹਰ ਘਰ ਦੀਆਂ ਵਸਤੂਆਂ ਦੇ ਆਉਂਦਾ । ਛੋਟੇ ਛੋਟੇ ਬੱਚੇ ਇਕੱਠੇ ਕਰ ਘਰੋਂ ਰੋਟੀਆਂ ਕੱਢ ਕੇ ਲੈ ਜਾਂਦਾ ਤੇ ਬੱਚਿਆਂ ਨੂੰ ਕਤਾਰਾਂ ਵਿਚ ਬਿਠਾ ਕੇ ਰੋਟੀਆਂ ਦੇ ਟੋਟੇ ਕਰ ਕੇ ਵੰਡਦਾ ਤਾਂ ਭੈਣ ਨਾਨਕੀ ਜੀ ਪਿਛੇ ਜਾ ਕੇ ਤਕਦੇ ਬੜੇ ਖੁਸ਼ ਹੁੰਦੇ । ਇਸੇ ਤਰ੍ਹਾਂ ਬਾਲਕ ਗੁਰੂ ਨਾਨਕ ਘਰੋਂ ਭਾਂਡੇ , ਬਸਤਰ ਇਥੋਂ ਤਕ ਕਿ ਇਕ ਵਾਰੀ ਆਪਣੇ ਹੱਥ ਦੀ ਅੰਗੂਠੀ ਵੀ ਬਾਹਰ ਦੇ ਆਇਆ ਮਾਂ ਨੇ ਖਫਾ ਹੋ ਕੇ ਝਿੜਕਣਾ ਤਾਂ ਭੈਣ ਨਾਨਕੀ ਜੀ ਕਹਿਣਾ " ਮਾਤਾ ! ਮੇਰੇ ਵੀਰ ਨੂੰ ਪੁੱਤਰ ਕਰਕੇ ਨਾ ਜਾਣੀ । ਇਹ ਰੱਬ ਰੂਪ ਹੈ । ਇਸੇ ਤਰ੍ਹਾਂ ਭੈਣ ਨਾਨਕੀ ਜੀ ਪਿਤਾ ਕਾਲੂ ਰਾਇ ਨੂੰ ਕਹਿੰਦੇ ਪਿਤਾ ਜੀ ! ਨਾਨਕ ਫਕੀਰ ਦੋਸਤ ਹੈ । ਇਹ ਸੰਸਾਰੀ ਜੀਵ ਨਹੀਂ ਹੈ । ਸਭ ਤੋਂ ਪਹਿਲਾਂ ਬੇਬੇ ਨਾਨਕੀ ਜੀ ਸਨ ਜਿਨਾਂ ਇਨ੍ਹਾਂ ਨੂੰ (ਗੁਰੂ) ਸਮਝਣ ਤੇ ਇਨ੍ਹਾਂ ਦਾ ਧਰਮ ਧਾਰਿਆ । ਇਹ ਵੀਰ ਗੁਰੂ ਨਾਨਕ ਜੀ ਨੂੰ ਵੀ ਨਹੀਂ ਪੀਰ ਕਰ ਕੇ ਜਾਣਦੀ । ਦੂਜੇ ਰਾਇ ਬੁਲਾਰ ਸੀ ਜਿਸ ਨੇ ਗੁਰੂ ਨਾਨਕ ਦੇਵ ਜੀ ਦੀ ਅਜ਼ਮਤ ਨੂੰ ਜਾਣਿਆ ।

ਜਦੋਂ ਗੁਰੂ ਨਾਨਕ ਜੀ ਨੇ ਸਾਧਾਂ ਫਕੀਰਾਂ ਨੂੰ ਸੌਦਾ ਖਰੀਦ ਕੇ ਲਿਆਉਣ ਵਾਲੀ ਰਕਮ ਦਾ ਲੰਗਰ ਪਾਣੀ ਛਕਾਇਆ ਤਾਂ ਪਿਤਾ ਕਾਲੂ ਜੀ ਨੇ (ਗੁਰੂ) ਨਾਨਕ ਜੀ ਨੂੰ ਕਰੋਧ ਵਿਚ ਆ ਕੇ ਚਪੇੜ ਮਾਰੀ ਤੇ ਭੈਣ ਨਾਨਕੀ ਜੀ ਦਾ ਹਿਰਦਾ (ਵੀਰ ਦੀ ਲਾਲ ਗਲ ਵੇਖ ਕੇ ਪਿਘਲ ਗਿਆ। ਵੀਰ ਨੂੰ ਗਲ ਲੈ ਕੇ ਪਿਆਰ ਕੀਤਾ । ਉਧਰੋਂ ਮਾਤਾ ਤ੍ਰਿਪਤਾ ਜੀ ਦੌੜੇ ਆਏ । ਲਾਡਲੇ ਦੀ ਲਾਲ ਗਲ ਆ ਕੇ ਪਲੋਸਣ ਲੱਗੇ । ਮਾਤਾ ਜੀ ਨੂੰ ਕੀ ਪਤਾ ਸੀ ਜਿਸ ਦੀਆਂ ਗਲਾਂ ਪਲੋਸ ਕੇ ਉਸ ਦੀ ਪੀੜ ਹਟਾਉਣ ਲੱਗੀ ਹੈ ਵੱਡੇ ਹੋ ਕੇ ਜਗਤ ਜਲੰਦੇ ਦੀ ਪੀੜ ਹਰਨ ਲਈ ਘਰ ਬਾਰ ਛੱਡ ਉਦਾਸੀਆਂ ਤੇ ਚੱਲ ਪੈਣਾ ਹੈ । ਬੇਬੇ ਨਾਨਕੀ ਜੀ ਦਾ ਵਿਆਹ ਜੈ ਰਾਮ ਸੁਲਤਾਨਪੁਰ ਲੋਧੀ ਦੇ ਰਹਿਣ ਵਾਲੇ ਨਾਲ ਕਰ ਦਿੱਤਾ। ਇਹ ਛੈਲ , ਛਬੀਲਾ ਹਸਮੁਖ ਨੌਜੁਆਨ ਸੀ । ਇਹ ਨਵਾਬ ਦੌਲਤ ਖਾਂ ਦਾ ਆਮਿਲ (ਜ਼ਮੀਨ ਮਿਣਨ) ਵਾਲਾ ਸੀ । ਤੇ ਰਾਇ ਬੁਲਾਰ ਪਾਸ ਅਕਸਰ ਆਉਂਦਾ ਰਹਿੰਦਾ ਸੀ । ਰਾਇ ਬੁਲਾਰ ਨੇ ਵਿਚ ਪੈ ਕੇ ਇਨ੍ਹਾਂ ਦਾ ਰਿਸ਼ਤਾ ਕਰਾ ਦਿੱਤਾ ਸੀ । ਕਾਲੂ ਚੰਦ ਜੀ ਨੇ ਆਪਣੇ ਸੌਹਰੇ ਰਾਮ ਜੀ ਨਾਲ ਸਲਾਹ ਕਰਕੇ ਰਿਸ਼ਤਾ ਪੱਕਾ ਕੀਤਾ । ਵਿਆਹ ਬੜੀ ਧੂਮ ਧਾਮ ਨਾਲ ਕੀਤਾ ਗਿਆ । ਤਿੰਨ ਦਿਨ ਜੰਞ ਰੱਖੀ ਗਈ ਨਵਾਬ ਦੌਲਤ ਖਾਂ ਵੀ ਬਰਾਤ ਵਿਚ ਆਇਆ । ਨਾਨਕਿਆਂ ਮਾਮਾ ਕ੍ਰਿਸ਼ਨ ਚੰਦ ਨੇ ਵੀ ਬੜਾ ਖਰਚ ਕੀਤਾ । ਫਿਰ ਪੰਜ ਸਾਲ ਬਾਦ ਮੁਕਲਾਵਾ ਦਿੱਤਾ ਗਿਆ।

ਬੇਬੇ ਜੀ ਦਾ ਸਰੀਰ ਸੁਲਤਾਨਪੁਰ ਤੇ ਮਨ ਵੀਰ (ਗੁਰੂ) ਨਾਨਕ ਵਿਚ । ਬੇਬੇ ਜੀ ਉਦਾਸ ਹੋ ਜਾਂਦੇ ਤਾਂ ਜਦੋਂ ਇਕ ਵਾਰੀ ( ਗੁਰੂ ) ਨਾਨਕ ਜੀ ਬੇਬੇ ਨਾਨਕੀ ਜੀ ਨੂੰ ਮਿਲਣ ਆਏ। ਤਾਂ ਤੀਜੇ ਦਿਨ ਹੀ ਵਾਪਸ ਤਲਵੰਡੀ ਪਰਤ ਗਏ । ਉਸ ਨੇ ਜੀਜਾ ਜੈ ਰਾਮ ਨੂੰ ਇਕ ਵਾਰੀ ਵੀ ਨਹੀਂ ਕਿਹਾ ਕਿ ਉਸ ਦੀ ਭੈਣ ਨੂੰ ਉਸ ਨਾਲ ਭੇਜੋ । ਬੀਬੀ ਨਾਨਕੀ ਜੀ ਨੇ ਆਪਣੇ ਪਤੀ ਨੂੰ ਕਿਹਾ ਸੀ ਕਿ ਇਨ੍ਹਾਂ ਨੂੰ ਇਕੱਲੇ ਵਾਪਸ ਨਾ ਮੋੜੋ । ਮੇਰਾ ਵੀਰ ਕਲਾਵਾਨ ਹੈ। ਜੇ ਤੁਸੀਂ ਆਗਿਆ ਦੇਵੋ ਤਾਂ ਆਪਣੇ ਉਡੀਕਦਿਆਂ ਮਾਪਿਆਂ ਕੋਲੋਂ ਹੋ ਆਵਾਂ ਅਤੇ ਵੀਰ ਨੂੰ ਏਡੇ ਲੰਮੇ ਪੈਂਡੇ ਵਿਚ ਇਕੱਲਾ ਨਾ ਭੇਜਾਂ । ਸਾਨੂੰ ਦੋਵਾਂ ਭੈਣ ਭਰਾਵਾਂ ਨੂੰ ਸਾਡੀ ਤਲਵੰਡੀ ਉਡੀਕ ਰਹੀ ਹੈ । ਜਦੋਂ ਭੈਣ ਭਰਾ ਘਰ ਪੁੱਜੇ ਤਾਂ ਮਾਂ ਦੀਆਂ ਅੱਖਾਂ ਨੂੰ ਸੁਖ ਤੇ ਕਾਲਜੇ ਠੰਡ ਪੈ ਗਈ । ਜਦੋਂ ਦੀਵਾਨ ਜੈ ਰਾਮ ਤਲਵੰਡੀ ਆਪਣੀ ਪਤਨੀ ਨੂੰ ਲੈਣ ਆਏ ਤਾਂ ਰਾਇ ਬੁਲਾਰ ਨੂੰ ਮਿਲੇ ਤਾਂ ਰਾਇ ਨੇ ਕਿਹਾ " ਤੁਹਾਨੂੰ ਪਤਾ ਹੈ (ਗੁਰੂ) ਨਾਨਕ ਦੇਵ ਕਲਾਵਾਨ ਹਨ , ਪਰ ਤੇਰੇ ਧਰਮ ਪਿਤਾ ਦਾ ਸੁਭਾਅ ਕਠੋਰ ਹੈ। ਉਹ ਰੋਜ਼ ਕੋਈ ਨਾ ਕੋਈ ਝਗੜਾ ਆਪਣੇ ਪੁੱਤਰ ਨਾਲ ਛੇੜੀ ਰੱਖਦਾ ਹੈ , ਤੁਸੀਂ ਇਸ ਨੂੰ ਆਪਣੇ ਸਾਥ ਲੈ ਜਾਉ ਤੁਹਾਡਾ ਬੜੇ ਨੇੜੇ ਦਾ ਸਾਕ ਹੈ । ਦੂਜੀ ਮੇਰੀ ਵੀ ਇਹ ਮੰਗ ਹੈ । ਤੀਜਾ ਤੇਰਾ ਪ੍ਰਲੋਕ ਵੀ ਇਸ ਤਰ੍ਹਾਂ ਕਰਨ ਨਾਲ ਸੁਧਰੇਗਾ । " ਜੈ ਰਾਮ ਸੁਣ ਕੇ ਬੜਾ ਖੁਸ਼ ਹੋਇਆ ਤੇ ਕਿਹਾ " ਮੈਂ ਭਾਗਾਂ ਵਾਲਾ ਹੋਵਾਂਗਾ ਜੇ ਉਹ ਮੇਰੇ ਪਾਸ ਚਲੇ ਜਾਵੇ।

ਜੈ ਰਾਮ ਨੇ ਨਵਾਬ ਦੌਲਤ ਖਾਂ ਨਾਲ ਚੰਗੀ ਬਣਾਈ ਹੋਈ ਸੀ । ਇਸ ਨੇ ਉਸ ਨੂੰ ਕਹਿ (ਗੁਰੂ) ਨਾਨਕ ਦੇਵ ਜੀ ਨੂੰ ਉਸ ਦੇ ਮੋਦੀਖਾਨੇ ਵਿਚ ਲਵਾ ਦਿੱਤਾ । (ਗੁਰੂ) ਨਾਨਕ ਦੇਵ ਜੀ ਦਾ ਕੰਮ ਸੀ ਲੋਕਾਂ ਵਲੋਂ (ਜ਼ਿਮੀਦਾਰਾਂ ਵਲੋਂ ਜ਼ਮੀਨ ਵਾਹੁਣ ਦਾ ਹਿੱਸਾ ਜਿਹੜਾ ਨਵਾਬ ਨੂੰ ਮਿਲਦਾ ਸੀ । ਅਨਾਜ ਦੇ ਰੂਪ ਵਿਚ







ਕਣਕ, ਛੋਲੇ, ਮੱਕੀ ਆਦਿ। ਮਾਲੀਆ ਆਇਆ ਅੱਗੋਂ ਲੋਕਾਂ ਨੂੰ ਵੇਚਣਾਂ ਤੇ ਉਸ ਦਾ ਹਿਸਾਬ ਕਿਤਾਬ ਰੱਖਣਾ। ਤੋਲ ਕੇ ਲੈਣਾ ਤੇ ਤੋਲ ਕੇ ਦੇਣਾ। ਇਸ ਵਿਚ ਆਪ ਬੜੇ ਸਫਲ ਹੋਏ ਤਾਂ ਬੇਬੇ ਨਾਨਕੀ ਜੀ ਨੇ ਵੀਰ ਦਾ ਵਿਆਹ ਕਰਨ ਦੀ ਵਿਚਾਰ ਬਣਾਈ । ਜੈ ਰਾਮ ਜਿਵੇਂ ਤਲਵੰਡੀ ਜਾਇਆ ਕਰਦਾ ਸੀ ਇਸੇ ਤਰਾਂ ਪਖੋਕੇ ਰੰਧਾਵਾ ਪਰਗਨਾ ਗੁਰਦਾਸਪੁਰ ਵਿਚ ਮੂਲ ਚੰਦ ਖੱਤਰੀ ਪਾਸ ਵੀ ਜਾਂਦਾ ਸੀ ਜਿਹੜਾ ਕਿ ਇਸ ਪਿੰਡ ਦਾ ਪਟਵਾਰੀ ਸੀ । ਇਸ ਦੀ ਲੜਕੀ ਸੁਲਖਣੀ ਸੀ। ਇਸ ਦਾ ਰਿਸ਼ਤਾ ਮਾਤਾ ਤ੍ਰਿਪਤਾ ਤੇ ਪਿਤਾ ਕਾਲੂ ਜੀ ਦੀ ਸਲਾਹ ਨਾਲ ਗੁਰੂ ਨਾਨਕ ਦੇਵ ਜੀ ਨੂੰ ਕਰ ਦਿੱਤਾ । ਪੰਜ ਵਿਸਾਖ ੧੫੪੨ ਬਿ । ਨੂੰ ਕੁੜਮਾਈ ਕਰ ਦਿੱਤੀ ਤੇ ੨੪ ਜੇਠ ੧੫੪੪ ਬਿ : ਨੂੰ ਵਿਆਹ ਕਰ ਦਿੱਤਾ । ਤਲਵੰਡੀ ਤੋਂ ਪਹਿਲਾਂ ਸਾਰੇ ਸੁਲਤਾਨਪੁਰ ਪੁੱਜੇ ਫਿਰ ਇਥੋਂ ਸਾਰੀ ਬਰਾਤ ਬੜੀ ਧੂਮਧਾਮ ਨਾਲ ਬਟਾਲੇ ਪੁੱਜੀ। ਕਿਉਂਕਿ ਭਾਈ ਮੂਲ ਚੰਦ ਇਥੇ ਰਹਿੰਦਾ ਸੀ । ਵਿਆਹ ਤੋਂ ਬਾਦ ਬਰਾਤ ਸੁਲਤਾਨਪੁਰ ਪੁੱਜੀ। ਜੰਞ ਵਿਚ ਨਵਾਬ ਦੌਲਤ ਖਾਂ , ਰਾਇ ਬੁਲਾਰ ਵਰਗੇ ਚੌਧਰੀ ਆਏ ਸਨ । ਕੁਝ ਦਿਨ ਮਾਤਾ ਤ੍ਰਿਪਤਾ ਜੀ ਤੇ ਕਾਲੂ ਜੀ ਸੁਲਤਾਨਪੁਰ ਰਹੇ ਫਿਰ ਸਾਰੇ ਸਾਕ ਸੰਬੰਧੀਆਂ ਸਮੇਤ ਵਾਪਸ ਤਲਵੰਡੀ ਚਲੇ ਗਏ।

ਵਿਆਹ ਤੋਂ ਬਾਦ ਕੁਝ ਚਿਰ ਭੈਣ ਨਾਨਕੀ ਜੀ ਨੇ ਭਰਜਾਈ ਨੂੰ ਆਪਣੇ ਨਾਲ ਰਖਿਆ ਵਿਆਹ ਤੋਂ ਪਹਿਲਾਂ ਹੀ ਭੈਣ ਨਾਨਕੀ ਜੀ ਵੀਰ ਦੀ ਰਿਹਾਇਸ਼ ਲਈ ਇਕ ਖੁਲ੍ਹਾ ਵਿਹੜਾ ਤੇ ਮਕਾਨ ਬਣਵਾ ਦਿੱਤਾ । ਕਿਉਂਕਿ ਭੈਣ ਜੀ ਨੂੰ ਪਤਾ ਸੀ ਕਿ ਇਸ ਦੇ ਸੰਗੀ ਸਾਥੀ ਸੰਤਾਂ ਫਕੀਰਾਂ ਨੇ ਇਨ੍ਹਾਂ ਪਾਸ ਆ ਕੇ ਰਿਹਾ ਕਰਨਾ ਹੈ। ਸੋ ਚੰਗਾ ਖੁਲਾ ਥਾਂ ਬਣਾ ਦਿੱਤਾ ਗਿਆ। ਡਾ ਮਹਿੰਦਰ ਕੌਰ ਗਿੱਲ ਇਸ ਬਾਰੇ ਇਉਂ ਲਿਖਦੇ ਹਨ ਕੁਝ ਦਿਨਾਂ ਬਾਦ ਸੁਲਖਣੀ ਜੀ ਵੀ ਆ ਗਈ । ਬੀਬੀ ਨਾਨਕੀ ਨੇ ਭਰਾ ਭਰਜਾਈ ਨੂੰ ਵੱਖਰਿਆਂ ਕਰ ਦਿੱਤਾ । ਵੀਰ ਨੂੰ ਘਰ ਦਾ ਸਮਾਨ ਬਣਾਇਆ ਵੇਖ ਭੈਣ ਨਾਨਕੀ ਮਨ ਵਿਚ ਬਲਿਹਾਰੇ ਜਾਂਦੀ ਕਿ ਹੁਣ ਉਸ ਦਾ ਵੀਰ ਗਰਹਿਸਤੀ ਬਣ ਗਿਆ ਹੈ । ਵੀਰ ਦਾ ਘਰ ਆਬਾਦ ਵੇਖ ਕੇ ਹਰ ਵੇਲੇ ਸ਼ੁਕਰ ਸ਼ੁਕਰ ਕਰਦੀ ਰਹਿੰਦੀ ਸੀ ਬੀਬੀ ਨਾਨਕੀ।

ਇਸ ਤਰਾਂ ਗੁਰੂ ਨਾਨਕ ਦੇਵ ਜੀ ਚੰਗਾ ਗਰਹਿਸਤੀ ਜੀਵਨ ਬਿਤਾਉਂਦੇ ਰਹੇ । ਮੋਦੀਖਾਨੀਓ ਗਰੀਬਾਂ ਨੂੰ ਮੁਫਤ ਅਨਾਜ ਚੁਕਾ ਦੇਣਾ । ਹੁਣ ਦੋ ਬੱਚੇ ਵੀ ਹੋ ਗਏ । ਹੋਰ ਸਾਧਾਂ, ਸੰਤਾਂ ਪੀਰਾਂ ਫਕੀਰਾਂ ਦੀਆਂ ਗੁਰੂ ਜੀ ਦੇ ਵਿਹੜੇ ਰੌਣਕਾਂ ਲੱਗੀਆਂ ਰਹਿੰਦੀਆਂ । ਮਾਤਾ ਸੁਲਖਣੀ ਜੀ ਕੰਮ ਕਰਦੇ ਨਾ ਥਕਦੇ।ਹਰ ਸਮੇਂ ਆਏ ਗਏ ਦੀ ਸੇਵਾ ਵਿਚ ਰੁਝੇ ਰਹਿੰਦੇ । ਘਰ ਘਟ ਧਿਆਨ ਦੇਂਦੇ ਕਈ ਕਈ ਘੰਟੇ ਵੇਈਂ ਦੇ ਕੰਢੇ ਬਾਹਰ ਬੈਠੇ ਰਹਿੰਦੇ । ਇਕ ਵਾਰੀ ਚੰਦੋ ਰਾਣੀ (ਗੁਰੂ ਜੀ ਦੀ ਸੱਸ) ਵੀ ਆਈ ਹੋਈ ਸੀ । ਮਾਤਾ ਸੁਲੱਖਣੀ ਜੀ ਨੇ ਆਪਣੀ ਮਾਤਾ ਨੂੰ ਗੁਰੂ ਜੀ ਦੀ ਇਸ ਲਾਪ੍ਰਵਾਹੀ ਬਾਰੇ ਦੱਸਿਆ ਤਾਂ ਚੰਦੋਂ ਰਾਣੀ ਨੇ ਬੀਬੀ ਨਾਨਕੀ ਜੀ ਪਾਸ ਸ਼ਿਕਾਇਤ ਕੀਤੀ ਜਿਸ ਦਾ ਜ਼ਿਕਰ ਡਾ: ਮਹਿੰਦਰ ਕੌਰ ਗਿੱਲ " ਗੁਰੂ ਮਹਿਲ ਗਾਥਾ ' ਵਿਚ ਇਵੇਂ ਕਰਦੇ ਹਨ । ਇਕ ਦਿਨ ਬੀਬੀ ਨਾਨਕੀ ਜੀ ਬੈਠੇ ਸਨ ਕਿ ਉਨਾਂ ਦੀ ਭਰਜਾਈ ਸੁਲਖਣੀ ਜੀ ਆਏ ਨਾਲ ਹੀ ਉਸ ਦੀ ਮਾਤਾ ਚੰਦੋ ਰਾਣੀ ਵੀ ਸੀ । ਮਾਵਾਂ ਧੀਆਂ ਆਣ ਲੜਣ ਲੱਗੀਆਂ । ਸੁਲਖਣੀ ਜੀ ਨੇ ਕਿਹਾ ਕਿ ਮੇਰਾ ਪਤੀ ਕਈ ਕਈ ਦਿਨ ਘਰ ਨਹੀਂ ਆਉਂਦਾ । ਜੇ ਕਦੇ ਆ ਵੀ ਜਾਵੇ ਤਾਂ ਮੂੰਹੋਂ ਕਦੇ ਕੁਝ ਨਹੀਂ ਬੋਲਿਆ । ਚੁੱਪ ਕਰਕੇ ਬੈਠਾ ਰਹਿੰਦਾ ਹੈ ਬੇਬੇ ਨਾਨਕੀ ਜੀ ਨੇ ਸਹਿਜੇ ਨਾਲ ਆਖਿਆ । ਮਾਸੀ ਜੀ ! ਤੁਹਾਡੀ ਧੀ ਨੂੰ ਖਾਣ ਪੀਣ ਦੀ ਕਪੜੇ ਲੀੜੇ ਦੀ ਜਾਂ ਕਿਸੇ ਹੋਰ ਚੀਜ਼ ਦੀ ਕੋਈ ਕਮੀ ਤਾਂ ਨਹੀਂ । ਜੇ ਉਹ ਘਰ ਆ ਕੇ ਚੁਪ ਕਰ ਰਹਿੰਦਾ ਹੈ ਤਾਂ ਇਹ ਉਸ ਦੀ ਆਦਤ ਹੈ । ਉਸ ਮੰਦਾ ਤਾਂ ਨਹੀਂ ਬੋਲਦਾ ਦੁਖੀ ਤਾਂ ਨਹੀਂ ਕਰਦਾ , ਲੋੜ ਦੀ ਥੁੜ ਤਾਂ ਨਹੀਂ ਆਉਣ ਦੇਂਦਾ । ਬੇਬੇ ਨਾਨਕੀ ਜੀ ਦੀ ਗੱਲ ਸੁਣ ਦੋਵੇਂ ਮਾਵਾਂ ਧੀਆਂ ਚੁਪ ਹੋ ਗਈਆਂ ਤੇ ਆਪਣੇ ਘਰ ਪਰਤ ਗਈਆਂ । ਇਸੇ ਸ਼ਿਕਾਇਤ ਦਾ ਭਾਈ ਵੀਰ ਸਿੰਘ ਜੀ ਇਉਂ ਲਿਖਦੇ ਹਨ ਇਕ ਵਾਰੀ ਉਨਾਂ ( ਮਾਤਾ ਸੁਲਖਣੀ ਤੇ ਉਨਾਂ ਦੀ ਮਾਂ ਚੰਦੋ ਰਾਣੀ ) ਨੇ ਆ ਬੇਬੇ ਨਾਨਕੀ ਜੀ ਨੂੰ ਉਲਾਂਭਾ ਦਿੱਤਾ ਬੇਬੇ ਜੀ ਨੇ ਦੱਸਿਆ ਕਿ ਭਰਜਾਈ ਜੀ




ਨੂੰ ਕਿਸੇ ਗੱਲ ਦੀ ਥੁੜ ਨਹੀਂ ਹੈ । ਮੇਰਾ ਵੀਰ ਨੇ ਸਾਰੇ ਸੁਖਾਂ ਦੇ ਸਮਾਨ ਹਾਜਰ ਕਰ ਦਿੱਤੇ ਹਨ । ਉਨ੍ਹਾਂ ਦਾ ਸੰਤ ਸੁਭਾਅ ਹੈ ਸੰਤ ਮਤੇ ਵਿਚ ਰਹਿੰਦੇ ਹਨ । ਭਾਬੀ ਜੀ ਨੂੰ ਸਮਝਾਉ ਉਹ ਸੰਤ ਜਾਣ ਕੇ ਸ਼ਰਧਾ ਧਾਰ ਕੇ ਸੇਵਾ ਕਰੇ ਹੋਰ ਸੁਖੀ ਹੋ ਜਾਸੀ । ' ' ਜਦੋਂ ਗੁਰੂ ਜੀ ਵੇਈਂ ਵਿਚ ਇਸ਼ਨਾਨ ਕਰਨ ਗਏ ਅਲੋਪ ਹੋ ਗਏ ਤਾਂ ਕਈ ਦਿਨ ਬਾਹਰ ਨਾ ਆਏ ਤਾਂ ਲੋਕਾਂ ਜਾ ਬੀਬੀ ਜੀ ਨੂੰ ਕਿਹਾ ਕਿ ਉਸ ਦਾ ਭਰਾ ਡੁੱਬ ਗਿਆ ਹੈ ਤਾਂ ਉਸ ਨੇ ਕੋਈ ਚਿੰਤਾ ਫਿਕਰ ਨਾ ਪ੍ਰਗਟਾਵਾ ਨਹੀਂ ਕੀਤਾ । ਉਨ੍ਹਾਂ ਨੂੰ ਪੂਰਨ ਵਿਸ਼ਵਾਸ ਤੇ ਸ਼ਰਧਾ ਸੀ ਕਿ ਉਸ ਦਾ ਵੀਰ ਕਦੇ ਡੁੱਬ ਨਹੀਂ ਸਕਦਾ । ਉਸ ਨੇ ਤਗੜੀ ਹੋ ਕੇ ਕਿਹਾ ਕਿ ਉਸ ਦੇ ਭਰਾ ਨੂੰ ਨਦੀਆਂ ਨਾਲੇ ਤੇ ਦਰਿਆ ਡਬੋ ਨਹੀਂ ਸਕਦੇ । ਜਦੋਂ ਸਾਰਿਆਂ ਇਕ ਅਵਾਜ਼ ਵਿਚ ਕਿਹਾ ਕਿ " ਜੋ ਕੁਝ ਮੋਦੀਖਾਨੇ ਵਿਚ ਸੀ ਗਰੀਬ ਗੁਰਬੇ ਨੂੰ ਲੁਟਾ ਦਿੱਤਾ ਗਿਆ ਹੈ । ਇਹ ਸਭ ਕੁਝ ਉਸ ਵਿਚ ਭੈੜੀ ਰੂਹ ਆਉਣ ਕਰਕੇ ਵਾਪਰਿਆ ਹੈ । ਉਹ ਨਾ ਕਿਸੇ ਨਾਲ ਬੋਲਦਾ ਹੈ ਉਹ ਦਿਲ ਛੱਡ ਗਿਆ ਹੈ ਤੇ ਉਸ ਦਾ ਵਿਸ਼ਵਾਸ ਡੋਲ ਗਿਆ ਹੈ । ' ' ਭੈਣ ਨਾਨਕੀ ਜੀ ਉੱਤਰ ਦਿੱਤਾ ਕਿ " ਉਹ ਕਿਹੜੀ ਰੂਹ ਹੈ ਜਿਹੜੀ ਉਸ ਤੇ ਹਾਵੀ ਹੋ ਜਾਵੇ । ਉਹ ਤਾਂ ਮਨੁੱਖਾਂ ਵਿਚੋਂ ਭੈੜੀਆਂ ਰੂਹਾਂ ਨਿਖਾਰਣ ਇਸ ਮਾਤਲੋਕ ਤੇ ਆਇਆ ਹੈ । ਪ੍ਰੋ: ਕਰਤਾਰ ਸਿੰਘ ਗੁਰੂ ਨਾਨਕ ਦੇਵ ਜੀ ਸਫਾ 66।

ਤਿੰਨ ਦਿਨ ਬਾਦ ਜਦੋਂ ਗੁਰੂ ਨਾਨਕ ਦੇਵ ਜੀ ਵੇਈਂ ' ਚੋਂ ਬਾਹਰ ਆਏ ਤਾਂ ਅਕਾਲ ਪੁਰਖ ਦੇ ਆਦੇਸ਼ ਅਨੁਸਾਰ ਉਹ ਘਰ ਬਾਰ ਛੱਡ ਕੇ ਤਪਦੇ ਤੇ ਸੜਦੇ ਸੰਸਾਰ ਨੂੰ ਠਾਰਨ ਤੇ ਤਾਰਨ ਘਰੋਂ ਤੁਰਨ ਲੱਗੇ ਤਾਂ ਉਸ ਦੇ ਮਾਪਿਆਂ , ਸੌਹਰਿਆਂ ਮਾਤਾ ਸੁਲਖਣੀ ਆਦਿ ਨੇ ਵਾਰੀ ਵਾਰੀ ਘਰ ਤਿਆਗਣ ਤੋਂ ਵਰਜਿਆ । ਭੈਣ ਨਾਨਕੀ ਜੀ ਨੇ ਆਪਣੇ ਭਤੀਜਿਆਂ ਦੇ ਪਿਆਰ ਦਾ ਵਾਸਤਾ ਪਾ ਕੇ ਘਰ ਬਾਰ ਤੇ ਪ੍ਰਵਾਰ ਛੱਡਣ ਲਈ ਵਰਜਿਆ । ਤਾਂ ਆਪਣੀ ਭੈਣ ਜੀ ਨੂੰ ਉਪਦੇਸ਼ ਦੇਂਦਿਆਂ ਇੰਜ ਫੁਰਮਾਇਆ ਆਦਰ ਯੋਗ ਭੈਣ ਜੀ ! ਤੁਹਾਡਾ ਸੱਚਾ ਤੇ ਸੁੱਚਾ ਪਿਆਰ ਸਾਰਿਆਂ ਦੇ ਪਿਆਰ ਨਾਲੋਂ ਵੱਖਰਾ ਹੈ । ਇਹ ਬਹੁਤ ਉਚ ਕੋਟੀ ਦਾ ਹੈ । ਤੇਰਾ ਚਿਹਰਾ ਸਭ ਕੁਝ ਪ੍ਰਤੀਤ ਦੇ ਰਿਹਾ ਹੈ । ਚਿੰਤਾ ਨਾ ਕਰ ਪ੍ਰਭੂ ਹਰ ਸਮੇਂ ਤੇਰੇ ਅੰਗ ਸੰਗ ਹੋਵੇਗਾ । ਮੈਂ ਵੀ ਤੇਰੇ ਸਾਥ ਹੋਵਾਂਗਾ । ਜਦੋਂ ਵੀ ਮੇਰੇ ਮਿਲਣ ਲਈ ਤੇਰਾ ਪਿਆਰ ਜਾਗਿਆ ਤੇਰੀ ਮਿਲਣ ਦੀ ਇਹ ਤਾਂਘ ਬਿਨ ਬੋਲਿਆ ਮੈਂ ਸੁਣਾਂਗਾ ਤੇ ਝਟ ਤੇਰੇ ਪਾਸ ਹੋਵੇਗਾ । ਪ੍ਰੰਤੂ ਆਪਣੇ ਪਿਆਰ ਭਰੇ ਦਿਲ ਦੀਆਂ ਧੜਕਣਾਂ ਸ਼ਾਂਤ ਕਰਨ ਦੀ ਕੋਸ਼ਿਸ਼ ਕਰ । ਆਪਣੇ ਪ੍ਰਮਾਤਮਾ ਵੱਲ ਧਿਆਨ ਧਰ ਮੈਂ ਤੇਰੇ ਬਾਰੇ ਆਪਣੇ ਫਰਜ਼ ਨੂੰ ਪਛਾਣਦਾ ਹਾਂ । ਪ੍ਰੰਤੂ ਤੇਰੇ ਵਰਗੀਆਂ ਅਣਗਿਣਤ ਭੈਣਾਂ ਦੁਖੀ ਤੇ ਬਿਪਤਾ ਵਿਚ ਤੜਪ ਤੇ ਚਿਲਾ ਰਹੀਆਂ ਹਨ । ਜਿਨਾਂ ਨੂੰ ਆਰਾਮ ਤੇ ਸ਼ਾਂਤੀ ਚਾਹੀਦੀ ਹੈ । ਮੈਂ ਜ਼ਰੂਰ ਜਾਵਾਂਗਾ ( ਪੁਰਾਤਨ ਜਨਮ ਸਾਖੀ ) ਜਦੋਂ ਗੁਰੂ ਜੀ ਤੁਰਨ ਲੱਗੇ ਤਾਂ ਮਰਦਾਨੇ ਦੇ ਵਜਾਉਣ ਲਈ ਰਬਾਬ ਮੁੱਲ ਲੈਣ ਲਈ ਭੈਣ ਨਾਨਕੀ ਜੀ ਪਾਸੋਂ ਇਕ ਰੁਪਿਆ ਮੰਗ ਕੇ ਲਿਆ ਤੇ ਫੁਰਮਾਇਆ ਕਿ " ਰਬਾਬ ਦੀਆਂ ਤੰਦਾਂ ਵੱਜਣ ਨਾਲ ਭੈਣ ਜੀ ਦੀ ਯਾਦ ਆਉਂਦੀ ਰਹੇਗੀ ਕਿ ਇਹ ਭੈਣ ਜੀ ਨੇ ਲੈ ਕੇ ਦਿੱਤੀ ਸੀ ਤੇ ਇਹ ਭੈਣ ਦੇ ਮਿੱਠੇ ਪਿਆਰ ਦੀਆਂ ਤੰਦਾਂ ਹਿਲਦੀਆਂ ਰਹਿਣ । ' ' ਪਹਿਲੀ ਉਦਾਸੀ ਤੋਂ ਬਾਅਦ ਗੁਰੂ ਇਨ੍ਹਾਂ ਪਿਆਰ ਦੀਆਂ ਤੰਦਾ ਦੇ ਖਿਚੇ ਪਹਿਲਾਂ ਸਿੱਧੇ ਸੁਲਤਾਨਪੁਰ ਆਏ ॥ ਪੁਰਾਤਨ ਜਨਮ ਸਾਖੀ ਤੇ ਹੋਰ ਇਤਿਹਾਸਾਂ ਵਿਚ ਆਉਂਦਾ ਹੈ ਕਿ ਜਦੋਂ ਵੀ ਭੈਣ ਨਾਨਕੀ ਜੀ ਨੇ ਵੀਰ ਨੂੰ ਯਾਦ ਕੀਤਾ ਗੁਰੂ ਉਦੋਂ ਤੁਰ ਉਥੇ ਪੁੱਜ ਜਾਂਦੇ । ਉਹ ਭਾਵੇਂ ਕਿੰਨੀ ਵੀ ਦੂਰ ਕਿਉਂ ਨਾ ਹੋਣ । ਫੁਲਕਾ ਪਕਾਉਂਦਿਆਂ ਯਾਦ ਕਰਨ ਵਾਲੀ ਸਾਖੀ ਆਮ ਪ੍ਰਚਲਤ ਹੈ । ਫੁਲਕਾ ਪਕਾਉਂਦਿਆਂ ਫੁਲ ਗਿਆ ਤਾਂ ਭੈਣ ਨੂੰ ਫੁਰਨਾ ਫੁਰਿਆ ਕਿ ਇਹ ਫੁਲਿਆ ਫੁਲਕਾ ਵੀਰ ਦੇ ਛਕਣ ਯੋਗ ਹੈ । ਇਹ ਯਾਦ ਕਰ ਰਹੀ ਸੀ ਕਿ ਬਾਹਰਲਾ ਦਰਵਾਜ਼ਾ ਖੜਕਿਆ । ਭੈਣ ਦੀਆਂ ਅੱਖਾਂ ਚੁੰਧਿਆ ਗਈਆਂ ਵਿਹੜੇ ਵਿਚ ਵੀਰ ਨੂੰ ਵੇਖ । ਉਠ ਪੈਰੀ ਪੈਣ ਲੱਗੀ ਬੀਬੀ ਗੁਰੂ ਨਾਨਕ ਦੇਵ ਜੀ ਨੂੰ ਰੱਬ ਸਮਝਦੀ।ਵੀਰ ਨੇ ਗਲ ਨਾਲ ਲਾ ਲਿਆ । ਪਿਆਰ ਦਿੱਤਾ ਤੇ ਕਿਹਾ " ਬੇਬੇ ਜੀ ਤੂੰ ਵਡੀ ਹੈ । ਮੈਂ ਤੇਰੇ ਪੈਰਾਂ ਤੇ ਪਵਾਂ ਕਿ ਤੂੰ । " ਸ਼ਰਧਾ ਵਿਚ ਗਦ ਹੋਈ ਭੈਣ ਬੋਲੀ । ਵੀਰ ਜੀ ਤੂੰ ਸੱਚ ਕਹਿੰਦਾ ਹੈ । ਪਰ ਜੇ



ਮਨੁੱਖ ਹੋਵੇ ਤਾਂ , ਤੂੰ ਤਾਂ ਮੈਨੂੰ ਪ੍ਰਮੇਸ਼ਵਰ ਰੂਪ ਦੀਹਦਾ ਹੈ।

ਇਸ ਤੋਂ ਪਹਿਲਾਂ ਵੀ ਭੈਣ ਨਾਨਕੀ ਜੀ ਨੇ ਆਪਣੇ ਵੀਰ ਨੂੰ ਪ੍ਰਮੇਸ਼ਵਰ ਕਿਹਾ ਸੀ । ਭੈਣ ਭਰਾ ਦਾ ਏਨਾ ਪਿਆਰ ਹੀ ਸੀ ਕਿ ਇਸ ਨੂੰ ਆਪਣੇ ਪਾਸ ਲੈ ਆਂਦਾ ਸੀ । ਗੁਰੂ ਨਾਨਕ ਦੇਵ ਜੀ ਨੇ ਆਪਣੇ ਜੀਜਾ ਜੀ ਨੂੰ ਕਿਹਾ ਕਿ ਕੁਝ ਕਿਰਤ ਹੋਵੇ ਤਾਂ ਭਲਾ ਕੰਮ ਹੈ । ਜਿਹੜੀ ਮੈਂ ਕਰ ਸਕਾਂ । ' ' ਤਾਂ ਭੈਣ ਜੀ ਵੀਰ ਦੇ ਪਿਆਰ ਵਿਚ ਭਿੱਜੀ ਨੇ ਕਿਹਾ ਸੀ " ਵੀਰ ! ਤੂੰ ਮੈਨੂੰ ਪ੍ਰਮੇਸ਼ਵਰ ਰੂਪ ਹੀ ਦੱਸੀਦਾ ਹੈ।ਜਿਹੋ ਜਿਹਾ ਰੂਖਾ ਸੋ ਅਸੀਂ ਖਾਂਦੇ ਹਾਂ ਖਾਹ ਤੂੰ ਇਨਾਂ ਧੰਧਿਆਂ ਵਿਚ ਨਾ ਪੈ । ਤੂੰ ਇਨ੍ਹਾਂ ਜੰਜਾਲਾਂ ਯੋਗ ਨਹੀਂ ਹੈ । ਗੁਰੂ ਜੀ ਕਿਹਾ " ਬੇਬੇ ਜੀ ! ਤੁਹਾਨੂੰ ਪਤਾ ਹੋਣਾ ਚਾਹੀਦਾ ਹੈ ਕਿ ਕਿਰਤ ਕਰ ਕੇ ਖਾਣ ਨਾਲ ਇਹ ਸਰੀਰ ਪਵਿੱਤਰ ਤੇ ਨਰੋਆ ਰਹਿੰਦਾ ਹੈ । ਜੀਜਾ ਜੈ ਰਾਮ ਵੀ ਗੁਰੂ ਜੀ ਦਾ ਬੜਾ ਆਦਰ ਮਾਨ ਕਰਦੇ ॥ ਦੂਜੀ ਉਦਾਸੀ ਤੋਂ ਬਾਦ ਗੁਰੂ ਜੀ ੧੫੧੮ ਈਸਵੀ ਦੇ ਅਖੀਰ ਭੈਣ ਨਾਨਕੀ ਜੀ ਨੂੰ ਮਿਲਣ ਗਏ।ਵੀਰ ਤੁਰਨ ਲੱਗਾ ਤਾਂ ਰੋਕ ਲਿਆ ਕਿ ਅਜੇ ਨਹੀਂ ਜਾਣਾ ਵੀਰੇ । ਬੇਬੇ ਜੀ ਕੁਝ ਢਿੱਲੇ ਸੀ । ਭਰਾ ਦੇ ਹੱਥਾਂ ਵਿਚ ਭੈਣ ਨੇ ਪਰਾਨ ਤਿਆਗ ਦਿੱਤੇ । ਆਪਣੀ ਹੱਥੀਂ ਭੈਣ ਜੀ ਦੀ ਚਿਖਾ ਤਿਆਰ ਕੀਤੀ ਆਪਣੇ ਹੱਥਾਂ ਨਾਲ ਸਸਕਾਰ ਕੀਤਾ । ਤਿੰਨ ਦਿਨ ਬਾਦ ਜੀਜਾ ਜੈ ਰਾਮ ਜੀ ਵੀ ਰੱਬ ਨੂੰ ਪਿਆਰੇ ਹੋ ਗਏ ਆਪਣੇ ਹੱਥੀਂ ਸਸਕਾਰ ਕੀਤਾ । ਦੋਵਾਂ ਦੀ ਰਾਖ ਵੇਈ ' ਚ ਜਲ ਪ੍ਰਵਾਹ ਕਰ ਦਿੱਤੀ । ਬੇਬੇ ਨਾਨਕੀ ਜੀ ਜਿਥੇ ਰਹਿੰਦੇ ਸਨ ਤਕਰੀਬਨ ੪੩ ਸਾਲ ਏਥੇ ਹੀ ਰਹੇ।ਉਸ ਥਾਂ ਨੂੰ ਗੁਰੂ ਨਾਨਕ ਜੀ ਦੇ ਚਰਨਾਂ ਦੀ ਛੋਹ ਪ੍ਰਾਪਤ ਹੈ । ਭੈਣ ਨੇ ਆਪਣੇ ਵੀਰ ਨੂੰ ਖੁਲ੍ਹੇ ਵਿਹੜੇ ਵਾਲਾ ਘਰ ਬਣਾ ਦਿੱਤਾ ਆਪਣੇ ਛੋਟੇ ਘਰ ਵਿਚ ਰਹਿ ਕੇ ਗੁਜ਼ਾਰਾ ਕੀਤਾ । ਅਜੇ ਤੱਕ ਬੱਚੇ ਇਹ ਗੀਤ ਗਾਉਂਦੇ ਸੁਣੇ ਹਨ : ਨਾਨਕ ਦਾ ਘਰ ਕਿਹੜਾ ? ਜਿਸ ਦਾ ਖੁਲਾ ਵਿਹੜਾ । ਏਥੇ ਹੁਣ ਬੀਬੀ ਨਾਨਕੀ ਜੀ ਦੀ ਯਾਦ ਵਿਚ ਸੁੰਦਰ ਗੁਰਦੁਆਰਾ ਬਣਿਆ ਹੋਇਆ ਹੈ । ਜਿਥੇ ਉਨ੍ਹਾਂ ਦੇ ਵੇਲੇ ਤੇ ਹੱਥਾਂ ਦਾ ਤੰਦੂਰ ਤੇ ਬਰਤਨ ਸੰਭਾਲ ਕੇ ਰੱਖੇ ਗਏ ਹੋਏ ਹਨ । ਬੀਬੀ ਨਾਨਕੀ ਦਾ ਖੂਹ ਤੇ ਉਸ ਉਪਰ ਰੁਖ ਉਵੇਂ ਹੀ ਉਨਾਂ ਦੀ ਯਾਦ ਦਿਲਾ ਰਹੇ ਹਨ । ਸਾਰਾ ਨਗਰ ਹੀ ਗੁਰਦੁਆਰਿਆਂ ਸਮੇਤ ਮੁੜ ਉਸਾਰਿਆ ਗਿਆ । ਬੇਬੇ ਨਾਨਕੀ ਜੀ ਆਦਰਸ਼ਕ ਭੈਣ ਜੀ ਜਿਹੜੀ ਆਪਣੇ ਵੀਰ ਨੂੰ ਵੀਰ ਵੀ , ਪੀਰ ਵੀ ਸਮਝਦੀ ਸੀ । ਨਾਲ ਹੀ ਜੈ ਰਾਮ ਤੋਂ ਪਿਆਰੀ ਤੇ ਸਤਿਕਾਰੀ ਜਾਂਦੀ । ਜੈ ਰਾਮ ਨੂੰ ਪੂਰਾ ਮਾਣ ਤੇ ਸਤਿਕਾਰ ਦੇਂਦੀ । ਗੁਰੂ ਦੇ ਬੱਚਿਆਂ ਨੂੰ ਬੜਾ ਪਿਆਰ ਕਰਦੀ । ਬਾਬਾ ਸ੍ਰੀ ਚੰਦ ਨੂੰ ਆਪਣੇ ਪਾਸ ਰੱਖਿਆ । ਬੇਬੇ ਜੀ ਦੇ ਕੋਈ ਔਲਾਦ ਨਹੀਂ ਸੀ । ਇਨ੍ਹਾਂ ਦੋਵਾਂ ਜੀਆਂ ਦੇ ਪੂਰਿਆਂ ਹੋਣ ਤੇ ਬਾਬਾ ਸ੍ਰੀ ਚੰਦ ਜੀ ਨੂੰ ਗੁਰੂ ਜੀ ਨਾਲ ਤਲਵੰਡੀ ਲੈ ਆਏ।

ਅੱਜ ਗੁਰਦੁਆਰਾ ਜਨਮ ਅਸਥਾਨ ਬੇਬੇ ਨਾਨਕੀ ਜੀ, ਪਿੰਡ ਡੇਹਰਾ ਚਾਹਲ, ਲਾਹੌਰ ਵਿਖੇ ਆਪ ਜੀ ਦਾ ਜਨਮ ਦਿਹਾੜਾ ਬੜੇ ਪਿਆਰ 'ਤੇ ਸ਼ਰਧਾ ਨਾਲ ਮਨਾਇਆ ਗਿਆ।ਸ੍ਰੀ ਸੁਖਮਨੀ ਸਾਹਿਬ ਜੀ ਦੇ ਪਾਠ ਉਪਰੰਤ ਰੱਬੀ ਬਾਣੀ ਦਾ ਕੀਰਤਨ ਅਤੇ ਅਰਦਾਸ ਹੋਈ। ਸੰਗਤਾਂ ਵੱਲੋਂ ਸ੍ਰੀ ਨਿਸ਼ਾਨ ਸਾਹਿਬ ਦੇ ਚੋਲਾ ਸਾਹਿਬ ਬਦਲਣ ਦੀ ਸੇਵਾ ਕੀਤੀ ਗਈ। ਗਿਆਨੀ ਜਨਮ ਸਿੰਘ ਨਨਕਾਣਾ ਸਾਹਿਬ ਵਾਲਿਆਂ ਵੱਲੋਂ ਸਮੁੱਚੇ ਖਾਲਸਾ ਪੰਥ ਅਤੇ ਨਾਨਕ ਨਾਮ ਲੇਵਾ ਸੰਗਤਾਂ ਨੂੰ ਬੇਬੇ ਨਾਨਕੀ ਜੀ ਦੇ ਜਨਮ ਦਿਹਾੜੇ ਦੀਆਂ ਲੱਖ-ਲੱਖ ਵਧਾਈਆਂ ਦਿੱਤੀਆਂ ਗਈਆਂ। ਇਸ ਮੌਕੇ 'ਤੇ ਭਾਈ ਮਦਨ ਸਿੰਘ ਗ੍ਰੰਥੀ ਗੁਰਦੁਆਰਾ ਜਨਮ ਅਸਥਾਨ ਗੁਰੂ ਰਾਮਦਾਸ ਜੀ, ਚੂੰਨਾ ਮੰਡੀ ਲਾਹੌਰ, ਭਾਈ ਮਨਿੰਦਰ ਸਿੰਘ ਹਜ਼ੂਰੀ ਰਾਗੀ ਨਨਕਾਣਾ ਸਾਹਿਬ, ਭਾਈ ਸ਼ੰਕਰ ਸਿੰਘ, ਗ੍ਰੰਥੀ ਭਾਈ ਬਲਰਾਜ ਸਿੰਘ ਆਦਿ ਹਾਜ਼ਰ ਸਨ।

# ਪੰਜਾਬ 'ਚ ਰਾਸ਼ਟਰੀ ਖੁਰਾਕ ਸੁਰੱਖਿਆ ਐਕਟ ਅਧੀਨ ਘਰ ਘਰ ਪਹੁੰਚੇਗਾ ਰਾਸ਼ਨ, ਦਿੱਲੀ 'ਚ ਕੇਂਦਰ ਨੇ ਰੋਕਿਆ ਰਾਸ਼ਨ ਪਲਾਨ



ਹਰਦੀਪ ਸਿੰਘ ਢੁੰਬਰ
91-94636-01616

ਜਿੱਥੇ ਪੰਜਾਬ ਸਰਕਾਰ ਖਜਾਨਾ ਭਰਨ ਲਈ ਬਹੁਤ ਸਾਰੇ ਉਪਰਾਲੇ ਕਰ ਰਹੀ ਹੈ ਉੱਥੇਪੰਜਾਬ ਦੀ ਆਪ ਸਰਕਾਰ ਹਰ ਦਿਨ ਪੰਜਾਬ ਦੇ ਲੋਕਾਂ ਦੀ ਭਲਾਈ ਲਈ ਨਵੀਆਂ ਨਵੀਆਂ ਸਕੀਮਾਂ ਬਣਾ ਵੀ ਰਹੀ ਹੈ ਅਤੇ ਲਾਗੂ ਨੀ ਕਰਵਾ ਰਹੀ ਹੈ। ਪੰਜਾਬ ਦੇ ਲੋਕ ਸਰਕਾਰ ਦੇ ਫੈਸ਼ਲਿਆਂ ਦਾ ਸਵਾਗਤ ਕਰ ਰਹੇ ਹਨ।

**ਪੰਜਾਬ ਵਿੱਚ "ਨਫਸਾ", ਰਾਸ਼ਟਰੀ ਖੁਰਾਕ ਸੁਰੱਖਿਆ ਐਕਟ ਅਧੀਨ ਸਮਾਰਟ ਰਾਸ਼ਨ ਕਾਰਡ ਸਕੀਮ**

ਰਾਸ਼ਟਰੀ ਖੁਰਾਕ ਸੁਰੱਖਿਆ ਐਕਟ ਅਧੀਨ ਸਮਾਰਟ ਰਾਸ਼ਨ ਕਾਰਡ ਸਕੀਮ ਦੇ ਅਧੀਨ ਪੰਜਾਬ ਦੇ ਲਾਭ ਪਾਤਰੀਆਂ ਦੀ ਗਿਣਤੀ 1.42 ਕਰੋੜ, ਬਜ਼ੁਰਗ ਔਰਤ ਪਰਿਵਾਰ ਦੀ ਮੁਖੀ ਹੋਵੇਗੀ। 2/- ਰੁਪਏਪ੍ਰਤੀ ਕਿਲੋਗ੍ਰਾਮ'ਚ ਦਿੱਤੀ ਜਾਵੇਗੀ ਕਣਕ । ਕਣਕ ਦਾ ਦੋ-ਸਾਲਾ ਹੱਕ ਇੱਕੋ ਵਾਰ ਦਿੱਤਾ ਜਾਵੇਗਾ। ਵਿਭਾਗ ਵੱਲੋਂ ਇਸ ਦੀ ਵੰਡ ਸਿੱਧੇ ਤੌਰ 'ਤੇ ਲਾਭਪਾਤਰੀ ਦੇ ਘਰ-ਘਰ ਜਾ ਕੇ ਕੀਤੀ ਜਾਵੇਗੀ। ਲਾਭਪਾਤਰੀ ਲਾਭਪਾਤਰੀਆਂ ਨੂੰ ਉਨ੍ਹਾਂ ਦੇ ਦਰਵਾਜ਼ੇ 'ਤੇ ਰਾਸ਼ਨ ਪਹੁੰਚਾਉਣਗੇ, "ਉਸਨੇ ਕਿਹਾ।

ਸ੍ਰੀ ਮਾਨ ਨੇ ਕਿਹਾ ਕਿ ਇਸ ਸਕੀਮ ਦਾ ਉਦੇਸ਼ ਲੋਕਾਂ ਨੂੰ ਸਾਫ਼-ਸੁਥਰੇ ਬਾਰਦਾਨੇ ਵਿੱਚ ਚੰਗੀ ਕੁਆਲਿਟੀ ਦੀ ਕਣਕ ਅਤੇ ਦਾਲਾਂ ਮੁਹੱਈਆ ਕਰਵਾਉਣਾ ਹੈ। ਉਨ੍ਹਾਂ ਲਾਭਪਾਤਰੀਆਂ ਨੂੰ ਵੀ ਇੱਕ ਵਿਕਲਪ ਦਿੱਤਾ ਜਾਵੇਗਾ ਜੋ ਆਪਣੀ ਸਹੂਲਤ ਅਨੁਸਾਰ ਨੇੜਲੇ ਡਿਪੂਆਂ ਤੋਂ ਰਾਸ਼ਨ ਦੀ ਸਪਲਾਈ ਪ੍ਰਾਪਤ ਕਰਨਾ ਚਾਹੁੰਦੇ ਹਨ। ਮੁੱਖ ਮੰਤਰੀ ਨੇ ਕਿਹਾ, "ਸਾਡੀ ਸਰਕਾਰ ਨੇ ਸਿਹਤਮੰਦ ਅਤੇ ਸਵੱਛ ਰਾਸ਼ਨ ਤੁਹਾਡੇ ਘਰ ਤੱਕ ਮੁਹੱਈਆ ਕਰਵਾਉਣ ਦਾ ਉਪਰਾਲਾ ਕੀਤਾ ਹੈ।" ਮੁੱਖ ਮੰਤਰੀ ਨੇ ਕਿਹਾ ਕਿ ਇਸ ਸਕੀਮ ਨੂੰ ਲਾਗੂ ਕਰਨ ਲਈ ਰੂਪ-ਰੇਖਾ ਜਲਦੀ ਹੀ ਸ਼ੁਰੂ ਕਰ ਦਿੱਤੀ ਜਾਵੇਗੀ।

**ਦਿੱਲੀ 'ਚ ਕੇਂਦਰ ਨੇ ਰੋਕਿਆ ਰਾਸ਼ਨ ਪਲਾਨ**

ਭਾਰਤੀ ਜਨਤਾ ਪਾਰਟੀ 'ਤੇ ਚੁਟਕੀ ਲੈਂਦਿਆਂ ਸ੍ਰੀ ਮਾਨ ਨੇ ਕਿਹਾ ਕਿ ਇਹ ਸਕੀਮ ਪਹਿਲਾਂ ਦਿੱਲੀ ਵਿੱਚ ਅਰਵਿੰਦ ਕੇਜਰੀਵਾਲ ਦੀ ਅਗਵਾਈ ਵਾਲੀ 'ਆਪ' ਸਰਕਾਰ ਵੱਲੋਂ ਸ਼ੁਰੂ ਹੈ।

ਦਿੱਲੀ ਵਿੱਚ, ਦਿੱਲੀ ਸਰਕਾਰੀ ਰਾਸ਼ਨ ਡੀਲਰਸ ਸੰਘ ਨੇ ਹਾਈ ਕੋਰਟ ਵਿੱਚ ਰਾਸ਼ਨ ਦੀ ਘਰ-ਘਰ ਡਿਲੀਵਰੀ ਲਈ ਦਿੱਲੀ ਸਰਕਾਰ ਦੀ ਸਕੀਮ ਨੂੰ ਇਸ ਆਧਾਰ 'ਤੇ ਚੁਣੌਤੀ ਦਿੱਤੀ ਹੈ ਕਿ ਸਕੀਮ ਨੇ ਲੋੜੀਂਦੇ ਕਾਨੂੰਨਾਂ ਵਿੱਚ ਸੋਧ ਕੀਤੇ ਬਿਨਾਂ ਲਾਇਸੰਸਸ਼ੁਦਾ ਐਫਪੀਐਸ ਡੀਲਰਾਂ ਨੂੰ ਬਾਈਪਾਸ ਕਰ ਦਿੱਤਾ ਹੈ - ਰਾਸ਼ਟਰੀ ਖੁਰਾਕ ਸੁਰੱਖਿਆ ਐਕਟ (ਐਨਐਫਐਸਏ)। 2013 ਅਤੇ 1981 ਦਾ ਦਿੱਲੀ ਨਿਰਧਾਰਿਤ ਲੇਖ (ਵੰਡ ਦਾ ਨਿਯਮ) ਆਰਡਰ।

ਜਦੋਂ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਨੇ ਪੰਜਾਬ ਵਿੱਚ ਰਾਸ਼ਨ ਦੀ ਘਰ-ਘਰ ਪਹੁੰਚਾਉਣ ਦਾ ਐਲਾਨ ਕੀਤਾ ਤਾਂ ਜੋ ਗਰੀਬਾਂ ਨੂੰ ਕਤਾਰਾਂ ਵਿੱਚ ਨਾ ਖੜ੍ਹਨਾ ਪਵੇ, 'ਆਪ' ਦੇ ਕੌਮੀ ਕਨਵੀਨਰ ਅਤੇ ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਨੇ ਕਿਹਾ, "ਧਰਤੀ ਉੱਤੇ ਕੋਈ ਤਾਕਤ ਨਹੀਂ। ਉਸ ਵਿਚਾਰ ਨੂੰ ਰੋਕ ਸਕਦਾ ਹੈ ਜਿਸਦਾ ਸਮਾਂ ਆ ਗਿਆ ਹੈ।19ਵੀਂ ਸਦੀ ਦੇ ਫਰਾਂਸੀਸੀ ਲੇਖਕ ਵਿਕਟਰ ਹਿਊਗੋ ਦਾ ਹਵਾਲਾ ਦਿੰਦੇ ਕਿਹਾ ਸੀ ਕਿ ਪ੍ਰਸ਼ਾਸਨ ਅਜਿਹੀ ਯੋਜਨਾ ਨੂੰ ਲਾਗੂ ਕਰਦੇ ਹੋਏ ਰਾਸ਼ਟਰੀ ਖੁਰਾਕ ਸੁਰੱਖਿਆ ਕਾਨੂੰਨ ਦੇ ਢਾਂਚੇ ਨੂੰ ਨਹੀਂ ਬਦਲ ਸਕਦਾ। ਇਸ ਤੋਂ ਪਹਿਲਾਂ, 72 ਲੱਖ ਗਰੀਬ ਲਾਭਪਾਤਰੀਆਂ ਨੂੰ ਨਿਸ਼ਾਨਾ ਬਣਾਉਣ ਵਾਲੀ ਯੋਜਨਾ ਦਾ ਨਾਮ ਬਦਲਿਆ ਗਿਆ ਸੀ - ਪ੍ਰੀਫਿਕਸ, ਮੁੱਖ ਮੰਤਰੀ ਨੂੰ ਸਿਰਫ ਘਰ-ਘਰ ਰਾਸ਼ਨ ਯੋਜਨਾ ਕਹਿਣ ਲਈ ਛੱਡ ਦਿੱਤਾ ਗਿਆ ਸੀ - ਪਰ. ਘ ਦੇ ਦਫਤਰ ਨੇ ਇਹ ਦਲੀਲ ਦਿੱਤੀ ਹੈ ਕਿ ਪ੍ਰਸਤਾਵ ਨੂੰ ਬਦਲਣ ਦੀ ਕੋਸ਼ਿਸ਼ ਕੀਤੀ ਗਈ ਹੈ। ਵੰਡ ਦੀ ਵਿਧੀ, ਇਸ ਨੂੰ ਰਾਸ਼ਟਰੀ ਖੁਰਾਕ ਸੁਰੱਖਿਆ ਐਕਟ





ਨੂੰ ਕਣਕ ਦੀਆਂ ਬੋਰੀਆਂ ਰੱਖਣੀਆਂ ਪੈਂਦੀਆਂ ਹਨ ਜਿਸ ਵਿੱਚ ਉਹ ਅਨਾਜ ਪ੍ਰਾਪਤ ਕਰਦਾ ਹੈ। ਆਧਾਰ ਦੇ ਆਧਾਰ 'ਤੇ ਲਾਭਪਾਤਰੀਆਂ ਨੂੰ ਡੀ-ਡੁਪਲੀਕੇਟ ਕੀਤਾ ਜਾਂਦਾ ਹੈ। ਜੇਕਰ ਲਾਭਪਾਤਰੀ ਨੂੰ ਉਸ ਦੇ ਹੱਕ ਅਨੁਸਾਰ ਕਣਕ ਨਹੀਂ ਮਿਲਦੀ ਤਾਂ ਉਹ ਖਪਤਕਾਰ ਅਦਾਲਤ ਵਿੱਚ ਜਾ ਸਕਦਾ ਹੈ। 30 ਕਿਲੋ ਸਟੈਂਡਰਡ ਪੈਕਿੰਗ ਵਿੱਚ ਕਣਕ ਦੀ ਡਿਲੀਵਰੀ ਕੀਤੀ ਜਾਵੇਗੀ। ਕਣਕ ਦੀ ਵੰਡ ਲਈ ਵਿਭਾਗ ਦੇ ਅਧਿਕਾਰੀ, ਲਾਭਪਾਤਰੀ, ਟਰਾਂਸਪੋਰਟਰ, ਗ੍ਰਾਮ ਪੰਚਾਇਤ, ਨਿਗਰਾਣੀ ਕਮੇਟੀ- ਸਾਰੇ ਤਾਲਮੇਲ ਨਾਲ ਕੰਮ ਕਰਨਗੇ। ਕੋਈ ਉਪਰਲੀ ਕੈਪ ਨਹੀਂ। ਹਰ ਮੈਂਬਰ ਨੂੰ ਪ੍ਰਤੀ ਮਹੀਨਾ ਪੰਜ ਕਿਲੋ ਕਣਕ ਮਿਲਦੀ ਹੈ।ਭਗਵੰਤ ਮਾਨ ਨੇ ਕਿਹਾ ਕਿ ਇਸ ਸਕੀਮ ਦਾ ਉਦੇਸ਼ ਚੰਗੀ ਕੁਆਲਿਟੀ ਦੀ ਕਣਕ ਅਤੇ ਦਾਲਾਂ ਸਾਫ਼ ਬਾਰਦਾਨੇ ਵਿੱਚ ਪੈਕ ਕਰਨਾ ਹੈ।ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਨੇ ਸੋਮਵਾਰ ਨੂੰ ਕਿਹਾ ਕਿ ਰਾਜ ਭਰ ਦੇ ਲਾਭਪਾਤਰੀਆਂ ਦੇ ਘਰ-ਘਰ ਰਾਸ਼ਨ ਮੁਹੱਈਆ ਕਰਵਾਇਆ ਜਾਵੇਗਾ।ਆਮ ਆਦਮੀ ਪਾਰਟੀ ਦੀ ਸੱਤਾ ਵਾਲੀ ਦਿੱਲੀ ਵਿੱਚ ਰਾਸ਼ਨ ਦੀ ਇਸੇ ਤਰ੍ਹਾਂ ਦੀ ਡੋਰਸਟੈਪ ਡਿਲੀਵਰੀ ਰੁਕ ਗਈ ਹੈ ਕਿਉਂਕਿ ਇਸ ਦੇ ਲਾਗੂਕਰਨ ਨੂੰ ਦਿੱਲੀ ਹਾਈ ਕੋਰਟ ਵਿੱਚ ਚੁਣੌਤੀ ਦਿੱਤੀ ਗਈ ਸੀ ਅਤੇ ਫੈਸਲੇ ਦੀ ਉਡੀਕ ਕੀਤੀ ਜਾ ਰਹੀ ਹੈ।

"ਅੱਜ ਅਸੀਂ ਇਸ ਸਿਸਟਮ ਨੂੰ ਬਦਲਣ ਜਾ ਰਹੇ ਹਾਂ। ਹੁਣ ਸਾਡੀਆਂ ਬਜ਼ੁਰਗ ਮਾਵਾਂ ਨੂੰ ਰਾਸ਼ਨ ਲਈ ਘੰਟਿਆਂ-ਬੱਧੀ ਕਤਾਰਾਂ ਵਿੱਚ ਨਹੀਂ ਖੜ੍ਹਨਾ ਪਵੇਗਾ। ਕਿਸੇ ਨੂੰ ਵੀ ਆਪਣੀ ਦਿਹਾੜੀ ਨਹੀਂ ਛੱਡਣੀ ਪਵੇਗੀ। ਅੱਜ, ਮੈਂ ਫੈਸਲਾ ਕੀਤਾ ਹੈ ਕਿ ਤੁਹਾਡੀ ਸਰਕਾਰ ਤੁਹਾਡੇ ਘਰ ਰਾਸ਼ਨ ਪਹੁੰਚਾਏਗੀ, "ਉਸਨੇ ਕਿਹਾ, ਕਈ ਵਾਰ ਗਰੀਬ ਲੋਕਾਂ, ਖ਼ਾਸਕਰ ਦਿਹਾੜੀਦਾਰਾਂ ਨੂੰ ਰਾਸ਼ਨ ਲੈਣ ਲਈ ਆਪਣਾ ਕੰਮ ਛੱਡਣਾ ਪੈਂਦਾ ਸੀ। "ਇਹ ਕਿੰਨਾ ਔਖਾ ਅਤੇ ਦੁਖਦਾਈ ਹੋਵੇਗਾ। ਪਰ ਹੁਣ ਕਿਸੇ ਨੂੰ ਵੀ ਰਾਸ਼ਨ ਲੈਣ ਲਈ ਆਪਣਾ ਕੰਮ ਨਹੀਂ ਛੱਡਣਾ ਪਵੇਗਾ, ਸਾਡੇ ਅਧਿਕਾਰੀ ਕੀਤੀ ਗਈ ਸੀ ਪਰ ਕੇਂਦਰ ਵੱਲੋਂ ਇਸ ਨੂੰ ਕਿਸੇ ਤਰ੍ਹਾਂ ਰੋਕ ਦਿੱਤਾ ਗਿਆ ਸੀ ਕਿਉਂਕਿ ਇਸ ਦਾ ਮਕਸਦ ਲੋਕਾਂ ਨੂੰ ਰਾਸ਼ਨ ਲਈ ਲੰਬੀਆਂ ਕਤਾਰਾਂ ਵਿੱਚ ਖੜ੍ਹਾ ਕਰਨਾ ਸੀ। ਘਰ-ਘਰ ਰਾਸ਼ਨ ਡਿਲੀਵਰੀ ਸਕੀਮ ਸ਼ੁਰੂ ਕਰਨ ਦਾ ਐਲਾਨ ਕਰਦਿਆਂ ਸ੍ਰੀ ਮਾਨ ਨੇ ਕਿਹਾ ਕਿ ਸੂਬੇ ਭਰ ਦੇ ਲੋਕਾਂ ਨੂੰ ਹੁਣ ਕਤਾਰਾਂ ਵਿੱਚ ਖੜ੍ਹਨ ਦੀ ਲੋੜ ਨਹੀਂ ਪਵੇਗੀ ਅਤੇ ਇਹ ਵੀ ਯਕੀਨੀ ਬਣਾਇਆ ਜਾਵੇਗਾ ਕਿ ਉਨ੍ਹਾਂ ਨੂੰ ਮਿਆਰੀ ਅਨਾਜ ਜਾਂ ਦਾਲਾਂ ਮਿਲਣ।

ਦਿੱਲੀ ਸਰਕਾਰ ਨੇ ਅਦਾਲਤ ਵਿੱਚ ਰਾਸ਼ਨ ਸਕੀਮ ਦੀ ਡੋਰਸਟੈਪ ਡਿਲੀਵਰੀ ਦਾ ਬਚਾਅ ਕਰਦਿਆਂ ਕਿਹਾ ਹੈ ਕਿ ਇਹ ਇੱਕ ਵਿਕਲਪਿਕ ਸਕੀਮ ਸੀ ਜਿਸ ਦੇ ਤਹਿਤ ਲਾਭਪਾਤਰੀ ਕਿਸੇ ਵੀ ਸਮੇਂ ਬਾਹਰ ਹੋ ਸਕਦੇ ਹਨ। ਇਸ ਨੇ ਦਿੱਲੀ ਸਰਕਾਰੀ ਰਾਸ਼ਨ ਡੀਲਰਸ ਸੰਘ ਦੀ ਇਸ ਦਲੀਲ ਨੂੰ "ਪੂਰੀ ਗਲਤਫਹਿਮੀ" ਵੀ ਕਰਾਰ ਦਿੱਤਾ ਕਿ ਇਸ ਦੇ ਲਾਗੂ ਹੋਣ 'ਤੇ ਉਚਿਤ ਕੀਮਤ ਦੀਆਂ ਦੁਕਾਨਾਂ (FPS) ਦੀ ਹੋਂਦ ਖਤਮ ਹੋ ਜਾਵੇਗੀ।ਕੇਂਦਰ ਨੇ ਵੀ ਦਿੱਲੀ ਸਰਕਾਰ ਦੀ ਯੋਜਨਾ ਦਾ ਇਸ ਆਧਾਰ 'ਤੇ ਵਿਰੋਧ ਕੀਤਾ ਸੀ ਕਿ ਰਾਜ ਇਸ ਨੂੰ ਲਾਗੂ ਕਰਦੇ ਸਮੇਂ NFSA ਦੇ ਢਾਂਚੇ ਨੂੰ ਘੱਟ ਨਹੀਂ ਕਰ ਸਕਦਾ। ਇਸ ਸਾਲ 10 ਜਨਵਰੀ ਨੂੰ ਅਦਾਲਤ ਨੇ ਦਿੱਲੀ ਸਰਕਾਰੀ ਰਾਸ਼ਨ ਡੀਲਰਸ ਸੰਘ ਦੀ ਪਟੀਸ਼ਨ 'ਤੇ ਆਪਣਾ ਫੈਸਲਾ ਸੁਰੱਖਿਅਤ ਰੱਖ ਲਿਆ ਸੀ। ਦਿੱਲੀ ਦੇ ਮੁੱਖ ਮੰਤਰੀ ਦਫ਼ਤਰ ਨੇ ਜੁਲਾਈ 2021 ਵਿੱਚ ਕਿਹਾ ਸੀ ਕਿ ਕੇਂਦਰ ਸਰਕਾਰ ਵੱਲੋਂ ਇਸ ਸਕੀਮ ਨੂੰ ਸ਼ੁਰੂ ਕੀਤੇ ਜਾਣ ਤੋਂ ਕੁਝ ਦਿਨ ਪਹਿਲਾਂ ਹੀ ਰੋਕ ਦਿੱਤਾ ਗਿਆ ਸੀ ਜਦੋਂ ਕਿ ਉਸ ਨੇ ਇਸ 'ਤੇ "ਸਾਰੇ ਸੁਝਾਵਾਂ" ਨੂੰ ਸਵੀਕਾਰ ਕਰਨ ਤੋਂ ਬਾਅਦ ਉਪ ਰਾਜਪਾਲ ਦੇ ਦਫ਼ਤਰ ਨੂੰ ਫਾਈਲ ਵਾਪਸ ਭੇਜ ਦਿੱਤੀ ਸੀ। ਕੇਂਦਰ ਤੋਂ ਪ੍ਰਾਪਤ ਹੋਇਆ ਹੈ। ਸੀਐਮਓ ਦੇ ਅਨੁਸਾਰ, ਐਲ-ਜੀ ਨੇ ਦੋ ਚਿੰਤਾਵਾਂ ਜ਼ਾਹਰ ਕੀਤੀਆਂ - ਇਸ ਸਕੀਮ ਨੂੰ ਕੇਂਦਰ ਸਰਕਾਰ ਦੁਆਰਾ ਮਨਜ਼ੂਰੀ ਨਹੀਂ ਦਿੱਤੀ ਗਈ ਹੈ ਅਤੇ ਇਹ ਕਿ ਇਸ ਸਕੀਮ 'ਤੇ ਅਦਾਲਤੀ ਕੇਸ ਚੱਲ ਰਿਹਾ ਹੋਏ, ਕੇਜਰੀਵਾਲ ਨੇ ਇਸ ਯੋਜਨਾ ਨੂੰ ਦਿੱਲੀ ਵਿੱਚ ਲਾਗੂ ਕਰਨ ਨੂੰ ਲੈ ਕੇ ਕੇਂਦਰ ਨਾਲ ਆਪਣੇ ਟਕਰਾਅ ਦਾ ਹਵਾਲਾ ਦਿੱਤਾ, ਜਿੱਥੇ ਇਹ ਲਾਗੂ ਕੀਤੀ ਗਈ ਸੀ। ਉਨ੍ਹਾਂ ਕਿਹਾ ਕਿ ਉਨ੍ਹਾਂ ਨੇ ਅਜਿਹਾ ਕਰਨ ਲਈ ਸਾਰੀਆਂ ਤਿਆਰੀਆਂ ਕਰ ਲਈਆਂ ਹਨ ਪਰ ਭਾਜਪਾ ਦੀ ਅਗਵਾਈ ਵਾਲੀ ਕੇਂਦਰ ਸਰਕਾਰ ਉਨ੍ਹਾਂ ਦੇ ਰਾਹ 'ਚ ਰੁਕਾਵਟਾਂ ਪਾ ਰਹੀ ਹੈ।

ਇੱਕ ਡਿਜੀਟਲ ਪ੍ਰੈਸ ਕਾਨਫਰੰਸ ਨੂੰ ਸੰਬੋਧਨ ਕਰਦੇ ਹੋਏ, ਕੇਜਰੀਵਾਲ ਨੇ ਕਿਹਾ ਕਿ ਕੇਂਦਰ ਨੇ ਦਿੱਲੀ ਵਿੱਚ 'ਘਰ-ਘਰ ਰਾਸ਼ਨ ਯੋਜਨਾ' ਨੂੰ ਰੋਕ ਦਿੱਤਾ ਹੈ ਪਰ ਪੰਜਾਬ ਵਿੱਚ ਅਜਿਹਾ ਨਹੀਂ ਕਰ ਸਕਦਾ। ਉਨ੍ਹਾਂ ਕਿਹਾ, "ਆਪ ਦੀ ਸੂਬਾ ਸਰਕਾਰ ਹਰ ਗਰੀਬ ਪਰਿਵਾਰ ਦੇ ਘਰ ਰਾਸ਼ਨ ਪਹੁੰਚਾਏਗੀ ਅਤੇ ਇਸ ਦਾ ਪ੍ਰਭਾਵ ਪੂਰੇ ਭਾਰਤ ਵਿੱਚ ਗੂੰਜੇਗਾ।"ਉਨ੍ਹਾਂ ਕਿਹਾ, "ਪੂਰਾ ਦੇਸ਼ ਪੰਜਾਬ ਵਿੱਚ ਇਸ ਸਕੀਮ ਨੂੰ ਸਫਲਤਾਪੂਰਵਕ ਚੱਲਦਾ ਦੇਖੇਗਾ ਅਤੇ ਇਸ ਨੂੰ ਹਰ ਰਾਜ ਵਿੱਚ ਲਾਗੂ ਕਰਨ ਦੀ ਮੰਗ ਕਰੇਗਾ।"

ਉਨ੍ਹਾਂ ਕਿਹਾ ਕਿ ਮੁਹੱਲਾ ਕਲੀਨਿਕ ਸਥਾਪਤ ਕਰਨ ਦੀ ਉਨ੍ਹਾਂ ਦੀ ਸਰਕਾਰ ਦੀ ਪ੍ਰਮੁੱਖ ਯੋਜਨਾ ਦੋ ਸਾਲਾਂ ਤੋਂ ਬੰਦ ਹੈ, ਸੀਸੀਟੀਵੀ ਲਗਾਉਣ ਦਾ ਪ੍ਰਾਜੈਕਟ ਤਿੰਨ ਸਾਲਾਂ ਤੋਂ ਰੁਕਿਆ ਹੋਇਆ ਹੈ ਅਤੇ ਸਕੂਲ ਅਤੇ ਹਸਪਤਾਲ ਬਣਾਉਣ ਦੀਆਂ ਫਾਈਲਾਂ ਵੀ ਅਟਕ ਗਈਆਂ ਹਨ। "(ਪਰ) ਅਸੀਂ ਦਿੱਲੀ ਵਿੱਚ ਮੁਹੱਲਾ ਕਲੀਨਿਕ ਬਣਾਉਣੇ ਸ਼ੁਰੂ ਕਰ ਦਿੱਤੇ ਅਤੇ ਪੂਰਾ ਦੇਸ਼ ਸਾਡੇ ਨਕਸ਼ੇ-ਕਦਮਾਂ 'ਤੇ ਚੱਲ ਪਿਆ। ਅਸੀਂ ਦਿੱਲੀ ਵਿੱਚ ਜੋ ਵੀ ਨਵੀਨਤਾ ਕਰ ਰਹੇ ਹਾਂ, ਉਸ ਦਾ ਦੇਸ਼ ਭਰ ਵਿੱਚ ਪਾਲਣ ਕੀਤਾ ਜਾ ਰਿਹਾ ਹੈ, "ਕੇਜਰੀਵਾਲ ਨੇ ਕਿਹਾ।

ਦਿੱਲੀ ਸਰਕਾਰ ਦੀ ਰਾਸ਼ਨ ਦੀ ਘਰ-ਘਰ ਪਹੁੰਚਾਉਣ ਦੀ ਯੋਜਨਾ ਨੂੰ ਚੁਣੌਤੀ ਦੇਣ ਵਾਲੀ ਦਿੱਲੀ ਸਰਕਾਰੀ ਰਾਸ਼ਨ ਡੀਲਰਸ ਸੰਘ ਦੁਆਰਾ ਦਾਇਰ ਪਟੀਸ਼ਨ ਦੇ ਬਾਅਦ, ਕੇਂਦਰ ਨੇ ਪਿਛਲੇ ਸਾਲ ਨਵੰਬਰ ਵਿੱਚ ਦਿੱਲੀ ਹਾਈ ਕੋਰਟ ਨੂੰ 2013 ਦੀ ਧਾਰਾ 12 (2) (ਹ) ਦੇ ਅਨੁਸਾਰ ਲਾਜ਼ਮੀ ਤੌਰ 'ਤੇ ਕੇਂਦਰ ਦੀ ਪੂਰਵ ਪ੍ਰਵਾਨਗੀ ਦੀ ਲੋੜ ਹੋਵੇਗੀ।

ਕੇਜਰੀਵਾਲ ਨੇ ਕਿਹਾ ਕਿ ਉਨ੍ਹਾਂ ਨੂੰ ਹੈਰਾਨੀ ਹੁੰਦੀ ਹੈ ਕਿ ਆਜ਼ਾਦੀ ਦੇ 75 ਸਾਲਾਂ ਬਾਅਦ ਵੀ ਲੋਕਾਂ ਨੂੰ ਆਪਣੇ ਪਰਿਵਾਰਾਂ ਲਈ ਮਹੀਨਾਵਾਰ ਰਾਸ਼ਨ ਲੈਣ ਲਈ ਵਾਜਬ ਕੀਮਤਾਂ ਦੀਆਂ ਦੁਕਾਨਾਂ 'ਤੇ ਲੰਬੀਆਂ ਕਤਾਰਾਂ 'ਚ ਖੜ੍ਹਨਾ ਪੈਂਦਾ ਹੈ ਜਦਕਿ ਲੋਕ ਫ਼ੋਨ ਕਰਕੇ ਫਾਸਟ ਫੂਡ ਪ੍ਰਾਪਤ ਕਰ ਸਕਦੇ ਹਨ।ਸੋਮਵਾਰ ਨੂੰ ਪੰਜਾਬ ਵਿੱਚ ਇਸ ਸਕੀਮ ਦੀ ਸ਼ੁਰੂਆਤ ਕਰਦਿਆਂ, ਮਾਨ ਨੇ ਇਸੇ ਤਰਜ਼ 'ਤੇ ਗੱਲ ਕੀਤੀ: "ਜਦੋਂ ਕਿ ਅਮੀਰ ਲੋਕ ਆਪਣੇ ਘਰ ਦੇ ਆਰਾਮ ਤੋਂ ਚੀਜ਼ਾਂ ਮੰਗਵਾ ਸਕਦੇ ਹਨ, ਗਰੀਬ ਲੋਕਾਂ ਨੂੰ ਕਈ ਵਾਰ ਘੰਟਿਆਂਬੱਧੀ ਲੰਬੀਆਂ ਕਤਾਰਾਂ ਵਿੱਚ ਖੜ੍ਹੇ ਹੋਣ ਲਈ ਆਪਣੀ ਰੋਜ਼ਾਨਾ ਦੀ ਕਮਾਈ ਛੱਡਣੀ ਪੈਂਦੀ ਹੈ। ਰਾਜ ਸਰਕਾਰ ਨੇ ਰਾਸ਼ਨ ਦੀ ਘਰ-ਘਰ ਡਿਲੀਵਰੀ ਸ਼ੁਰੂ ਕਰਨ ਦਾ ਫੈਸਲਾ ਕੀਤਾ ਹੈ। ਸਾਫ਼-ਸੁਥਰੇ ਥੈਲਿਆਂ ਵਿੱਚ ਰਾਸ਼ਨ ਡਿਲੀਵਰ ਕੀਤਾ ਜਾਵੇਗਾ ਅਤੇ ਡਲਿਵਰੀ ਕਰਨ ਤੋਂ ਪਹਿਲਾਂ ਸਟਾਫ਼ ਇੱਕ ਕਾਲ ਕਰੇਗਾ। ਇਹ ਇੱਕ ਵਿਕਲਪਿਕ ਸਕੀਮ ਹੋਵੇਗੀ, ਅਤੇ ਜਿਨ੍ਹਾਂ ਨੂੰ ਨੇੜੇ ਦੇ ਡਿਪੂ ਤੋਂ ਰਾਸ਼ਨ ਇਕੱਠਾ ਕਰਨਾ ਸੁਵਿਧਾਜਨਕ ਲੱਗਦਾ ਹੈ, ਉਹ ਇਸ ਤੋਂ ਹਟ ਸਕਦੇ ਹਨ।"ਇਸ ਗੱਲ 'ਤੇ ਜ਼ੋਰ ਦਿੰਦੇ ਹੋਏ ਕਿ ਅਨਾਜ ਦੀ ਗੁਣਵੱਤਾ 'ਤੇ ਕੋਈ ਸਮਝੌਤਾ ਨਹੀਂ ਕੀਤਾ ਜਾਵੇਗਾ, ਉਨ੍ਹਾਂ ਕਿਹਾ, "ਇਸ ਰਾਸ਼ਨ ਸਕੀਮ ਰਾਹੀਂ ਦਿੱਤਾ ਜਾਣ ਵਾਲਾ ਆਟਾ ਅਤੇ ਅਨਾਜ ਚੰਗੀ ਗੁਣਵੱਤਾ ਦਾ ਹੋਵੇਗਾ, ਜੋ ਅਮੀਰ ਲੋਕ ਖਾਂਦੇ ਹਨ।" ਪੰਜਾਬ ਵਿੱਚ ਨੈਸ਼ਨਲ ਫੂਡ ਸੇਫਟੀ ਐਕਟ ਅਧੀਨ 1.42 ਲੱਖ ਲਾ-ਭਪਾਤਰੀ ਹਨ ਜਿਨ੍ਹਾਂ ਨੂੰ 5 ਕਿਲੋ ਪ੍ਰਤੀ ਲਾਭਪਾਤਰੀ ਪ੍ਰਤੀ ਮਹੀਨਾ ਕਣਕ ਇੱਕ ਵਾਰ ਵਿੱਚ, ਸਾਲ ਵਿੱਚ ਦੋ ਵਾਰ ਛੇ ਮਹੀਨਿਆਂ ਲਈ ਪ੍ਰਦਾਨ ਕੀਤੀ ਜਾਂਦੀ ਹੈ। ਮਾਨ ਨੇ ਲੋਕਾਂ ਨੂੰ ਇਹ ਵੀ ਕਿਹਾ ਕਿ ਜੇਕਰ ਉਹ ਥੋੜ੍ਹੇ ਸਮੇਂ ਵਿੱਚ ਬਦਲ ਜਾਂਦੇ ਹਨ ਤਾਂ ਉਹ ਸਰਕਾਰ ਨੂੰ ਰਿਪੋਰਟ ਕਰਨ।

# ਟੋਕੀਓ ਓਲੰਪਿਕ 'ਚ ਇਤਿਹਾਸ ਰਚਣ ਵਾਲੀ ਹੈਟ੍ਰਿਕ ਗਰਲ ਨੂੰ ਮਿਲਿਆ ਪਦਮ ਸ਼੍ਰੀ, ਮਿਲ ਚੁੱਕਿਆ ਹੈ ਅਰਜੁਨ ਐਵਾਰਡ

ਹਾਕੀ ਖਿਡਾਰਨ ਵੰਦਨਾ ਕਟਾਰੀਆ ਨੂੰ ਰਾਸ਼ਟਰਪਤੀ ਰਾਮ ਨਾਥ ਕੋਵਿੰਦ ਨੇ ਪਦਮ ਸ਼੍ਰੀ ਪੁਰਸਕਾਰ ਨਾਲ ਸਨਮਾਨਿਤ ਕੀਤਾ। ਵੰਦਨਾ ਖੇਡ ਜਗਤ ਦੀਆਂ ਮਸ਼ਹੂਰ ਹਾਕੀ ਖਿਡਾਰੀਆਂ ਵਿੱਚੋਂ ਇੱਕ ਹੈ। ਉਹ ਹੁਣ ਤੱਕ 250 ਤੋਂ ਵੱਧ ਅੰਤਰਰਾਸ਼ਟਰੀ ਮੈਚਾਂ ਵਿੱਚ ਆਪਣੀ ਹਿੱਸੇਦਾਰੀ ਦੇ ਚੁੱਕੀ ਹੈ। ਇਸ ਦੇ ਨਾਲ ਹੀ ਵੰਦਨਾ ਪਹਿਲੀ ਮਹਿਲਾ ਖਿਡਾਰਨ ਹੈ, ਜਿਸ ਨੇ ਓਲੰਪਿਕ 'ਚ ਉੱਚ ਦਰਜੇ ਦਾ ਰਿਕਾਰਡ ਬਣਾਇਆ ਹੈ। ਵੰਦਨਾ ਕਟਾਰੀਆ ਨੂੰ ਸਾਲ 2020 ਵਿੱਚ ਚੋਟੀ ਦੀ ਗੋਲਕੀਪਰ ਹੋਣ ਕਾਰਨ ਪਦਮ ਸ਼੍ਰੀ ਲਈ ਚੁਣਿਆ ਗਿਆ ਸੀ।

ਦੱਸ ਦੇਈਏ ਕਿ ਵੰਦਨਾ ਉਤਰਾਖੰਡ ਦੇ ਹਰਿਦੁਆਰ ਦੀ ਰਹਿਣ ਵਾਲੀ ਹੈ। ਉਨ੍ਹਾਂ ਦਾ ਖੇਡ ਜੀਵਨ ਸੰਘਰਸ਼ ਭਰਿਆ ਰਿਹਾ ਹੈ। ਉਹ ਸਾਲ 2013 ਵਿੱਚ ਹੋਏ ਮਹਿਲਾ ਹਾਕੀ ਜੂਨੀਅਰ ਵਿਸ਼ਵ ਕੱਪ ਵਿੱਚ ਵੀ ਸਭ ਤੋਂ ਵੱਧ ਗੋਲ ਕਰਨ ਵਾਲੀ ਖਿਡਾਰੀ ਰਹੀ ਹੈ। ਸਾਲ 2006 ਵਿੱਚ, ਉਹ ਭਾਰਤੀ ਜੂਨੀਅਰ ਟੀਮ ਲਈ ਚੁਣੀ ਗਈ ਸੀ ਅਤੇ ਸਾਲ 2010 ਵਿੱਚ ਉਹ ਸੀਨੀਅਰ ਰਾਸ਼ਟਰੀ ਟੀਮ ਦੀ ਸਾਥੀ ਬਣ ਗਈ ਸੀ। ਇਸ ਦੇ ਨਾਲ ਹੀ ਉਸ ਨੇ 2013 ਵਿੱਚ ਜਰਮਨੀ ਵਿੱਚ ਹੋਏ ਜੂਨੀਅਰ ਵਿਸ਼ਵ ਕੱਪ ਵਿੱਚ ਵੀ ਕਾਂਸੀ ਦਾ ਤਗ਼ਮਾ ਜਿੱਤਿਆ ਸੀ।ਕਟਾਰੀਆ ਨੂੰ ਪਿਛਲੇ ਸਾਲ ਉੱਤਰਾਖੰਡ ਦੇ ਮੁੱਖ ਮੰਤਰੀ ਦੁਆਰਾ ਮਹਿਲਾ ਸਸ਼ਕਤੀਕਰਨ ਅਤੇ ਬਾਲ ਵਿਕਾਸ ਵਿਭਾਗ ਦਾ ਬ੍ਰੇਨ ਨੰਬਰ ਬ੍ਰਾਂਡ ਅੰਬੈਸਡਰ ਬਣਾਇਆ ਗਿਆ ਸੀ।



ਵੰਦਨਾ ਕਟਾਰੀਆ ਦਾ ਜਨਮ 15 ਅਪ੍ਰੈਲ 1992 ਨੂੰ ਉੱਤਰ ਪ੍ਰਦੇਸ਼ (ਹੁਣ ਉੱਤਰਾਖੰਡ) ਵਿੱਚ ਹੋਇਆ ਸੀ। ਉਸਦੇ ਪਿਤਾ ਨਾਹਰ ਸਿੰਘ ਭੇਲ ਵਿੱਚ ਕੰਮ ਕਰਦੇ ਹਨ। ਉਹ ਹਰਿਦੁਆਰ ਜ਼ਿਲ੍ਹੇ ਦੇ ਰੌਸ਼ਨਾਬਾਦ ਪਿੰਡ ਦਾ ਰਹਿਣ ਵਾਲੀ ਹੈ। ਉਹ ਪਿਛਲੇ ਕੁਝ ਸਾਲਾਂ ਵਿੱਚ ਭਾਰਤ ਦੇ ਸਰਵੋਤਮ ਅਤੇ ਉੱਨਤ ਖਿਡਾਰੀਆਂ ਵਿੱਚੋਂ ਇੱਕ ਹੈ। ਉਸਨੇ ਪਹਿਲੀ ਵਾਰ 2006 ਵਿੱਚ ਜੂਨੀਅਰ ਅੰਤਰਰਾਸ਼ਟਰੀ ਈਵੈਂਟ ਵਿੱਚ ਅਤੇ ਚਾਰ ਸਾਲ ਬਾਅਦ ਸੀਨੀਅਰ ਅੰਤਰਰਾਸ਼ਟਰੀ ਈਵੈਂਟ ਵਿੱਚ ਭਾਗ ਲਿਆ।ਟੋਕੀਓ ਓਲੰਪਿਕ 'ਚ ਅਰਜਨਟੀਨਾ ਤੋਂ ਭਾਰਤੀ ਮਹਿਲਾ ਹਾਕੀ ਟੀਮ ਦੀ ਹਾਰ ਤੋਂ ਬਾਅਦ ਖਿਡਾਰਨ ਵੰਦਨਾ ਕਟਾਰੀਆ ਦੇ ਘਰ ਦੇ ਬਾਹਰ ਜਾਤੀਵਾਦੀ ਹੰਗਾਮਾ ਕਰਨ ਵਾਲੇ ਵਿਅਕਤੀ ਨੂੰ ਹਰਿਦੁਆਰ ਪੁਲਸ ਨੇ ਗ੍ਰਿਫਤਾਰ ਕੀਤਾ ਸੀ। ਵੰਦਨਾ ਕਟਾਰੀਆ ਦਾ ਘਰ ਰੌਸ਼ਨਾਬਾਦ ਪਿੰਡ ਦੀਆਂ ਤੰਗ ਗਲੀਆਂ ਵਿੱਚ ਹੈ। ਗਲੀਆਂ ਇੰਨੀਆਂ ਤੰਗ ਹਨ ਕਿ ਕਾਰ ਰਾਹੀਂ ਉਸ ਦੇ ਘਰ ਤੱਕ ਪਹੁੰਚਣਾ ਸੰਭਵ ਨਹੀਂ ਹੈ।ਉਸ ਦੇ ਘਰ ਪਹੁੰਚਣ ਲਈ ਬਾਹਰ ਮੁੱਖ ਸੜਕ 'ਤੇ ਕਾਰ ਖੜ੍ਹੀ ਕਰਨੀ ਪੈਂਦੀ ਹੈ। ਫਿਰ ਕਰੀਬ 300-400 ਮੀਟਰ ਪੈਦਲ ਚੱਲ ਕੇ ਉਸ ਦੇ ਘਰ ਤੱਕ ਪਹੁੰਚਿਆ ਜਾ ਸਕਦਾ ਹੈ। ਆਸ-ਪਾਸ ਦੇ ਇਲਾਕੇ ਵਿੱਚ ਘੱਟ ਆਮਦਨ ਵਰਗ ਦੇ ਲੋਕ ਰਹਿੰਦੇ ਹਨ। ਇਸ ਇਲਾਕੇ 'ਚ ਵੰਦਨਾ ਕਟਾਰੀਆ ਦੇ ਘਰ ਦਾ ਪਤਾ ਪੁੱਛਣ 'ਤੇ ਜ਼ਿਆਦਾਤਰ ਲੋਕ ਉਸ ਦੇ ਨਾਂ ਤੋਂ ਅਣਜਾਣ ਪਾਏ ਗਏ।

ਮਹੱਤਵਪੂਰਨ ਗੱਲ ਇਹ ਹੈ ਕਿ ਪਦਮ ਸ਼੍ਰੀ ਭਾਰਤ ਵਿੱਚ ਦਿੱਤੇ ਜਾਣ ਵਾਲੇ ਸਰਵੋਤਮ ਪੁਰਸਕਾਰਾਂ ਵਿੱਚੋਂ ਇੱਕ ਹੈ। ਇਹ ਭਾਰਤ ਸਰਕਾਰ ਦੁਆਰਾ ਆਮ ਨਾਗਰਿਕਾਂ ਨੂੰ ਦਿੱਤਾ ਜਾਂਦਾ ਹੈ, ਜਿਨ੍ਹਾਂ ਨੂੰ ਜੀਵਨ ਦੇ ਵੱਖ-ਵੱਖ ਖੇਤਰਾਂ ਜਿਵੇਂ ਕਿ

(ਬਾਕੀ ਅਗਲੇ ਸਫੇ 'ਤੇ)

# ਐਸਜੀਪੀਸੀ ਦੀਆਂ ਚੋਣਾਂ ਅਤੇ ਪੀਟੀਸੀ ਚੈਨਲ ਦੀ ਸਕੈਂਡਲ ਵਿੱਚ ਸ਼ਮੂਲੀਅਤ



ਹਰਦੀਪ ਸਿੰਘ ਚੁੰਬਰ
91-94636-01616

ਹਾਲ ਹੀ ਵਿੱਚ ਹੋਈਆਂ ਵਿਧਾਨ ਸਭਾ ਚੋਣਾਂ ਵਿੱਚ ਸ਼੍ਰੋਮਣੀ ਅਕਾਲੀ ਦਲ (ਸ਼੍ਰੋਮਣੀ ਅਕਾਲੀ ਦਲ) ਦੀ ਹੋਈ ਕਰਾਰੀ ਹਾਰ ਤੋਂ ਸੰਕੇਤ ਮਿਲਦਾ ਹੈ ਕਿ ਪੰਜਾਬ, ਹਰਿਆਣਾ ਵਿੱਚ ਸਿੱਖਾਂ ਦੀ ਮਿੰਨੀ ਪਾਰਲੀਮੈਂਟ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ (ਐਸਜੀਪੀਸੀ) ਦੀਆਂ ਅਗਲੀਆਂ ਚੋਣਾਂ ਵਿੱਚ ਪਾਰਟੀ ਨੂੰ ਆਪਣੀ ਸਰਦਾਰੀ ਕਾਇਮ ਰੱਖਣ ਲਈ ਸਖ਼ਤ ਵਿਰੋਧ ਦਾ ਸਾਹਮਣਾ ਕਰਨਾ ਪੈ ਸਕਦਾ ਹੈ। ਹਿਮਾਚਲ ਪ੍ਰਦੇਸ਼ ਅਤੇ ਚੰਡੀਗੜ੍ਹ।

**ਚੈਨਲ ਦਾ ਇਕਰਾਰਨਾਮਾ ਸਮਾਪਤ ਕਰੋ**

ਬੀਬੀ ਕਿਰਨਜੋਤ ਕੌਰ, ਸਾਬਕਾ ਜਨਰਲ ਸਕੱਤਰ ਐਸਜੀਪੀਸੀ ਨੇ ਕਿਹਾ ਕਿ ਕੀਰਤਨ ਕਿਸੇ ਦੀ ਜਾਇਦਾਦ ਨਹੀਂ, ਨਿਸ਼ਚਿਤ ਤੌਰ 'ਤੇ ਦੋਸ਼ਾਂ ਦਾ ਸਾਹਮਣਾ ਕਰ ਰਹੇ ਕਿਸੇ ਨਿੱਜੀ ਚੈਨਲ ਦੀ ਨਹੀਂ। ਇੱਕ ਨੈਤਿਕ ਆਧਾਰ ਨੂੰ ਲੈ ਕੇ, ਸਾਨੂੰ ਇਕਰਾਰਨਾਮੇ ਨੂੰ ਖਤਮ ਕਰਨ ਦੀ ਲੋੜ ਹੈ ਸਾਡੇ ਆਪਣੇ ਲਾਂਚ ਕਰਨਗੇ। ਹਰਜਿੰਦਰ ਸਿੰਘ ਧਾਮੀ, ਸ਼੍ਰੋਮਣੀ ਕਮੇਟੀ ਪ੍ਰਧਾਨ ਨੇ ਕਿਹਾ ਹੈ ਕਿ ਹਰ ਕਿਸੇ ਦਾ ਵੱਖਰਾ ਨਜ਼ਰੀਆ ਹੈ। ਅਕਾਲ ਤਖ਼ਤ ਨੇ ਸ਼੍ਰੋਮਣੀ ਕਮੇਟੀ ਨੂੰ ਗੁਰਬਾਣੀ ਦੇ ਵਿਸ਼ਵ ਭਰ ਵਿੱਚ ਲਾਈਵ ਪ੍ਰਸਾਰਣ ਲਈ ਆਪਣਾ ਚੈਨਲ ਸ਼ੁਰੂ ਕਰਨ ਦੇ ਨਿਰਦੇਸ਼ ਦਿੱਤੇ ਹਨ।

**1920 ਵਿੱਚ ਹੋਂਦ ਵਿੱਚ ਆਇਆ**

ਸ਼੍ਰੋਮਣੀ ਕਮੇਟੀ ਦੀ ਸਥਾਪਨਾ ਗੁਰਦੁਆਰਾ ਸੁਧਾਰ ਲਹਿਰ ਦੌਰਾਨ 16 ਨਵੰਬਰ 1920 ਨੂੰ ਹੋਈ ਸੀ। ਹਰ ਸਾਲ 11 ਮੈਂਬਰੀ ਕਾਰਜਕਾਰਨੀ ਕਮੇਟੀ ਤੋਂ ਇਲਾਵਾ ਪ੍ਰਧਾਨ, ਹੋਰ ਅਹੁਦੇਦਾਰਾਂ ਨੂੰ ਜਾਂ ਤਾਂ ਹੱਥ ਉਠਾ ਕੇ ਜਾਂ ਬੈਲਟ ਰਾਹੀਂ ਜਨਰਲ ਹਾਊਸ ਲਈ ਨਾਮਜ਼ਦ ਕੀਤਾ ਜਾਂਦਾ ਹੈ।ਚੋਣਾਂ ਹਰ ਪੰਜ ਸਾਲ ਬਾਅਦ ਕਰਵਾਈਆਂ ਜਾਂਦੀਆਂ ਹਨ, ਆਖਰੀ ਵਾਰ 2011 ਵਿੱਚ ਕਰਵਾਈ ਗਈ ਸੀ। ਦਸੰਬਰ 2011 ਵਿੱਚ, ਪੰਜਾਬ ਅਤੇ ਹਰਿਆਣਾ ਹਾਈ ਕੋਰਟ ਨੇ ਚੋਣਾਂ ਨੂੰ ਰੱਦ ਕਰ ਦਿੱਤਾ ਕਿਉਂਕਿ ਸਹਿਜਧਾਰੀ ਸਿੱਖਾਂ ਨੂੰ ਵੋਟ ਪਾਉਣ ਦੀ ਇਜਾਜ਼ਤ ਨਹੀਂ ਸੀ। 2016 ਵਿੱਚ, SC ਨੇ 2011 ਦੇ ਸਦਨ ਨੂੰ ਬਹਾਲ ਕੀਤਾ। ਗੁਰਦੁਆਰਾ ਕਮਿਸ਼ਨ ਨੇ ਅਜੇ ਅਗਲੀਆਂ ਚੋਣਾਂ ਲਈ ਵੋਟਰਾਂ ਦਾ ਸਰਵੇਖਣ ਕਰਨਾ ਹੈ।ਇਸ ਵੇਲੇ ਸ਼੍ਰੋਮਣੀ ਕਮੇਟੀ ਦੇ 191 ਮੈਂਬਰਾਂ ਵਿੱਚੋਂ ਸ਼੍ਰੋਮਣੀ ਅਕਾਲੀ ਦਲ ਦੇ 160 ਮੈਂਬਰ ਹਨ। ਪਾਰਟੀ ਨੇ ਵਿਧਾਨ ਸਭਾ ਚੋਣਾਂ ਵਿੱਚ 117 ਵਿੱਚੋਂ ਸਿਰਫ਼ ਤਿੰਨ ਸੀਟਾਂ ਜਿੱਤੀਆਂ ਹਨ।

ਪਾਰਟੀ ਦੇ ਸਰਪ੍ਰਸਤ ਪ੍ਰਕਾਸ਼ ਸਿੰਘ ਬਾਦਲ ਨੇ ਹਾਲ ਹੀ ਵਿੱਚ ਸ਼੍ਰੋਮਣੀ ਕਮੇਟੀ ਚੋਣਾਂ ਦੌਰਾਨ ਲੋਕਾਂ ਨੂੰ ਸਮਝਦਾਰੀ ਵਰਤਣ ਲਈ ਕਿਹਾ ਸੀ। “ਦੂਸਰੀਆਂ ਪਾਰਟੀਆਂ ਹੁਣ ਪੰਜਾਬ ਦੇ ਗੁਰਦੁਆਰਿਆਂ 'ਤੇ ਕਬਜ਼ਾ ਕਰਨ ਦੀ ਯੋਜਨਾ ਬਣਾ ਰਹੀਆਂ ਹਨ। ਮੈਂ ਤੁਹਾਨੂੰ ਸਾਰਿਆਂ ਨੂੰ ਚੇਤਾਵਨੀ ਦੇ ਰਿਹਾ ਹਾਂ,” ਉਸਨੇ ਕਿਹਾ ਸੀ।

ਇੱਕ ਨਿੰਜੀ ਚੈਨਲ ਨੂੰ ਗੁਰਬਾਣੀ ਦੇ ਪ੍ਰਸਾਰਣ ਦੇ ਅਧਿਕਾਰ ਵਾਪਸ ਲੈਣ ਦੀ ਮੰਗ ਦੇ ਤਾਜ਼ਾ ਮੁੱਦੇ ਨੂੰ ਲੈ ਕੇ ਸ਼੍ਰੋਮਣੀ ਕਮੇਟੀ ਦੇ ਮਾਮਲਿਆਂ ਪ੍ਰਤੀ ਅਸੰਤੁਸ਼ਟੀ ਦੀਆਂ ਆਵਾਜ਼ਾਂ ਵੱਖ-ਵੱਖ ਹਲਕਿਆਂ ਤੋਂ ਉੱਠ ਰਹੀਆਂ ਹਨ। ਸ਼੍ਰੋਮਣੀ ਕਮੇਟੀ ਦੀ ਸਾਬਕਾ ਜਨਰਲ ਸਕੱਤਰ ਬੀਬੀ ਕਿਰਨਜੋਤ ਕੌਰ ਨੇ ਕਿਹਾ ਕਿ ਸ਼੍ਰੋਮਣੀ ਕਮੇਟੀ ਸ੍ਰੀ ਹਰਿਮੰਦਰ ਸਾਹਿਬ ਤੋਂ ਗੁਰਬਾਣੀ ਦੇ ਪ੍ਰਸਾਰਣ ਦੇ ਅਧਿਕਾਰਾਂ ਨੂੰ ਇੱਕ ਨਿੱਜੀ ਚੈਨਲ ਨੂੰ ਦਿੱਤੇ ਗਏ ਅਧਿਕਾਰਾਂ ਨੂੰ ਰੱਦ ਕਰਨ ਦੀ ਗੱਲ ਕਹਿ ਕੇ ਢਿੱਲਾ ਜਿਹਾ ਬਹਾਨਾ ਬਣਾ ਰਹੀ ਹੈ, ਜਿਸ ਕਾਰਨ ਪੰਜਾਬ ਵਿੱਚ ਤੂਫ਼ਾਨ ਦਾ ਮਾਹੌਲ ਬਣਿਆ ਹੋਇਆ ਹੈ। ਜਿਨਸੀ ਸ਼ੋਸ਼ਣ ਦੇ ਦੋਸ਼ਾਂ ਦੇ ਮੱਦੇਨਜ਼ਰ। ਸਿੱਖ ਮਰਿਆਦਾ ਦੇ ਧਾਰਨੀ ਅਜਿਹੇ ਚੈਨਲ ਨੂੰ ਟੈਲੀਕਾਸਟ ਦੇ ਅਧਿਕਾਰ ਕਿਵੇਂ ਜਾਰੀ ਰੱਖ ਸਕਦੇ ਹਨ, ਜਿਸ 'ਤੇ ਅਜਿਹੇ ਗੰਭੀਰ ਦੋਸ਼ ਲੱਗੇ ਹਨ?“ਕੀਰਤਨ ਕਿਸੇ ਦੀ ਜਾਇਦਾਦ ਨਹੀਂ, ਨਿਸ਼ਚਿਤ ਤੌਰ ‘ਤੇ ਕਿਸੇ ਨਿੱਜੀ ਚੈਨਲ ਦੀ ਨਹੀਂ। ਅਸੀਂ ਨਹੀਂ ਜਾਣਦੇ ਕਿ ਇਸ ਮਾਮਲੇ ਵਿੱਚ ਕੌਣ ਸਹੀ ਹੈ ਜਾਂ ਗਲਤ, ਪਰ ਇੱਕ ਸੰਵੇਦਨਸ਼ੀਲ ਮੁੱਦੇ 'ਤੇ ਨੈਤਿਕ ਆਧਾਰ ਨੂੰ ਲੈ ਕੇ, ਸਾਨੂੰ ਇਕਰਾਰਨਾਮਾ ਖਤਮ ਕਰਨ ਦੀ ਲੋੜ ਹੈ, ”ਉਸਨੇ ਕਿਹਾ।ਉਸਨੇ ਅੱਗੇ ਕਿਹਾ: “ਚੋਣਾਂ ਮੌਜੂਦਾ ਐਸਜੀਪੀਸੀ ਸਦਨ ਦਾ ਸਿੱਖ ਪੰਥ ਨਾਲ ਸੰਪਰਕ ਤੋੜਨਗੀਆਂ। ਪੂਰਨ ਸਿਆਸੀ ਸੱਤਾ ਕੁਝ ਸਵਾਰਥੀ ਹਿੱਤਾਂ ਦੇ ਹੱਥਾਂ ਵਿੱਚ ਹੈ ਅਤੇ ਸੱਤਾ ਦੀ ਨਿੱਜੀ ਹਿੱਤਾਂ ਲਈ ਵਰਤੋਂ ਸਪੱਸ਼ਟ ਹੈ। ਈਸ਼ਨਿੰਦਾ ਲਈ ਸਿਰਸਾ ਡੇਰੇ ਦੇ ਮੁਖੀ ਨੂੰ ਮੁਆਫੀ ਦੇ ਕੇ SGPC ਦਾ ਮੂੰਹ ਟੁੱਟ ਗਿਆ।"ਤਬਦੀਲੀ ਦੀਆਂ ਹਨੇਰੀਆਂ ਨੂੰ ਦਰਸਾਉਂਦੇ ਹੋਏ, ਸ਼੍ਰੋਮਣੀ ਅਕਾਲੀ ਦਲ (ਸੰਯੁਕਤ) ਦੇ ਪ੍ਰਧਾਨ ਸੁਖਦੇਵ ਸਿੰਘ ਢੀਂਡਸਾ ਨੇ ਕਿਹਾ: "ਲੋਕ ਤਬਦੀਲੀ ਦੀ ਸ਼ੁਰੂਆਤ ਕਰਨ ਲਈ ਇੱਕ ਮੌਕੇ ਦੀ ਉਡੀਕ ਕਰ ਰਹੇ ਹਨ।"

ਐਸਜੀਪੀਸੀ ਮੈਂਬਰ ਬਲਵਿੰਦਰ ਸਿੰਘ ਬੈਂਸ ਨੇ ਕਿਹਾ: “ਬਦਲ ਦੀ ਆਵਾਜ਼ ਹਾਲੀਆ ਚੋਣਾਂ ਦੌਰਾਨ ਸਪੱਸ਼ਟ ਹੋ ਗਈ ਜਦੋਂ ਬਾਦਲ ਅਤੇ ਉਨ੍ਹਾਂ ਦੇ ਪੁੱਤਰ ਸੁਖਬੀਰ ਦੀ ਹਾਰ ਹੋਈ। ਬੇਅਦਬੀ ਦੇ ਦੋਸ਼ੀਆਂ ਨੂੰ ਫੜਨ ਵਿੱਚ ਨਾਕਾਮ ਰਹਿਣ ਲਈ ਲੋਕਾਂ ਨੇ ਉਨ੍ਹਾਂ ਨੂੰ ਮੁਆਫ਼ ਨਹੀਂ ਕੀਤਾ। ਦੋਵਾਂ ਨੂੰ ਅਕਾਲੀ ਦਲ ਦੀ ਵਾਗਡੋਰ ਛੱਡਣੀ ਚਾਹੀਦੀ ਹੈ ਅਤੇ ਪਾਰਟੀ ਨੂੰ ਇੱਕ ਵਾਰ ਫਿਰ ਆਪਣੀਆਂ ਜੜ੍ਹਾਂ ਲੱਭਣ ਦੀ ਇਜਾਜ਼ਤ ਦੇਣੀ ਚਾਹੀਦੀ ਹੈ। ਇਹ ਲੋਕਾਂ ਨੂੰ ਯਕੀਨ ਦਿਵਾਉਣਾ ਹੈ ਕਿ ਇਹ ਸਿੱਖਾਂ ਦੇ ਹਿੱਤਾਂ ਲਈ ਖੜ੍ਹਾ ਹੈ, ਵਿਅਕਤੀਗਤ ਨਹੀਂ। ਮੈਨੂੰ ਯਕੀਨ ਹੈ ਕਿ ਲੋਕ ਜਲਦੀ ਹੀ ਤਬਦੀਲੀ ਲਈ ਆਪਣਾ ਰਸਤਾ ਲੱਭ ਲੈਣਗੇ।”ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਹਰਜਿੰਦਰ ਸਿੰਘ ਧਾਮੀ ਨੇ ਕਿਹਾ: “ਹਰ ਕਿਸੇ ਦਾ ਵੱਖਰਾ ਨਜ਼ਰੀਆ ਹੁੰਦਾ ਹੈ। ਅਕਾਲ ਤਖ਼ਤ ਨੇ ਸ਼੍ਰੋਮਣੀ ਕਮੇਟੀ ਨੂੰ ਗੁਰਬਾਣੀ ਦੇ ਵਿਸ਼ਵ ਭਰ ਵਿੱਚ ਲਾਈਵ ਪ੍ਰਸਾਰਣ ਲਈ ਆਪਣਾ ਚੈਨਲ ਸ਼ੁਰੂ ਕਰਨ ਦੇ ਨਿਰਦੇਸ਼ ਦਿੱਤੇ ਹਨ। ਹਰਿਆਣਾ ਵੱਲੋਂ ਐਡ-ਹਾਕ ਹਰਿਆਣਾ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਮੰਗ ਕਰਨ ਦਾ ਮਾਮਲਾ ਅਜੇ ਸੁਪਰੀਮ ਕੋਰਟ ਕੋਲ ਵਿਚਾਰ ਅਧੀਨ ਹੈ, ਇਸ ਲਈ ਚੋਣਾਂ ਦੀਆਂ ਤਰੀਕਾਂ ਦਾ ਐਲਾਨ ਉਸ ਤੋਂ ਬਾਅਦ ਕੀਤਾ ਜਾ ਸਕਦਾ ਹੈ।ਗੁਰਦੁਆਰਾ ਚੋਣਾਂ ਦੇ ਚੀਫ਼ ਕਮਿਸ਼ਨਰ ਜਸਟਿਸ ਐਸਐਸ ਸਾਰੋਂ (ਸੇਵਾਮੁਕਤ) ਨੇ ਅਜੇ ਸਿੱਖ ਗੁਰਦੁਆਰਾ ਐਕਟ, 1925 ਤਹਿਤ ਹੋਣ ਵਾਲੀਆਂ ਚੋਣਾਂ ਦਾ ਐਲਾਨ ਨਹੀਂ ਕੀਤਾ ਹੈ।

| ਪਿੱਛਲੀਆਂ ਐਸਜੀਪੀਸੀ ਚੋਣਾਂ 2011 | |
|---|---|
| ਪ੍ਰਾਂਤ | ਵੋਟਾਂ |
| ਪੰਜਾਬ | 52,69,000 |
| ਹਰਿਆਣਾ | 3,37,000 |
| ਹਿਮਾਚਲ | 23,011 |
| ਚੰਡੀਗੜ | 11,932 |
| ਕੁੱਲ | 55,00,000 |
| ਸਿੱਖ ਸੰਸਥਾਵਾਂ ਦੇ ਮੈਂਬਰ | |
| ਚੁਣੇਂ ਗਏ ਮੈਂਬਰ | 170 |
| ਕੋਓਪਰੇਟਰ ਮੈਂਬਰ | 15 |
| ਤੱਖਤਾਂ ਦੇ ਮੁੱਖੀ | 5 |
| ਮੁੱਖ ਗਰੰਥੀ ਹਰਿਮੰਦਰ ਸਾਹਿਬ | 1 |
| ਸੰਸਥਾ ਦੇ ਕੁੱਲ ਮੈਂਬਰ | 191 |

ਕੇਂਦਰੀ ਸਿੰਘ ਸਭਾ ਨੇ ਪੀਟੀਸੀ ਦੀ ਸੈਕਸ ਸਕੈਂਡਲ ਵਿੱਚ ਸ਼ਮੂਲੀਅਤ ਕਾਰਨ ਦਰਬਾਰ ਸਾਹਿਬ ਤੋਂ ਗੁਰਬਾਣੀ ਦਾ ਪ੍ਰਸਾਰਣ ਬੰਦ ਕਰਨ ਦੀ ਮੰਗ ਕੀਤੀ ਹੈ।

ਪੀਟੀਸੀ ਪੰਜਾਬੀ ਭਾਰਤ ਦਾ ਇੱਕ ਪੰਜਾਬੀ ਟੈਲੀਵਿਜ਼ਨ ਨੈੱਟਵਰਕ ਹੈ। ਭਾਰਤੀ ਸਿਆਸਤਦਾਨ ਅਤੇ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਦੀ ਪੀਟੀਸੀ ਵਿੱਚ ਬਹੁਮਤ ਹਿੱਸੇਦਾਰੀ ਹੈ। ਇਸ ਵਿੱਚ ਖ਼ਬਰਾਂ, ਡਰਾਮੇ, ਕਾਮੇਡੀ, ਸੰਗੀਤ ਅਤੇ ਟਾਕ ਸ਼ੋਅ ਸਮੇਤ ਆਮ ਮਨੋਰੰਜਨ ਵਾਲੇ ਪ੍ਰੋਗਰਾਮ ਸ਼ਾਮਲ ਹਨ। ਕੇਂਦਰੀ ਸਿੰਘ ਸਭਾ ਨੇ ਜਥੇਦਾਰ ਅਕਾਲ ਤਖ਼ਤ ਗਿਆਨੀ ਹਰਪ੍ਰੀਤ ਸਿੰਘ ਨੂੰ ਅਪੀਲ ਕੀਤੀ ਹੈ ਕਿ ਪੀਟੀਸੀ ਦੇ ਸੈਕਸ ਸਕੈਂਡਲ ਵਿੱਚ ਸ਼ਾਮਲ ਹੋਣ ਕਾਰਨ ਇਹ ਚੈਨਲ ਸ੍ਰੀ ਦਰਬਾਰ ਸਾਹਿਬ ਤੋਂ ਪਵਿੱਤਰ ਗੁਰਬਾਣੀ ਦਾ ਪ੍ਰਸਾਰਣ ਕਰਨ ਦਾ ਆਪਣਾ ਨੈਤਿਕ ਹੱਕ ਗੁਆ ਬੈਠਾ ਹੈ। ਇਸ ਲਈ ਇਸ ਚੈਨਲ ਦਾ ਨੈੱਟਵਰਕ ਕੱਢ ਕੇ ਗੁਰਬਾਣੀ ਰਿਲੇਅ ਦਾ ਵੱਖਰਾ ਪ੍ਰਬੰਧ ਕੀਤਾ ਜਾਵੇ। ਕੇਂਦਰੀ ਸਿੰਘ ਸਭਾ ਨੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੂੰ ਇਸ ਉਲੰਘਣਾ ਦਾ ਤੁਰੰਤ ਨੋਟਿਸ ਲੈਣ ਦੀ ਅਪੀਲ ਕੀਤੀ ਹੈ। ਪੁਲਿਸ ਅਨੁਸਾਰ ਪੀਟੀਸੀ ਦੇ ਪ੍ਰਬੰਧਕ "ਮਿਸ ਪੰਜਾਬਣ" ਪ੍ਰੋਗਰਾਮ ਰਾਹੀਂ ਨੌਜਵਾਨ ਲੜਕੀਆਂ ਦੇ ਜਿਨਸੀ ਸ਼ੋਸ਼ਣ ਅਤੇ ਵੇਸਵਾਪੁਣੇ ਵਿੱਚ ਸ਼ਾਮਲ ਪਾਏ ਗਏ ਹਨ। ਇੱਕ ਕਾਨੂੰਨ ਦੀ ਵਿਦਿਆਰਥਣ ਜਿਸਨੇ "ਮਿਸ ਪੰਜਾਬਣ" ਮੁਕਾਬਲੇ ਵਿੱਚ ਹਿੱਸਾ ਲਿਆ ਜਦੋਂ ਉਸਨੇ ਸੈਕਸ ਸਕੈਂਡਲ ਦਾ ਪਰਦਾਫਾਸ਼ ਕੀਤਾ। ਉਸ ਨੇ ਇਸ ਬਾਰੇ ਆਪਣੇ ਪਿਤਾ ਨੂੰ ਸੂਚਿਤ ਕੀਤਾ ਪਰ ਪ੍ਰਬੰਧਕਾਂ ਨੇ ਲੜਕੀ ਨੂੰ ਹੋਟਲ ਤੋਂ ਬਾਹਰ ਨਹੀਂ ਜਾਣ ਦਿੱਤਾ ਅਤੇ ਨਾ ਹੀ ਉਸ ਦੇ ਪਿਤਾ ਨੂੰ ਮਿਲਣ ਦਿੱਤਾ।

ਪੀੜਤਾ ਦੇ ਪਿਤਾ ਨੇ ਹਾਈ ਕੋਰਟ ਤੱਕ ਪਹੁੰਚ ਕੀਤੀ ਅਤੇ ਲੜਕੀ ਨੂੰ ਪੰਜ ਦਿਨਾਂ ਬਾਅਦ 15 ਮਾਰਚ, 2022 ਨੂੰ ਅਦਾਲਤ ਦੁਆਰਾ ਭੇਜੇ ਗਏ "ਵਾਰੰਟ ਅਫਸਰ" ਰਾਹੀਂ ਬਰਾਮਦ ਕਰ ਲਿਆ ਗਿਆ। ਸਪੈਸ਼ਲ ਵੂਮੈਨ ਵਿੰਗ ਪੁਲਿਸ ਸਟੇਸ਼ਨ, ਮੋਹਾਲੀ ਵਿਖੇ ਦਰਜ FIR 0002/17/03/2022 ਦੇ ਅਨੁਸਾਰ, "ਮਿਸ ਪੰਜਾਬਣ" ਪ੍ਰਤੀਯੋਗਿਤਾ ਲਈ ਚਾਹਵਾਨ ਲੜਕੀਆਂ ਨੂੰ ਇੱਕ ਹਫ਼ਤੇ ਲਈ ਮੋਹਾਲੀ ਦੇ ਇੱਕ ਨਾਮਵਰ ਹੋਟਲ ਵਿੱਚ ਬੁਲਾਇਆ ਜਾਵੇਗਾ। ਮੁਕਾਬਲੇ ਦੀ ਸਿਖਲਾਈ ਦੌਰਾਨ, ਉਨ੍ਹਾਂ ਦਾ ਜਿਨਸੀ ਸ਼ੋਸ਼ਣ ਕੀਤਾ ਗਿਆ ਅਤੇ ਜਿਨਸੀ ਸਬੰਧ ਬਣਾਉਣ ਲਈ ਮਜਬੂਰ ਕੀਤਾ ਗਿਆ। ਮੁਜ਼ਾਹਰਾ ਕਰਨ ਵਾਲੀਆਂ ਕੁੜੀਆਂ ਨਸ਼ੇ ਵਿੱਚ ਧੁੱਤ ਹਨ। ਕਈ ਲੜਕੀਆਂ ਨੂੰ ਅਹਿਮ ਵਿਅਕਤੀਆਂ ਨੂੰ ਵੀ ਪੇਸ਼ ਕੀਤਾ ਗਿਆ। ਪੁਲੀਸ ਨੇ ਪੀਟੀਸੀ ਦੇ ਐਮਡੀ ਅਤੇ ਛੇ ਹੋਰ ਅਧਿਕਾਰੀਆਂ ਖ਼ਿਲਾਫ਼ ਐਫਆਈਆਰ ਦਰਜ ਕੀਤੀ ਹੈ। ਇਸ ਤੋਂ ਇਲਾਵਾ 20 ਤੋਂ 25 ਅਣਪਛਾਤੇ ਮੁਲਜ਼ਮ ਵੀ ਐਫਆਈਆਰ ਵਿੱਚ ਸ਼ਾਮਲ ਹਨ।

ਪਿਛਲੇ ਦੋ ਦਹਾਕਿਆਂ ਤੋਂ ਇੱਕ ਸਿਆਸੀ ਪਰਿਵਾਰ ਦਾ ਨਿੰਜੀ ਚੈਨਲ ਪੀਟੀਸੀ ਦਰਬਾਰ ਸਾਹਿਬ ਤੋਂ ਰੋਜ਼ਾਨਾ ਪਵਿੱਤਰ ਗੁਰਬਾਣੀ ਅਤੇ ਹੁਕਮਨਾਮੇ ਦੇ ਪ੍ਰਸਾਰਣ ਦਾ ਇੱਕੋ-ਇੱਕ ਮਾਲਕ ਹੈ। ਇਸ ਤਰ੍ਹਾਂ ਚੈਨਲ ਨੇ ਟੀਆਰਪੀ ਅਤੇ ਕਾਰਪੋਰੇਟ ਮੁਨਾਫ਼ੇ ਵਧਾਉਣ ਲਈ ਪਵਿੱਤਰ ਗੁਰਬਾਣੀ ਦਾ ਵਪਾਰੀਕਰਨ ਕੀਤਾ ਹੈ। ਸ਼੍ਰੋਮਣੀ ਕਮੇਟੀ 'ਤੇ ਕਾਬਜ਼ ਸਿਆਸੀ ਪਰਿਵਾਰ ਦੇ ਇਸ ਚੈਨਲ ਨੇ ਜਾਂ ਤਾਂ ਛੋਟੇ ਚੈਨਲਾਂ ਦਾ ਪ੍ਰਸਾਰਣ ਬੰਦ ਕਰ ਦਿੱਤਾ ਜਾਂ ਫਿਰ ਉਨ੍ਹਾਂ ਨੂੰ ਮਿਲਾ ਦਿੱਤਾ।

ਐਸਜੀਪੀਸੀ ਨੂੰ ਘੱਟੋ-ਘੱਟ ਭੁਗਤਾਨ ਦੇ ਨਾਲ, ਪੀਟੀਸੀ ਚੈਨਲ ਨੇ ਗੁਰਬਾਣੀ ਦਾ ਵਪਾਰੀਕਰਨ ਕੀਤਾ, ਜਿਸ ਦੀ ਸ਼ੁਰੂਆਤ ਰੁਪਏ ਦੀ ਰਕਮ ਨਾਲ ਹੋਈ। 7 ਕਰੋੜ ਹੈ ਅਤੇ ਹੁਣ ਵਧ ਕੇ ਰੁਪਏ ਹੋ ਗਿਆ ਹੈ। 700 ਕਰੋੜ। ਮਨੋਰੰਜਨ ਜਗਤ ਦੇ ਇਸ ਵਪਾਰਕ ਅਦਾਰੇ ਦੇ ਕਈ ਹੋਰ ਛੋਟੇ-ਛੋਟੇ ਚੈਨਲ ਵੀ ਗੁਰਬਾਣੀ ਦੇ ਪ੍ਰਸਾਰਣ ਤੋਂ ਬਾਅਦ ਅਸ਼ਲੀਲਤਾ ਪ੍ਰਦਾਨ ਕਰਦੇ ਹਨ।ਇਸੇ ਦੌਰਾਨ ਸ਼੍ਰੋਮਣੀ ਅਕਾਲੀ ਦਲ (ਢੀਂਡਸਾ) ਦੇ ਜਨਰਲ ਸਕੱਤਰ ਮਨਜੀਤ ਸਿੰਘ ਭੋਮਾ ਨੇ ਮਿਸ ਪੰਜਾਬਣ ਸ਼ੋਅ ਦੇ ਨਾਂ 'ਤੇ ਲੜਕੀਆਂ ਨਾਲ ਕਥਿਤ ਤੌਰ 'ਤੇ ਜਿਨਸੀ ਸ਼ੋਸ਼ਣ ਕੀਤੇ ਜਾਣ ਦੀ ਸਖ਼ਤ ਨਿਖੇਧੀ ਕੀਤੀ ਹੈ।ਮੀਡੀਆ ਨਾਲ ਗੱਲਬਾਤ ਕਰਦਿਆਂ ਭੋਮਾ ਨੇ ਜਥੇਦਾਰ ਅਕਾਲ ਤਖ਼ਤ ਨੂੰ ਗੁਰਬਾਣੀ ਕੀਰਤਨ ਦੇ ਲਾਈਵ ਪ੍ਰਸਾਰਣ ਲਈ ਬਦਲਵੇਂ ਪ੍ਰਬੰਧ ਕਰਨ ਦੀ ਬੇਨਤੀ ਕੀਤੀ। ਭੋਮਾ ਨੇ ਕਿਹਾ ਕਿ ਉਹ ਹੈਰਾਨ ਹੈ ਕਿ ਜਦੋਂ 17 ਮਾਰਚ ਨੂੰ ਉਸ ਵਿਰੁੱਧ ਐਫਆਈਆਰ ਦਰਜ ਕੀਤੀ ਗਈ ਸੀ ਤਾਂ ਪ੍ਰਿੰਟ ਅਤੇ ਇਲੈਕਟ੍ਰਾਨਿਕ ਮੀਡੀਆ ਨੇ ਪੀਟੀਸੀ ਚੈਨਲ ਸੈਕਸ ਸਕੈਂਡਲ ਬਾਰੇ ਆਪਣਾ ਮੂੰਹ ਕਿਉਂ ਬੰਦ ਰੱਖਿਆ ਸੀ।

ਸਾਡੇ ਕੋਲ ਐਫਆਈਆਰ ਦੀ ਕਾਪੀ ਹੈ। ਸੋਸ਼ਲ ਮੀਡੀਆ 'ਤੇ ਹੁਣ ਤੱਕ। ਚੁੱਪ ਵੀ ਹੈ। ਸੀਬੀਆਈ ਟੂ ਪੀਟੀਸੀ ਚੈਨਲ 'ਤੇ ਬਿਊਟੀ ਮੁਕਾਬਲੇ ਸ਼ੁਰੂ ਹੋਣ ਤੋਂ ਬਾਅਦ ਹੁਣ ਤੱਕ ਜੋ ਬਿਊਟੀ ਮੁਕਾਬਲੇ ਹੋਏ ਹਨ, ਉਨ੍ਹਾਂ ਦੀ ਤੁਰੰਤ ਜਾਂਚ ਹੋਣੀ ਚਾਹੀਦੀ ਹੈ ਤਾਂ ਜੋ ਹਰ ਸੁੰਦਰਤਾ ਮੁਕਾਬਲੇ ਦੀ ਅਸਲੀਅਤ ਸਾਹਮਣੇ ਆ ਸਕੇ। ਉਨ੍ਹਾਂ ਕਿਹਾ ਕਿ ਸ਼ਾਮਲ ਲੜਕੀਆਂ ਨੂੰ ਲਾਲਚ ਦੇ ਕੇ ਬਲੈਕਮੇਲ ਕੀਤਾ ਜਾ ਰਿਹਾ ਹੈ।ਉਨ੍ਹਾਂ ਅੱਗੇ ਕਿਹਾ ਕਿ ਜਾਂਚ ਦੌਰਾਨ ਡੇਰਾ ਸਿਰਸਾ ਵਰਗੇ ਕਈ ਘੁਟਾਲਿਆਂ ਦਾ ਪਰਦਾਫਾਸ਼ ਹੋ ਸਕਦਾ ਹੈ। ਦੂਜੇ ਪਾਸੇ ਪੀਟੀਸੀ ਚੈਨਲ ਵੀ ਸ੍ਰੀ ਦਰਬਾਰ ਸਾਹਿਬ ਤੋਂ ਗੁਰਬਾਣੀ ਦਾ ਕੀਰਤਨ ਕਰਦਾ ਹੈ ਜਿਸ ਨਾਲ ਵਿਸ਼ਵ ਭਰ ਦੇ ਸਿੱਖਾਂ ਦੀਆਂ ਭਾਵਨਾਵਾਂ ਨੂੰ ਠੇਸ ਪਹੁੰਚੀ ਹੈ। ਜਥੇਦਾਰ ਸ੍ਰੀ ਅਕਾਲ ਤਖ਼ਤ ਸਾਹਿਬ ਅਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੂੰ ਚਾਹੀਦਾ ਹੈ ਕਿ ਉਹ ਬਦਲਵੇਂ ਪ੍ਰਬੰਧ ਕਰਨ ਅਤੇ ਪੀ।ਟੀ।ਸੀ ਚੈਨਲ ‘ਤੇ ਗੁਰਬਾਣੀ ਕੀਰਤਨ ਦੇ ਰਿਲੇਅ ‘ਤੇ ਤੁਰੰਤ ਪਾਬੰਦੀ ਲਗਾਉਣ।




ਇਹ ਪ੍ਰੀਖਿਆ ਪਾਸ ਕਰਨ ਵਾਲਿਆਂ ਲਈ ਪ੍ਰੀਖਿਆ ਦਾ ਸਮਾਂ ਹੈ। ਜਥੇਦਾਰ ਸ੍ਰੀ ਅਕਾਲ ਤਖ਼ਤ ਸਾਹਿਬ ਨੂੰ ਇਸ ਮੁੱਦੇ ’ਤੇ ਤੁਰੰਤ ਆਪਣੀ ਚੁੱਪ ਤੋੜਨੀ ਚਾਹੀਦੀ ਹੈ। ਜੱਥੇਦਾਰ ਸਾਹਿਬ ਪੁਲਿਸ ਨੇ ਵੀ ਐਫ।ਆਈ।ਆਰ। ਲੜਕੀ ਅਤੇ ਉਸਦੇ ਪਰਿਵਾਰ ਨੂੰ ਮਾਨਯੋਗ ਹਾਈਕੋਰਟ ਰਾਹੀਂ ਐਫ।ਆਈ।ਆਰ। ਭੋਮਾ ਅਨੁਸਾਰ ਤੁਸੀਂ ਸਿੱਖਾਂ ਦੀ ਸੁਪਰੀਮ ਕੋਰਟ ਹੋ।

ਪੀਟੀਸੀ ਅਦਾਰੇ ਦਾ ਸੈਕਸ ਸਕੈਂਡਲ ਵਿੱਚ ਸ਼ਾਮਿਲ ਹੋਣ ਕਰਕੇ, ਇਹ ਚੈਨਲ ਦਰਬਾਰ ਸਾਹਿਬ ਤੋਂ ਪਵਿੱਤਰ ਗੁਰਬਾਣੀ ਦੇ ਪ੍ਰਸਾਰਣ ਕਰਨ ਦੇ ਨੈਤਿਕ ਅਧਿਕਾਰ ਖੋਹ ਬੈਠਾ ਹੈ। ਇਸ ਕਰਕੇ ਇਸ ਚੈਨਲ ਦੇ ਨੈਟਵਰਕ ਨੂੰ ਬਾਹਰ ਕੱਢ ਕੇ ਗੁਰਬਾਣੀ ਰੀਲੇਅ ਦੇ ਵੱਖਰੇ ਪ੍ਰਬੰਧ ਕੀਤੇ ਜਾਣ।ਕੇਂਦਰੀ ਸਿੰਘ ਸਭਾ ਨੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੂੰ ਇਸ ਅਵੱਗਿਆ ਤੇ ਤੁਰੰਤ ਨੋਟਿਸ ਲੈਣ ਦੀ ਬੇਨਤੀ ਕੀਤੀ ਹੈ। ਪੁਲਿਸ ਮੁਤਾਬਿਕ ਪੀਟੀਸੀ ਅਦਾਰੇ ਦੇ ਪ੍ਰਬੰਧਕ “ਮਿਸ ਪੰਜਾਬਣ” ਪ੍ਰੋਗਰਾਮ ਰਾਹੀ ਨੌਜਵਾਨ ਕੁੜੀਆਂ ਦੇ ਜਿਨਸੀ ਸ਼ੋਸ਼ਣ ਅਤੇ ਦੇਹ ਵਪਾਰ ਵਿੱਚ ਸ਼ਾਮਿਲ ਪਾਏ ਗਏ ਹਨ। “ਮਿਸ ਪੰਜਾਬਣ” ਮੁਕਾਬਲੇ ਵਿੱਚ ਸ਼ਾਮਿਲ ਹੋਈ ਇੱਕ ਲਾਅ ਦੀ ਵਿਦਿਆਰਥਣ ਜਦੋਂ ਸੈਕਸ ਸਕੈਂਡਲ ਨੂੰ ਨੰਗਾ ਕੀਤਾ ਹੈ। ਉਸਨੇ ਆਪਣੇ ਪਿਤਾ ਨੂੰ ਇਸ ਬਾਰੇ ਸੂਚਨਾ ਦਿੱਤੀ ਫਿਰ ਵੀਂ ਪ੍ਰਬੰਧਕਾਂ ਨੇ ਲੜਕੀ ਨੂੰ ਹੋਟਲ ਵਿੱਚੋਂ ਬਾਹਰ ਨਹੀਂ ਜਾਣ ਦਿੱਤਾ ਨਾ ਹੀ ਉਸਦੇ ਪਿਤਾ ਨੂੰ ਮਿਲਣ ਦਿੱਤਾ।

ਦਰਬਾਰ ਸਾਹਿਬ ਤੋਂ ਰੋਜ਼ਾਨਾ ਪਵਿੱਤਰ ਗੁਰਬਾਣੀ ਅਤੇ ਹੁਕਮਨਾਮੇ ਦੇ ਪ੍ਰਸਾਰਣ ਉੱਤੇ ਇੱਕਸਿਆਸੀ ਪਰਿਵਾਰ ਦੇ ਨਿਜੀ ਚੈਨਲ ਪੀਟੀਸੀ ਨੇ ਪਿਛਲੇ ਦੋ ਦਹਾਕਿਆਂ ਤੋਂ ਏਕਾ ਅਧਿਕਾਰ ਜਮ੍ਹਾ ਰੱਖਿਆ ਹੈ। ਇਸ ਤਰ੍ਹਾਂ ਚੈਨਲ ਨੇ ਟੀ।ਆਰ।ਪੀ ਅਤੇ ਕਾਰਪੋਰੇਟ ਮੁਨਾਫੇ ਨੂੰ ਵਧਾਉਣ ਲਈ ਪਵਿੱਤਰ ਗੁਰਬਾਣੀ ਦਾ ਵਪਾਰੀਕਰਨ ਹੀ ਕਰ ਦਿੱਤਾ ਹੈ। ਸ਼੍ਰੋਮਣੀ ਕਮੇਟੀ ਉੱਤੇ ਕਾਬਜ਼ ਸਿਆਸੀ ਪਰਿਵਾਰ ਦੇ ਇਸ ਚੈਨਲ ਨੇ ਛੋਟੇ ਚੈਨਲਾਂ ਦਾ ਪ੍ਰਸਾਰਣ ਜਾਂ ਤਾਂ ਬੰਦ ਕਰਵਾ ਦਿੱਤਾ ਜਾਂ ਉਹਨਾਂ ਨੂੰ ਆਪਣੇ ਵਿੱਚ ਮਿਲਾ ਲਿਆ।

# ਟੋਕੀਓ ਓਲੰਪਿਕ ’ਚ ਇਤਿਹਾਸ ਰਚਣ ਵਾਲੀ ਹੈਟ੍ਰਿਕ ਗਰਲ ਨੂੰ ਮਿਲਿਆ ਪਦਮ ਸ਼੍ਰੀ, ਮਿਲ ਚੁੱਕਿਆ ਹੈ ਅਰਜੁਨ ਐਵਾਰਡ

**(ਸਫਾ 15 ਦੀ ਬਾਕੀ)**

ਕਲਾ, ਖੇਡਾਂ, ਉਦਯੋਗ, ਸਾਹਿਤ, ਵਿਗਿਆਨ, ਦਵਾਈ, ਸਮਾਜ ਸੇਵਾ ਅਤੇ ਹੋਰ ਖੇਤਰਾਂ ਵਿੱਚ ਵਧੀਆ ਪ੍ਰਦਰਸ਼ਨ ਕਰਨ ਲਈ ਹੀ ਪਦਮ ਸ਼੍ਰੀ ਨਾਲ ਸਨਮਾਨਿਤ ਕੀਤਾ ਜਾਂਦਾ ਹੈ। ਭਾਰਤ ਰਤਨ, ਪਦਮ ਵਿਭੂਸ਼ਣ ਅਤੇ ਪਦਮ ਭੂਸ਼ਣ ਤੋਂ ਬਾਅਦ, ਪਦਮ ਸ਼੍ਰੀ ਭਾਰਤ ਵਿੱਚ ਦਿੱਤੇ ਜਾਣ ਵਾਲੇ ਪੁਰਸਕਾਰਾਂ ਵਿੱਚ ਚੌਥੇ ਸਥਾਨ 'ਤੇ ਦਰਜ ਹੈ।ਹਰਿਦੁਆਰ ਦੇ ਰੋਸ਼ਨਾਬਾਦ ਪਿੰਡ ਦੀ ਅੰਤਰਰਾਸ਼ਟਰੀ ਹਾਕੀ ਖਿਡਾਰਨ ਵੰਦਨਾ ਕਟਾਰੀਆ ਨੇ ਪਿਛਲੇ ਸਾਲ ਟੋਕੀਓ ਓਲੰਪਿਕ ਵਿੱਚ ਦੇਸ਼ ਦਾ ਨਾਂ ਰੌਸ਼ਨ ਕੀਤਾ ਸੀ। ਵੰਦਨਾ ਨੇ ਟੋਕੀਓ ਓਲੰਪਿਕ 'ਚ ਹੈਟ੍ਰਿਕ ਲਗਾ ਕੇ ਅੰਤਰਰਾਸ਼ਟਰੀ ਪੱਧਰ 'ਤੇ ਆਪਣੀ ਪਛਾਣ ਬਣਾਈ ਸੀ।ਹਰਿਦੁਆਰ ਵਿੱਚ ਜਸ਼ਨ ਦਾ ਮਾਹੌਲ ਹੈ ਕਿਉਂਕਿ ਹੈਟ੍ਰਿਕ ਗਰਲ ਵੰਦਨਾ ਕਟਾਰੀਆ ਨੂੰ ਅਰਜੁਨ ਐਵਾਰਡ ਤੋਂ ਬਾਅਦ ਪਦਮ ਸ਼੍ਰੀ ਮਿਲਿਆ ਹੈ। ਪਿੰਡ ਵੰਦਨਾ ਤੋਂ ਸੂਬੇ ਦੇ ਖੇਡ ਪ੍ਰੇਮੀਆਂ ਵਿੱਚ ਖੁਸ਼ੀ ਦੀ ਲਹਿਰ ਹੈ। ਪਿੰਡ ਵਾਸੀਆਂ ਦਾ ਕਹਿਣਾ ਹੈ ਕਿ ਵੰਦਨਾ ਨੇ ਇੱਕ ਵਾਰ ਫਿਰ ਪਿੰਡ ਦਾ ਨਾਂ ਰੋਸ਼ਨ ਕੀਤਾ ਹੈ।

ਹਰਿਦੁਆਰ ਦੇ ਰੋਸ਼ਨਾਬਾਦ ਪਿੰਡ ਦੀ ਅੰਤਰ-ਰਾਸ਼ਟਰੀ ਹਾਕੀ ਖਿਡਾਰਨ ਵੰਦਨਾ ਕਟਾਰੀਆ ਨੇ ਪਿਛਲੇ ਸਾਲ ਟੋਕੀਓ ਓਲੰਪਿਕ ਵਿੱਚ ਦੇਸ਼ ਦਾ ਨਾਂ ਰੌਸ਼ਨ ਕੀਤਾ ਸੀ। ਵੰਦਨਾ ਨੇ ਟੋਕੀਓ ਓਲੰਪਿਕ 'ਚ ਹੈਟ੍ਰਿਕ ਲਗਾ ਕੇ ਅੰਤਰਰਾਸ਼ਟਰੀ ਪੱਧਰ 'ਤੇ ਆਪਣੀ ਪਛਾਣ ਬਣਾਈ ਸੀ। ਇਸ ਦੇ ਨਾਲ ਹੀ ਉਹ ਓਲੰਪਿਕ ਵਿੱਚ ਹੈਟ੍ਰਿਕ ਲਗਾਉਣ ਵਾਲੀ ਪਹਿਲੀ ਭਾਰਤੀ ਮਹਿਲਾ ਹਾਕੀ ਖਿਡਾਰਨ ਵੀ ਬਣ ਗਈ ਹੈ।ਇਸ ਪ੍ਰਾਪਤੀ 'ਤੇ ਪਿਛਲੇ ਸਾਲ ਵੰਦਨਾ ਕਟਾਰੀਆ ਨੂੰ ਭਾਰਤ ਸਰਕਾਰ ਵੱਲੋਂ ਅਰਜੁਨ ਐਵਾਰਡ ਨਾਲ ਸਨਮਾਨਿਤ ਕੀਤਾ ਗਿਆ ਸੀ। ਮੰਗਲਵਾਰ ਨੂੰ ਭਾਰਤ ਸਰਕਾਰ ਨੇ ਵੰਦਨਾ ਕਟਾਰੀਆ ਨੂੰ ਪਦਮ ਸ਼੍ਰੀ ਪੁਰਸਕਾਰ ਦੇਣ ਦਾ ਐਲਾਨ ਕੀਤਾ। ਵੰਦਨਾ ਨੂੰ ਪਦਮ ਸ਼੍ਰੀ ਐਵਾਰਡ ਮਿਲਣ 'ਤੇ ਪਿੰਡ ਵਾਸੀਆਂ, ਖੇਡ ਪ੍ਰੇਮੀਆਂ ਅਤੇ ਖਿਡਾਰੀਆਂ 'ਚ ਖੁਸ਼ੀ ਦੀ ਲਹਿਰ ਹੈ।ਜ਼ਿਲ੍ਹਾ ਇੰਚਾਰਜ ਖੇਡਾ ਅਧਿਕਾਰੀ ਵਰੁਣ ਬੇਲਵਾਲ ਨੇ ਦੱਸਿਆ ਕਿ ਵੰਦਨਾ ਨੇ ਹਰਿਦੁਆਰ ਦਾ ਹੀ ਨਹੀਂ ਸਗੋਂ ਦੇਸ਼ ਦਾ ਨਾਂ ਰੋਸ਼ਨ ਕੀਤਾ ਹੈ।ਵੰਦਨਾ ਕੁੜੀਆਂ ਲਈ ਪ੍ਰੇਰਨਾ ਸਰੋਤ ਹੈ। ਉਨ੍ਹਾਂ ਕਿਹਾ ਕਿ ਪ੍ਰਤਿਭਾ ਲਈ ਸਾਧਨਾਂ ਦੀ ਲੋੜ ਨਹੀਂ ਹੁੰਦੀ। ਵੰਦਨਾ ਇਸ ਦੀ ਸਭ ਤੋਂ ਵਧੀਆ ਮਿਸਾਲ ਹੈ। ਪਿੰਡ ਤੋਂ ਬਾਹਰ ਆ ਕੇ ਵੰਦਨਾ ਨੇ ਦੇਸ਼ ਅਤੇ ਦੁਨੀਆ 'ਚ ਆਪਣੀ ਪਛਾਣ ਬਣਾਈ ਹੈ।ਵੰਦਨਾ ਦੇ ਭਰਾ ਪੰਕਜ ਕਟਾਰੀਆ, ਲਖਨ ਕਟਾਰੀਆ, ਮਾਤਾ ਸਵਰਨਾ ਦੇਵੀ ਨੇ ਦੱਸਿਆ ਕਿ ਵੰਦਨਾ ਨੇ ਆਪਣੇ ਸੁਪਨੇ ਨੂੰ ਪੂਰਾ ਕਰਕੇ ਪਿਤਾ ਨੂੰ ਸੱਚੀ ਸ਼ਰਧਾਂਜਲੀ ਦਿੱਤੀ ਹੈ। ਪਰਿਵਾਰਕ ਮੈਂਬਰਾਂ ਨੇ ਦੱਸਿਆ ਕਿ ਵੰਦਨਾ ਨੂੰ ਪਦਮ ਸ਼੍ਰੀ ਮਿਲਣ ਦੀ ਖਬਰ ਨਾਲ ਪਿੰਡ ਵਿੱਚ ਜਸ਼ਨ ਦਾ ਮਾਹੌਲ ਹੈ। ਵੰਦਨਾ ਦੇ ਪਿੰਡ ਪਹੁੰਚਣ 'ਤੇ ਉਨ੍ਹਾਂ ਦਾ ਸ਼ਾਨਦਾਰ ਸਵਾਗਤ ਕੀਤਾ ਜਾਵੇਗਾ।

# "ਇਨਕਲਾਬੀ ਤੇ ਠੋਸ ਬਦਲ ਦੀ ਭਾਲ ਵਿੱਚ ਹਨ ਕਿਰਤੀ ਲੋਕ"

ਭਾਰਤ ਦੇ ਬਹੁਤ ਸਾਰੇ ਇਨਕਲਾਬੀ ਯੋਧਿਆਂ ਦੀਆਂ ਮਹਾਨ ਕੁਰਬਾਨੀਆਂ ਦੀ ਬਦੌਲਤ ਜਦੋਂ 1947 ਵਿੱਚ ਜਦੋਂ ਅੰਗਰੇਜ਼ ਸਾਮਰਾਜ ਦੀ ਗੁਲਾਮੀ ਦੀਆਂ ਬੇੜੀਆਂ ਨੂੰ ਤੋੜ ਕੇ ਅਜਾਦ ਦੇਸ਼ ਕਹਾਉਣ ਦਾ ਸੁਭਾਗ ਪ੍ਰਾਪਤ ਹੋਇਆ ਤਾਂ ਮਿਹਨਤਕਸ਼ ਲੋਕਾਂ ਨੂੰ ਬੇਹੱਦ ਖੁਸ਼ੀ ਹੋਈ ਅਤੇ ਇਹ ਆਸ ਬੱਝੀ ਕਿ ਹੁਣ ਸਾਡੇ ਤੇ

ਦਵਿੰਦਰ ਹੀਉਂ (ਬੰਗਾ)
0039 3203459870

ਜਬਰ ਜੁਲਮ ਕਰਕੇ ਲੁੱਟਣ ਤੇ ਕੁੱਟਣ ਵਾਲੇ ਨਿਰਦਈ ਹਾਕਮਾਂ ਦਾ ਅੰਤ ਹੋ ਗਿਆ ਹੈ ਅਤੇ ਹੁਣ ਜਲਦੀ ਹੀ ਸਾਡਾ ਜੀਵਨ ਪੱਧਰ ਖੁਸ਼ਹਾਲੀ ਭਰੇ ਬੇਹਤਰੀਨ ਭਵਿੱਖ ਵੱਲ ਵਧੇਗਾ। ਪਰ ਜਿਵੇਂ ਕਿ ਸ਼ਹੀਦ ਭਗਤ ਸਿੰਘ ਤੇ ਹੋਰ ਅਜਾਦੀ ਪ੍ਰਵਾਨਿਆਂ ਨੇ ਇਹ ਫਿਕਰਮੰਦੀ ਬੜੀ ਗੰਭੀਰਤਾ ਨਾਲ ਜਾਹਰ ਕੀਤੀ ਸੀ ਗੋਰੇ ਹਾਕਮ ਤਾਂ ਲੋਕਾਂ ਦੇ ਵਿਰੋਧ ਨੂੰ ਦੇਖਦੇ ਹੋਏ ਵਾਪਸ ਚਲੇ ਹੀ ਜਾਣਗੇ ਪਰ ਗੋਰਿਆਂ ਦੀ ਜਗ੍ਹਾ ਉਨ੍ਹਾਂ ਦੇ ਝੋਲੀਚੁੱਕ ਕਾਲੇ ਪੂੰਜੀਵਾਦੀ ਰਾਜਸੱਤਾ ਤੇ ਕਾਬਜ਼ ਹੋ ਜਾਣਗੇ ਜਿਹੜੇ ਉਸੇ ਸਾਮਰਾਜੀ ਨੀਤੀਆਂ ਨੂੰ ਕਾਇਮ ਰੱਖਦਿਆਂ ਕਿਰਤੀਆਂ ਦੀ ਲੁੱਟ ਕਰਦੇ ਰਹਿਣਗੇ। ਸੋ ਪੂਰਨ ਅਜਾਦੀ (ਜੋ ਕਿ ਇਨਕਲਾਬੀ - ਸਮਾਜਵਾਦੀ ਢਾਂਚੇ ਰਾਹੀਂ ਹੀ ਸੰਭਵ ਹੋ ਸਕਦੀ ਹੈ) ਦੀ ਪ੍ਰਾਪਤੀ ਵਾਸਤੇ ਹਰ ਹਾਲ ਵਿੱਚ ਸੰਘਰਸ਼ ਜਾਰੀ ਰੱਖਣਾ ਪਵੇਗਾ। ਇਸ ਲੁੱਟ - ਖਸੁੱਟ ਦੇ ਢਾਂਚੇ ਨੂੰ ਬਦਲਣ ਲਈ ਲੋਕਾਂ ਨੇ ਹੁਣ ਤੱਕ ਬਹੁਤ ਸਾਰੇ ਉਪਰਾਲੇ ਤੇ ਤਜਰਬੇ ਕੀਤੇ ਜਿਵੇਂ 1977 ਵਿੱਚ ਕਾਂਗਰਸ ਦੇ ਬਦਲ ਵਜੋਂ ਜਨਤਾ ਪਾਰਟੀ ਫਿਰ ਜਨਤਾ ਦਲ ਦੀ ਵੀ ਪੀ ਸਿੰਘ, ਦੇਵਗੌੜਾ, ਇੰਦਰ ਗੁਜਰਾਲ ਤੇ ਚੰਦਰ ਸ਼ੇਖਰ ਦੀਆਂ ਸਰਕਾਰਾਂ ਫਿਰ ਭਾਜਪਾ ਦੀ ਅਟਲ ਬਿਹਾਰੀ ਫਿਰ 10 ਸਾਲ ਕਾਂਗਰਸ ਦੀ ਮਨਮੋਹਨ ਸਿੰਘ ਸਰਕਾਰ ਦੀਆਂ ਲੋਕ ਮਾਰੂ ਆਰਥਿਕ ਨੀਤੀਆਂ ਅਤੇ ਮਹਿੰਗਾਈ ਤੋਂ ਅੱਕ ਕੇ 2014 "ਚ ਭਾਜਪਾ ਆਗੂਆਂ ਦੇ ਝੂਠੇ ਜੁਮਲਿਆਂ ਅਤੇ ਮੰਦਿਰ-ਮਸਜਿਦ ਜਹੇ ਫਿਰਕੂ ਨਾਹਰਿਆਂ ਦੇ ਗੁਮਰਾਹਕੁੰਨ ਪ੍ਰਚਾਰ ਵਿਚ ਘਿਰੇ ਲੋਕਾਂ ਨੇ ਨਰਿੰਦਰ ਮੋਦੀ ਦੀ ਅਗਵਾਈ ਵਿਚ ਐਨ ਡੀ ਏ



ਠੱਗਜੋੜ ਨੂੰ ਮੌਕਾ ਦਿੱਤਾ ਜਿਨ੍ਹਾਂ ਨੇ ਲੋਕਤੰਤਰ ਨੂੰ ਛਿੱਕੇ ਟੰਗ ਕੇ ਆਪਣੇ ਪੂੰਜੀਵਾਦੀ ਮਿੱਤਰਾਂ ਦੀ ਮਦਦ ਨਾਲ ਹਿੱਟਲਰਸ਼ਾਹੀ ਚਾਲਾਂ ਰਾਹੀਂ ਆਪਣੇ ਵਿਰੋਧੀ ਪਾਰਟੀਆਂ ਖਾਸ ਤੌਰ ਤੇ ਕਾਂਗਰਸ ਅਤੇ ਕਮਿਊਨਿਸਟ ਪਾਰਟੀਆਂ ਨੂੰ ਖ਼ਤਮ ਕਰਨ ਦੀ ਗੰਦਲੀ ਰਾਜਨੀਤੀ ਖੇਡਦੇ ਹੋਏ ਸਵਿੰਧਾਨਕ ਸੰਸਥਾਵਾਂ ਤੇ ਦਬਾਅ ਬਣਾ ਕੇ ਗੈਰ-ਸਵਿੰਧਾਨਕ ਮਨਮਰਜ਼ੀਆਂ ਚਲਾ ਕੇ ਲੋਕਤੰਤਰ ਦਾ ਘਾਣ ਕੀਤਾ ਜਾ ਰਿਹਾ ਹੈ। ਭਾਜਪਾ ਸਰਕਾਰ ਦੇ ਵਧ ਰਹੇ ਜਬਰ ਜੁਲਮ ਤੇ ਲੁੱਟ-ਖਸੁੱਟ ਦੇ ਪੂੰਜੀਵਾਦੀ ਰਾਜ ਦੇ ਵਿਰੋਧ ਵਿੱਚ ਹੁਣ ਲੋਕ ਉੱਠਣੇ ਸ਼ੁਰੂ ਹੋ ਰਹੇ ਹਨ ਜਿਸ ਦਾ ਸਬੂਤ ਇਕ ਸਾਲ ਚੱਲੇ ਮਜਬੂਤ "ਕਿਸਾਨ ਮਜਦੂਰ ਅੰਦੋਲਨ" ਅਤੇ ਬੰਗਾਲ, ਤਾਮਿਲਨਾਡੂ, ਕੇਰਲਾ, ਰਾਜਸਥਾਨ, ਯੂਪੀ ਅਤੇ ਪੰਜਾਬ ਆਦਿ ਅਸੰਬਲੀ ਚੋਣਾਂ ਵਿੱਚ ਭਾਜਪਾ ਦੀ ਸ਼ਕਤੀ ਦਾ ਕਮਜ਼ੋਰ ਹੋਣਾ ਸਭ ਦੇ ਸਾਹਮਣੇ ਹੈ। ਪੰਜਾਬ ਅੰਦਰ ਭਾਵੇਂ ਇਸ ਵਾਰ ਲੋਕਾਂ ਨੇ ਹੁਣ ਤੱਕ ਵਾਰੀ-ਵਾਰੀ ਰਾਜ ਕਰਦੀਆਂ ਆ ਰਹੀਆਂ ਦੋਵੇਂ ਮੁੱਖ ਧਿਰਾਂ ਕਾਂਗਰਸ ਅਤੇ ਅਕਾਲੀ ਭਾਜਪਾ ਨੂੰ ਸਿਰੇ ਤੋਂ ਨਕਾਰਦਿਆਂ ਨਵੀਆਂ ਉਮੀਦਾਂ ਲੈ ਕੇ ਆਈ ਆਮ ਆਦਮੀ ਪਾਰਟੀ ਨੂੰ ਪਹਿਲੀ ਵਾਰ ਐਨੇ ਭਾਰੀ ਬਹੁਮਤ ਨਾਲ ਨਿਵਾਜਿਆ ਹੈ ਅਤੇ ਲੋਕਾਂ ਨੇ ਉਮੀਦ ਜਤਾਈ ਹੈ ਕਿ ਇਨਕਲਾਬ ਦਾ ਨਾਹਰਾ ਲਾਉਣ ਵਾਲੇ ਭਗਵੰਤ ਮਾਨ ਤੇ ਕੇਜਰੀਵਾਲ ਹੀ ਸ਼ਾਇਦ ਸ਼ਹੀਦ ਭਗਤ ਸਿੰਘ ਤੇ ਹੋਰ ਅਜਾਦੀ ਘੁਲਾਟੀਆਂ ਦੀ ਵਿਚਾਰਧਾਰਾ ਵਾਲਾ ਇਨਕਲਾਬੀ ਰਾਜ ਸਥਾਪਿਤ ਕਰਨਗੇ ਪਰ "ਕਾਸ਼ ਇਹ ਸੱਚ ਹੋ ਸਕਦਾ" ਜਿਸ ਦੀ ਸੰਭਾਵਨਾ ਬਹੁਤ ਘੱਟ ਹੈ ਕਿਉਂਕਿ ਜੇਕਰ ਸਾਡੇ ਭੋਲੇ-ਭਾਲੇ ਲੋਕ ਖੁਦ ਸ਼ਹੀਦ ਭਗਤ ਸਿੰਘ ਹੁਣਾ ਦੀ ਸਮਾਜਵਾਦੀ ਵਿਚਾਰਧਾਰਾ ਤੇ ਉਨ੍ਹਾਂ ਦੀਆਂ ਹੱਥ ਲਿਖਤਾਂ ਨੂੰ ਪੜ੍ਹ ਕੇ ਪੜਚੋਲ ਕਰਨ ਅਤੇ ਉਸ ਦਾ ਇਸ ਮੌਕਾਪ੍ਰਸਤ ਕੇਜਰੀਵਾਲ ਤੇ ਉਸ ਦੀ ਪਾਰਟੀ ਦੀ ਵਿਚਾਰਧਾਰਾ ਨਾਲ ਨਾਪ ਤੋਲ ਕਰਨ ਤਾਂ ਜਮੀਨ ਅਸਮਾਨ ਦਾ ਫਰਕ ਸਾਫ ਨਜ਼ਰ ਆ ਜਾਵੇਗਾ। ਆਪ ਸੁਪ੍ਰੀਮੋ ਕੇਜਰੀਵਾਲ ਚੋਣਾਂ ਜਿੱਤਣ ਲਈ ਕਿਤੇ ਹਨੂੰਮਾਨ ਚਾਲੀਸਾ ਪੜ੍ਹਦਾ ਦਿਖੇਗਾ , ਕਿਤੇ ਹਿੰਦੂ ਖਤਰੇ ਵਿੱਚ ਆਖੇਗਾ, ਕਿਤੇ ਸਿੱਖਾਂ ਦੀ ਗੱਲ ਕਰੇਗਾ, ਕਦੇ ਕਿਸਾਨ ਵਿਰੋਧੀ ਕਾਨੂੰਨਾਂ ਨੂੰ ਲਾਗੂ ਕਰੇਗਾ ਤੇ ਕਦੇ ਵਿਰੋਧ ਦਾ ਡਰਾਮਾ, ਕਦੇ ਜੰਮੂ ਕਸ਼ਮੀਰ ਦੇ ਵੱਧ ਅਧਿਕਾਰ ਖੋਹਣ, ਧਾਰਾ 370 ਖਤਮ ਕਰਨ ਤੇ ਮੋਦੀ ਦੀ ਹਮਾਇਤ ਕਰੇਗਾ ਅਤੇ ਦਿੱਲੀ ਲਈ ਵੱਧ ਅਧਿਕਾਰਾਂ ਦੀ ਮੰਗ ਕਰੇਗਾ। ਨਾਗਰਿਕਤਾ ਕਾਨੂੰਨਾਂ "ਚ ਮੋਦੀ ਦੇ ਹੱਕ" ਚ ਖੜੇਗਾ, ਕਦੇ ਨਸ਼ਾ ਤਸਕਰਾਂ ਨੂੰ ਫਾਹੇ ਲਾਉਣ ਦੀ ਗੱਲ ਕਰੇਗਾ ਅਤੇ ਫਿਰ ਮਜੀਠੀਆ ਤੋਂ ਮੁਆਫ਼ੀ ਮੰਗਦਾ ਨਜ਼ਰ ਆਵੇਗਾ। ਲੋਕਤੰਤਰ ਦੀ ਗੱਲ ਕਰੇਗਾ ਪਰ ਪਾਰਟੀ ਦੀ ਪਾਵਰ ਸਿਰਫ ਖੁਦ ਕੋਲ ਹੀ ਰੱਖੇਗਾ। ਇਸ ਕਰਕੇ ਭਾਜਪਾ, ਕਾਂਗਰਸ ਤੇ ਆਪ ਦੀਆਂ ਨੀਤੀਆਂ "ਚ ਕੋਈ ਵੱਡਾ ਅੰਤਰ ਨਹੀਂ ਹੈ। ਹੈ ਕੋਈ ਸ਼ਹੀਦ ਭਗਤ ਸਿੰਘ ਦੀ ਵਿਚਾਰਧਾਰਾ ਨਾਲ ਇਸ ਦਾ ਮੇਲ ਜਿਸ ਨੇ ਕਿਹਾ ਸੀ ਕਿ "ਜਿੰਦਗੀ ਅਸੂਲਾਂ ਤੋਂ ਪਿਆਰੀ ਨਹੀਂ " ਫਿਰ ਇਹ ਆਪ ਵਾਲੇ ਤਾਂ "ਇਨਕਲਾਬ ਜਿੰਦਾਬਾਦ" ਦਾ ਨਾਹਰਾ ਵੀ ਅਧੂਰਾ ਹੀ ਲਗਾਉਂਦੇ ਹਨ ਜਦਕਿ ਸ਼ਹੀਦ ਭਗਤ ਸਿੰਘ ਹੋਰਾਂ ਨੇ ਤਾਂ ਹਮੇਸ਼ਾ "ਇਨਕਲਾਬ ਜਿੰਦਾਬਾਦ - ਸਾਮਰਾਜਵਾਦ ਮੁਰਦਾਬਾਦ" ਨਾਹਰਾ ਲਗਾਇਆ ਸੀ।

ਪਰ ਇਹ ਪੂੰਜੀਵਾਦੀ ਪਾਰਟੀਆਂ ਕਦੇ ਵੀ ਆਪਣੇ ਆਕਾ ਦੇ ਖਿਲਾਫ "ਸਾਮਰਾਜ ਮੁਰਦਾਬਾਦ" ਨਹੀਂ ਕਹਿਣਗੀਆਂ ਕਿਉਂਕਿ ਉਹ ਪੂੰਜੀਵਾਦੀ - ਸਾਮਰਾਜੀ ਆਪਣੀ ਲੁੱਟ ਦੀ ਕਮਾਈ ਚੋਂ ਮੋਟੀ ਮਲਾਈ ਇਨ੍ਹਾਂ ਪਾਰਟੀਆਂ ਨੂੰ ਵੀ ਖਾਣ ਲਈ ਦਿੰਦੇ ਹਨ। ਇਨ੍ਹਾਂ ਦਾ ਵਿਰੋਧ ਕਰਨ ਦੀ ਹਿੰਮਤ ਸਿਰਫ਼ ਖੱਬੇ ਪੱਖੀਆਂ ਤੋਂ ਬਿਨਾਂ ਹੋਰ ਕੋਈ ਨਹੀਂ ਕਰ ਸਕਦਾ ਅਤੇ ਸ਼ਹੀਦਾਂ ਦੀ ਸੋਚ ਵਾਲਾ ਅਸਲ ਠੋਸ ਸਮਾਜਵਾਦੀ ਬਦਲ ਵੀ ਖੱਬੇ ਪੱਖੀ ਹੀ ਪੇਸ਼ ਕਰ ਸਕਦੇ ਹਨ ਪਰ ਉਨ੍ਹਾਂ ਨੂੰ ਸਮੇਂ ਦੀ ਅਵਾਜ ਸੁਣਦੇ ਹੋਏ ਪਹਿਲ ਦੇ ਆਧਾਰ ਤੇ ਕਮਿਊਨਿਸਟ ਪਾਰਟੀਆਂ ਦਾ ਏਕੀਕਰਣ ਕਰਦੇ ਹੋਏ ਸੰਗਠਨ ਦੀ ਮਜਬੂਤੀ ਲਈ ਕਾਰਜਸ਼ੈਲੀ ਨੂੰ ਸਮਾਂ ਅਨੁਕੂਲ ਕਰਦੇ ਹੋਏ ਆਪਣੇ ਕੰਮ ਢੰਗ ਵਿੱਚ ਸਿਫਤੀ ਤਬਦੀਲੀ ਅਤੇ ਤੇਜੀ ਲਿਆਉਣ ਦੀ ਬਹੁਤ ਵੱਡੀ ਤੇ ਅਹਿਮ ਲੋੜ ਹੈ।

# ਪੰਜਾਬੀ ਗਾਇਕੀ ਦੇ ਬਾਬਾ ਬੋਹੜ ਲਾਲ ਚੰਦ ਯਮਲਾ ਜੱਟ

ਲਾਲ ਚੰਦ ਯਮਲਾ ਜੱਟ ਦਾ ਜਨਮ ਮਾਤਾ ਹਰਨਾਮ ਕੌਰ ਦੀ ਕੁੱਖੋਂ ਪਿਤਾ ਸ੍ਰੀ ਖੇੜਾ ਰਾਮ ਦੇ ਘਰ ਬਾਬਾ ਸ੍ਰੀ ਝੰਡਾ ਰਾਮ ਬਦਵਾਲ ਦੇ ਵਿਹੜੇ 28 ਮਾਰਚ 1906 ਨੂੰ ਪਿੰਡ ਚੱਕ ਨੰ: 384 ਈਸਪੁਰ ਤਹਿਸੀਲ ਟੋਬਾ ਟੇਕ ਸਿੰਘ, ਜ਼ਿਲ੍ਹਾ ਲਾਇਲਪੁਰ (ਪਾਕਿਸਤਾਨ) ਵਿੱਚ ਹੋਇਆ। ਆਪ ਜੀ ਦੇ ਪਿਤਾ ਰਾਸਧਾਰੀਆ

ਦਰਸ਼ਨ ਸਿੰਘ ਪ੍ਰੀਤੀਮਾਨ

ਦੀ ਮੰਡਲੀ ਨਾਲ ਰਹਿੰਦੇ ਸਨ ਤੇ ਇਨ੍ਹਾਂ ਦੇ ਬਾਬਾ ਜੀ ਵੰਝਲੀ ਦੇ ਬਹੁਤ ਮਾਹਿਰ ਸਨ। 1919 ’ਚ ਛੋਟੀ ਉਮਰੇ ਪਿਤਾ ਦਾ ਸਾਇਆ ਸਿਰੋਂ ਉੱਠ ਜਾਣ ਕਾਰਨ ਕਬੀਲਦਾਰੀ ਦਾ ਬੋਝ ਆਪ ਦੇ ਸਿਰ ’ਤੇ ਆ ਪਿਆ।

1947 ’ਚ ਦੇਸ਼ ਦੀ ਵੰਡ ਤੋਂ ਬਾਅਦ ਉਹ ਲੁਧਿਆਣੇ ਆ ਕੇ ਵਸ ਗਏ। ਉਨ੍ਹਾਂ ਨੂੰ ਕਵੀ ਨਰਾਇਣ ਸਿੰਘ ਦਰਦੀ ਦੇ ਘਰ ਮਾਲੀ ਦੀ ਨੌਕਰੀ ਵੀ ਕਰਨੀ ਪਈ ਤੇ ਬਾਜ਼ਾਰ ਵਿਚ ਖਲੋ ਕੇ ਫੁੱਲਾਂ ਦੇ ਹਾਰ ਵੀ ਵੇਚਣੇ ਪਏ। ਉਨ੍ਹਾਂ ਦੀ ਹਮਸਫ਼ਰ ਬੀਬੀ ਰਾਮਰੱਖੀ ਬਣੀ ਤੇ ਉਨ੍ਹਾਂ ਦੇ ਘਰ ਪੰਜ ਪੁੱਤਰਾਂ ਤੇ ਦੋ ਧੀਆਂ ਨੇ ਜਨਮ ਲਿਆ। ਉਹ ਸਿਰਫ਼ 9 ਕੁ ਸਾਲ ਦੀ ਉਮਰ ’ਚ ਹੀ ਗਾਇਕੀ ਵੱਲ ਖਿੱਚੇ ਗਏ। ਉਨ੍ਹਾਂ ਨੇ ‘ਆਸੀ ਜੀ’ ਨੂੰ ਉਸਤਾਦ ਧਾਰਿਆ। ਸਾਰੰਗੀ, ਢੋਲਕ ਤੇ ਦੋ ਤਾਰਾ ਵਜਾਉਣ ’ਚ ਮੁਹਾਰਤ ਰੱਖਣ ਵਾਲੇ ਨੇ ਪਿੱਛੋਂ ਪੱਕੇ ਰਾਗਾਂ ਦੀ ਸਿੱਖਿਆ ਹਾਸਲ ਕਰਨ ਲਈ ਚੌਧਰੀ ਮਜੀਦ ਦਾ ਲੜ ਫੜ ਲਿਆ। ਛੋਟੀ ਉਮਰੇ ਸਿਰਫ਼ 17 ਕੁ ਸਾਲ ਦੀ ਉਮਰ ਵਿਚ ਹੀ ਉਨ੍ਹਾਂ ਨੇ ਪੰਡਤ ਸਾਹਿਬ ਦਿਆਲ ਤੋਂ ਵੰਝਲੀ, ਅਲਗੋਜ਼ੇ, ਸਾਰੰਗੀ, ਦੋ ਤਾਰਾ ਤੇ ਇਕ ਤਾਰਾ ਵਜਾਉਣੇ ਸਿੱਖੇ। ਢੋਲਕ, ਮਦਰੰਗ ਤੇ ਤੌੜਿਆਂ ਦੇ ਵੀ ਮਾਹਰ ਬਣੇ। ਉਨ੍ਹਾਂ ਨੇ ਸਮੇਂ ਦੀ ਜ਼ਰੂਰਤ ਨੂੰ ਮੁੱਖ ਰੱਖ ਕੇ ਤੂੰਬੀ ਦੀ ਕਾਢ ਕੱਢੀ। ਪਹਿਲਾਂ ਤੂੰਬੀ ਪਿੱਤਲ ਦੀ ਕੌਲੀ ਤੋਂ ਬਣਾਈ, ਜੋ ਵੱਡੇ ਤੂੰਬੇ ਦਾ ਹੀ ਰੂਪ ਸੀ। ਫਿਰ ਤੂੰਬੀ ਵਜਾਉਣ ’ਚ ਐਨੀ ਮੁਹਾਰਤ ਹਾਸਲ ਕੀਤੀ ਕਿ ਤੂੰਬੀ ਦੀ ਇਕ ਤਾਰ ਉੱਤੇ ਸੱਤੇ ਸੁਰਾਂ ਜਗਾ ਦਿੰਦੇ ਸਨ। ਉਨ੍ਹਾਂ ਨੇ 1950 ਵਿਚ ਪਹਿਲੀ ਵਾਰ ਗੀਤ ਰਿਕਾਰਡ ਕਰਵਾਏ।

ਉਨ੍ਹਾਂ ਨੇ ਬੀਬੀ ਮਹਿੰਦਰਜੀਤ ਕੌਰ ਸੇਖੋਂ ਨਾਲ ਦੋਗਾਣੇ ਵੀ ਗਾਏ। ਉਹ ਕੈਨੇਡਾ, ਇੰਗਲੈਂਡ ਵੀ ਜਾ ਆਏ। ਉਨ੍ਹਾਂ ਨੂੰ ਸੰਗੀਤ ਨਾਟਕ ਅਕਾਦਮੀ ਵੱਲੋਂ 1989 ’ਚ ਕੌਮੀ ਪੁਰਸਕਾਰ ਨਾਲ ਨਿਵਾਜ਼ਿਆ ਗਿਆ। ਡਾ। ਰਜਿੰਦਰ ਪ੍ਰਸਾਦ, ਗਿਆਨੀ ਜ਼ੈਲ ਸਿੰਘ, ਪੰਡਤ ਜਵਾਹਰ ਲਾਲ



ਨਹਿਰੂ ਤੇ ਵੈਂਕਟਾਰਮਨ ਵਰਗੀਆਂ ਅਨੇਕਾਂ ਵੱਡੀਆਂ ਹਸਤੀਆਂ ਹੱਥੋਂ ਪ੍ਰਸ਼ੰਸਾ ਪੱਤਰ ਹਾਸਲ ਕੀਤੇ। ਆਪਣੇ ਸਮੇਂ ’ਚ ਉਨ੍ਹਾਂ ਦੀ ਚਾਰੇ ਪਾਸੇ ਧੁੰਮ ਪੈਂਦੀ ਸੀ।

ਉਨ੍ਹਾਂ ਦਾ ਜਿੱਥੇ ਵੀ ਅਖਾੜਾ ਲੱਗਣਾ ਹੁੰਦਾ, ਲੋਕ ਸੁਣਨ ਲਈ ਉਤਾਵਲੇ ਹੁੰਦੇ ਤੇ ਵਹੀਰਾਂ ਘੱਤ ਕੇ ਅਖਾੜਾ ਵੇਖਣ ਲਈ ਪਹੁੰਚਦੇ। ਉਨ੍ਹਾਂ ਦੀ ਮਿੱਠੜੀ ਰਸੀਲੀ ਆਵਾਜ਼ ਕੰਨ ਵਿਚ ਪੈਂਦੀ ਤਾਂ ਸਰੋਤੇ ਸੁੱਸਰੀ ਵਾਂਗ ਸੌਂ ਜਾਂਦੇ।

ਉਨ੍ਹਾਂ ਦੇ ਬਹੁਤ ਸਾਰੇ ਗੀਤ ਮਕਬੂਲ ਹੋਏ, ਜੋ ਸਦੀਵੀ ਰੂਪ ਧਾਰ ਗਏ ਜਿਵੇਂ ‘ਦੱਸ ਮੈਂ ਕੀ ਪਿਆਰ ਵਿੱਚੋਂ ਖੱਟਿਆ’, ‘ਸਤਿਗੁਰੂ ਨਾਨਕ ਤੇਰੀ ਲੀਲਾ ਨਿਆਰੀ ਐ’, ‘ਜੱਗ ਦਿਆ ਚਾਨਣਾ ਮੁੱਖ ਨਾ ਲੁਕਾ ਵੇ’, ‘ਨਾਮ ਸਾਂਈ ਦਾ ਬੋਲ’, ‘ਜਗਤੇ ਨੂੰ ਛੱਡ ਕੇ’, ‘ਚਿੱਟਾ ਹੋ ਗਿਆ ਲਹੂ ਭਰਾਵੋਂ”, ‘ਆਰ ਟਾਗਾਂ-ਪਾਰ ਟਾਗਾਂ’, ‘ਰਾਣੀ ਇੱਛਰਾਂ’ ਆਦਿ। ਮਾਂ- ਬੋਲੀ ਦਾ ਹੀਰਾ ਗਾਇਕ ਲਾਲ ਚੰਦ ਯਮਲਾ ਜੱਟ 20 ਦਸੰਬਰ 1991 ਨੂੰ ਰੱਬ ਨੂੰ ਪਿਆਰਾ ਹੋ ਗਿਆ। ਭਾਵੇ ਇਹ ਯੁੱਗ ਗਾਇਕ ਅੱਜ ਸਾਡੇ ਵਿਚਕਾਰ ਤਾਂ ਨਹੀਂ ਰਿਹਾ ਪਰ ਇਨ੍ਹਾਂ ਦੀ ਪਿਆਰੀ ਵਜ਼ਨਦਾਰ ਲਿਖਤ (ਗੀਤਕਾਰੀ ) ਤੇ ਮਿੱਠੜੀ ਆਵਾਜ਼ ਵਿਚ ਰਿਕਾਰਡ ਕਰਵਾਏ ਗੀਤ ਹਮੇਸ਼ਾਂ ਉਨ੍ਹਾਂ ਨੂੰ ਅਮਰ ਰੱਖਣਗੇ। ਉਨ੍ਹਾਂ ਦੀ ਜ਼ਿੰਦਗੀ ਤੇ ਗਾਇਕੀ ਤੋਂ ਅਜੋਕੇ ਗਾਇਕਾਂ ਤੇ ਗੀਤਕਾਰਾਂ ਨੂੰ ਵੀ ਸੇਧ ਲੈਣ ਦੀ ਲੋੜ ਹੈ।

# ਸ਼੍ਰੀਲੰਕਾ ਸੰਕਟ ਦੇ ਵਿਚਕਾਰ ਰਾਸ਼ਟਰਪਤੀ ਗੋਟਾਬਾਯਾ ਨੇ ਬਦਲੇ ਵਿਦੇਸ਼ ਤੇ ਵਿੱਤ ਮੰਤਰੀ

**ਕੋਲੰਬੋ** – ਸ਼੍ਰੀਲੰਕਾ ਵਿੱਚ ਚੱਲ ਰਹੇ ਹਫੜਾ-ਦਫੜੀ ਅਤੇ ਵਿਰੋਧ ਪ੍ਰਦਰਸ਼ਨਾਂ ਦੇ ਵਿਚਕਾਰ ਰਾਸ਼ਟਰਪਤੀ ਗੋਟਾਬਾਯਾ ਨੇ ਸੋਮਵਾਰ ਨੂੰ ਦੇਸ਼ ਲਈ ਨਵੇਂ ਵਿਦੇਸ਼ ਮੰਤਰੀ ਅਤੇ ਵਿੱਤ ਮੰਤਰੀ ਦੀ ਚੋਣ ਕੀਤੀ। ਉਨ੍ਹਾਂ ਨੇ ਜੀਐਲ ਪੈਰਿਸ ਨੂੰ ਸ਼੍ਰੀਲੰਕਾ ਦਾ ਨਵਾਂ ਵਿਦੇਸ਼ ਮੰਤਰੀ ਅਤੇ ਅਲੀ ਸਾਬਰੀ ਨੂੰ ਨਵਾਂ ਵਿੱਤ ਮੰਤਰੀ ਨਿਯੁਕਤ ਕੀਤਾ ਹੈ। ਸ਼੍ਰੀਲੰਕਾ ‘ਚ ਸ਼ਨੀਵਾਰ ਨੂੰ 36 ਘੰਟੇ ਦਾ ਕਰਫਿਊ ਲਗਾਇਆ ਗਿਆ ਸੀ, ਜਿਸ ਨੂੰ ਸੋਮਵਾਰ ਸਵੇਰੇ ਹਟਾ ਲਿਆ ਗਿਆ ਪਰ ਦੇਸ਼ ‘ਚ ਅਜੇ ਵੀ ਐਮਰਜੈਂਸੀ ਦੀ ਸਥਿਤੀ ਬਣੀ ਹੋਈ ਹੈ।

ਇਸ ਸਿਲਸਿਲੇ ਵਿੱਚ ਦੇਸ਼ ਭਰ ਵਿੱਚ ਅਸਤੀਫ਼ਿਆਂ ਦਾ ਦੌਰ ਚੱਲ ਰਿਹਾ ਹੈ। ਕੈਬਨਿਟ ਤੋਂ ਬਾਅਦ ਹੁਣ ਸ਼੍ਰੀਲੰਕਾ ਦੇ ਸੈਂਟਰਲ ਬੈਂਕ ਦੇ ਗਵਰਨਰ ਨੇ ਵੀ ਆਪਣੇ ਅਹੁਦੇ ਤੋਂ ਅਸਤੀਫਾ ਦੇਣ ਦਾ ਐਲਾਨ ਕਰ ਦਿੱਤਾ ਹੈ। ਸ਼੍ਰੀਲੰਕਾ ਦੇ ਰਾਸ਼ਟਰਪਤੀ ਗੋਟਾਬਾਯਾ ਰਾਜਪਕਸ਼ੇ ਨੇ ਆਪਣੇ ਭਰਾ ਅਤੇ ਵਿੱਤ ਮੰਤਰੀ ਬਾਸਿਲ ਰਾਜਪਕਸ਼ੇ ਨੂੰ ਉਨ੍ਹਾਂ ਦੇ ਅਹੁਦੇ ਤੋਂ ਹਟਾ ਦਿੱਤਾ ਹੈ।

ਜ਼ਿਕਰਯੋਗ ਹੈ ਕਿ ਸ਼੍ਰੀਲੰਕਾ ਦੇ 26 ਮੈਂਬਰੀ ਮੰਤਰੀ ਮੰਡਲ ਨੇ ਆਪਣਾ ਅਸਤੀਫਾ ਸੌਂਪ ਦਿੱਤਾ ਹੈ ਪਰ ਪ੍ਰਧਾਨ ਮੰਤਰੀ ਮਹਿੰਦਾ ਰਾਜਪਕਸ਼ੇ ਦਾ ਨਾਂ ਇਸ ਵਿੱਚ ਸ਼ਾਮਲ ਨਹੀਂ ਹੈ।



ਸ਼੍ਰੀਲੰਕਾ ਦੇ ਪ੍ਰਧਾਨ ਮੰਤਰੀ ਮਹਿੰਦਾ ਰਾਜਪਕਸ਼ੇ ਦੇ ਪੁੱਤਰ ਅਤੇ ਖੇਡ ਅਤੇ ਯੁਵਾ ਮਾਮਲਿਆਂ ਦੇ ਮੰਤਰੀ ਨਮਲ ਰਾਜਪਕਸ਼ੇ ਨੇ ਵੀ ਆਪਣੇ ਸਾਰੇ ਵਿਭਾਗਾਂ ਤੋਂ ਅਸਤੀਫਾ ਦੇ ਦਿੱਤਾ ਹੈ। ਨਮਲ ਰਾਜਪਕਸ਼ੇ ਨੇ ਆਪਣੇ ਟਵੀਟ ‘ਚ ਕਿਹਾ, ‘ਮੈਂ ਇਸ ਬਾਰੇ ਰਾਸ਼ਟਰਪਤੀ ਦੇ ਸਕੱਤਰ ਨੂੰ ਸੂਚਿਤ ਕਰ ਦਿੱਤਾ ਹੈ।’ ਸ਼੍ਰੀਲੰਕਾ ਆਪਣੇ ਸਭ ਤੋਂ ਭੈੜੇ ਆਰਥਿਕ ਸੰਕਟ ਨਾਲ ਜੂਝ ਰਿਹਾ ਹੈ ਅਤੇ ਰਾਜਧਾਨੀ ਕੋਲੰਬੋ ਸਮੇਤ ਵੱਖ-ਵੱਖ ਸ਼ਹਿਰਾਂ ‘ਚ ਲੋਕ ਸਰਕਾਰ ਦੀਆਂ ਨੀਤੀਆਂ ਖਿਲਾਫ ਪ੍ਰਦਰਸ਼ਨ ਕਰ ਰਹੇ ਹਨ। ਦਹਾਕਿਆਂ ਬਾਅਦ ਦੇਸ਼ ਦੇ ਲੋਕ ਵਿਗੜ ਰਹੀ ਆਰਥਿਕ ਹਾਲਤ ਨੂੰ ਲੈ ਕੇ ਸਰਕਾਰ ਦੀਆਂ ਨੀਤੀਆਂ ਦਾ ਵਿਰੋਧ ਕਰ ਰਹੇ ਹਨ।

ਕੋਰੋਨਾ ਮਹਾਮਾਰੀ ਕਾਰਨ ਸ਼੍ਰੀਲੰਕਾ ਦਾ ਸੈਰ-ਸਪਾਟਾ ਬਹੁਤ ਪ੍ਰਭਾਵਿਤ ਹੋਇਆ ਸੀ ਤੇ ਇਸਦੀ ਆਰਥਿਕ ਪ੍ਰਣਾਲੀ ਢਹਿ-ਢੇਰੀ ਹੋ ਗਈ ਸੀ। ਇਸ ਸਮੇਂ ਸ਼੍ਰੀਲੰਕਾ ਨੂੰ ਵਿਦੇਸ਼ੀ ਫੰਡਾਂ ਦੀ ਘਾਟ ਦਾ ਸਾਹਮਣਾ ਕਰਨਾ ਪੈ ਰਿਹਾ ਹੈ, ਜਿਸ ਕਾਰਨ ਖਾਣ-ਪੀਣ ਦੀਆਂ ਵਸਤੂਆਂ, ਈਂਧਨ, ਬਿਜਲੀ ਅਤੇ ਗੈਸ ਦੀ ਭਾਰੀ ਕਮੀ ਹੈ। ਇਸ ਆਰਥਿਕ ਘਾਟ ਦਾ ਸਾਹਮਣਾ ਕਰ ਰਹੀ ਸ਼੍ਰੀਲੰਕਾ ਸਰਕਾਰ ਨੇ ਆਪਣੇ ਮਿੱਤਰ ਦੇਸ਼ਾਂ ਤੋਂ ਮਦਦ ਮੰਗੀ ਹੈ। ਸ਼੍ਰੀਲੰਕਾ ਦੇ ਰਾਸ਼ਟਰਪਤੀ ਗੋਟਾਬਾਯਾ ਰਾਜਪਕਸ਼ੇ ਨੇ 1 ਅਪ੍ਰੈਲ ਨੂੰ ਗਜ਼ਟ ਨੋਟੀਫਿਕੇਸ਼ਨ ਜਾਰੀ ਕੀਤਾ। ਇਸ ਦੇ ਤਹਿਤ ਦੇਸ਼ ‘ਚ ਐਮਰਜੈਂਸੀ ਲਗਾ ਦਿੱਤੀ ਗਈ ਸੀ। ਰਾਸ਼ਟਰਪਤੀ ਨੇ ਇਸ ਫੈਸਲੇ ਪਿੱਛੇ ਦੇਸ਼ ਦੇ ਲੋਕਾਂ ਦੀ ਸੁਰੱਖਿਆ ਦਾ ਹਵਾਲਾ ਦਿੱਤਾ ਸੀ।

# ਪੰਜਾਬ ਲਈ ਮੈਡਲ ਜਿੱਤਣ ਵਾਲੀਆਂ ਦਿਹਾੜੀਦਾਰ ਮਾਪਿਆਂ ਦੀਆਂ ਧੀਆਂ ਚੰਗੀ ਖ਼ੁਰਾਕ ਤੋਂ ਵਾਂਝੀਆਂ

**ਫਰੀਦਕੋਟ–**''ਜੇਕਰ ਅਸੀਂ ਦਾਲ ਨਾਲ ਸੁੱਕੀਆਂ ਰੋਟੀਆਂ ਖਾ ਕੇ ਸਟੇਟ ਐਵਾਰਡ ਜਿੱਤ ਸਕਦੀਆਂ ਹਾਂ ਅਤੇ ਨੈਸ਼ਨਲ ਵਿੱਚ ਪਹੁੰਚ ਸਕਦੀਆਂ ਹਾਂ ਤਾਂ ਫਿਰ ਅਸੀਂ ਚੰਗੀ ਖ਼ੁਰਾਕ ਖਾ ਕੇ ਕੌਮਾਂਤਰੀ ਖ਼ਿਤਾਬ ਕਿਉਂ ਨਹੀਂ ਜਿੱਤ ਸਕਦੀਆਂ?''

ਇਹ ਸ਼ਬਦ ਫ਼ਰੀਦਕੋਟ ਸ਼ਹਿਰ ਦੀਆਂ ਰਹਿਣ ਵਾਲੀਆਂ ਤਿੰਨ ਸਕੀਆਂ ਭੈਣਾਂ ਰਜਨੀ, ਅੰਜਲੀ ਅਤੇ ਰੀਮਾ ਦੇ ਹਨ, ਜਿਹੜੀਆਂ ਕੁਸ਼ਤੀ ਵਿੱਚ ਆਪਣਾ ਹੱਥ ਅਜ਼ਮਾ ਰਹੀਆਂ ਹਨ। ਰਜਨੀ ਨੈਸ਼ਨਲ ਪੱਧਰ ਉੱਪਰ ਖੇਡ ਕੇ ਦੋ ਵਾਰ ਸਿਲਵਰ ਮੈਡਲ ਜਿੱਤ ਚੁੱਕੀ ਹੈ ਜਦੋਂ ਕਿ ਅੰਜਲੀ ਸਟੇਟ



ਐਵਾਰਡ ਜਿੱਤ ਚੁੱਕੀ ਹੈ। ਵਾਜਬ ਖ਼ੁਰਾਕ ਦੀ ਕਮੀ ਇਨ੍ਹਾਂ ਹੋਣਹਾਰ ਖਿਡਾਰਨਾਂ ਦੇ ਦਿਲ ਦਾ ਦਰਦ ਬਣ ਚੁੱਕੀ ਹੈ। ਇੰਨਾ ਹੀ ਨਹੀਂ ਘਰ ਦੀ ਗ਼ਰੀਬੀ ਕਾਰਨ ਇਨ੍ਹਾਂ ਖਿਡਾਰਨਾਂ ਨੂੰ ਆਪਣੇ ਮਾਪਿਆਂ ਨਾਲ ਲੋਕਾਂ ਦੇ ਘਰਾਂ ਵਿੱਚ ਕੰਮ ਕਰਨ ਵੀ ਜਾਣਾ ਪੈਂਦਾ ਹੈ।

ਰਾਮ ਪ੍ਰਸਾਦ ਝਾਰਖੰਡ ਦੇ ਰਾਂਚੀ ਖੇਤਰ ਨਾਲ ਸਬੰਧਤ ਹਨ ਅਤੇ ਉਹ 1992 ਵਿੱਚ ਰੁਜ਼ਗਾਰ ਦੀ ਭਾਲ ਵਿਚ ਪੰਜਾਬ ਆਏ ਸਨ। ਉਹ ਫ਼ਰੀਦਕੋਟ ਵਿੱਚ ਰੰਗ ਰੋਗਨ ਦਾ ਕੰਮ ਕਰਦੇ ਹਨ ਅਤੇ ਉਨ੍ਹਾਂ ਦੀ ਪਤਨੀ ਗੀਤਾ ਲੋਕਾਂ ਦੇ ਘਰਾਂ ਵਿੱਚ ਕੱਪੜੇ ਧੋਣ, ਝਾੜੂ ਮਾਰਨ ਅਤੇ ਰੋਟੀ ਪਕਾਉਣ ਦਾ ਕੰਮ ਕਰਦੇ ਹਨ।ਰਾਮ ਪ੍ਰਸਾਦ ਅਤੇ ਗੀਤਾ 5 ਧੀਆਂ ਦੇ ਮਾਪੇ ਹਨ ਅਤੇ ਉਨ੍ਹਾਂ ਵਿਚੋਂ ਤਿੰਨ ਧੀਆਂ ਕੁਸ਼ਤੀ ਦੇ ਖੇਤਰ ਵਿੱਚ ਨਾਮ ਕਮਾ ਰਹੀਆਂ ਹਨ।

ਪਟਨਾ, ਮੇਰਠ ਅਤੇ ਸੋਨੀਪਤ ਵਿਚ ਨੈਸ਼ਨਲ ਪੱਧਰ ਉੱਪਰ ਕੁਸ਼ਤੀ ਲੜ ਚੁੱਕੀ ਰੀਮਾ ਕਹਿੰਦੀ ਹੈ, ''ਪੜ੍ਹਾਈ ਦੇ ਨਾਲ ਨਾਲ ਮੈਂ ਖੇਡਾਂ ਵਿੱਚ ਉਸ ਵੇਲੇ ਰੁਚੀ ਦਿਖਾਈ ਜਦੋਂ ਮੈਂ ਨੌਵੀਂ ਜਮਾਤ ਵਿੱਚ ਸੀ। ਮੈਂ ਕੁਸ਼ਤੀ ਨੂੰ ਆਪਣੇ ਕੈਰੀਅਰ ਵਜੋਂ ਚੁਣਿਆ ਅਤੇ ਮੈਂ ਕੌਮੀ ਪੱਧਰ ਦੀ ਕੁਸ਼ਤੀ ਮੁਕਾਬਲਿਆਂ ਵਿੱਚ ਪਹੁੰਚ ਗਈ।''

ਇਨ੍ਹਾਂ ਲੜਕੀਆਂ ਦੇ ਪਿਤਾ ਰਾਮ ਪ੍ਰਸ਼ਾਦ ਕਹਿੰਦੇ ਹਨ ਕਿ ਜਦੋਂ ਉਨ੍ਹਾਂ ਦੀਆਂ ਧੀਆਂ ਨੇ ਕੁਸ਼ਤੀ ਵਿਚ ਰੁਚੀ ਦਿਖਾਈ ਤਾਂ ਉਨ੍ਹਾਂ ਨੂੰ ਬਹੁਤ ਖ਼ੁਸ਼ੀ ਹੋਈ ਸੀ।

ਰਾਮ ਪ੍ਰਸਾਦ ਝਾਰਖੰਡ ਦੇ ਰਾਂਚੀ ਖੇਤਰ ਨਾਲ ਸਬੰਧਤ ਹਨ ਤੇ ਉਹ 1992 ਵਿੱਚ ਰੁਜ਼ਗਾਰ ਦੀ ਭਾਲ ਵਿਚ ਪੰਜਾਬ ਆਏ ਸਨ। ਉਹ ਕਹਿੰਦੇ ਹਨ, ''ਪੜ੍ਹਾਈ ਵੀ ਜ਼ਰੂਰੀ ਹੈ ਪਰ ਜੇਕਰ ਖੇਡਾਂ ਵਿਚ ਕੈਰੀਅਰ ਬਣ ਜਾਵੇ ਤਾਂ ਇਸ ਤੋਂ ਚੰਗੀ ਗੱਲ ਹੋਰ ਕੀ ਹੋ ਸਕਦੀ ਹੈ। ਮੈਂ ਅਤੇ ਮੇਰੀ ਪਤਨੀ ਨੇ ਦਿਹਾੜੀਆਂ ਕਰਕੇ ਆਪਣਾ ਪੇਟ ਭਰ ਲਿਆ ਪਰ ਮੈਂ ਨਹੀਂ ਚਾਹੁੰਦਾ ਕਿ ਮੇਰੀਆਂ ਧੀਆਂ ਦਿਹਾੜੀਦਾਰ ਬਣਨ।''

''ਮੇਰੀ ਰੰਗ ਰੋਗਨ ਦੀ ਕਮਾਈ ਨਾਲ ਮੇਰੇ ਘਰ ਦੋ ਡੰਗ ਦੀ ਰੋਟੀ ਦਾ ਗੁਜ਼ਾਰਾ ਚੱਲਦਾ ਹੈ ਪਰ ਧੀਆਂ ਨੂੰ ਚੰਗੀ ਖੁਰਾਕ ਦੇਣਾ ਮੇਰੇ ਵੱਸ ਦਾ ਰੋਗ ਨਹੀਂ ਹੈ। ਮੇਰੀ ਪਤਨੀ ਲੋਕਾਂ ਦੇ ਘਰਾਂ ਵਿੱਚ ਕੰਮ ਕਰਕੇ ਜਿਹੜੇ ਪੈਸੇ ਜੋੜਦੀ ਹੈ ਉਸ ਨਾਲ ਸਾਡੀ ਕੋਸ਼ਿਸ਼ ਰਹਿੰਦੀ ਹੈ ਕਿ ਕੁੜੀਆਂ ਨੂੰ ਖਾਣ ਲਈ ਕੁਝ ਚੰਗਾ ਲੈ ਕੇ ਦਿੱਤਾ ਜਾਵੇ। ਪਰ ਅਸਲ ਮਕਸਦ ਤਾਂ ਹੀ ਸਿੱਧ ਹੋ ਸਕਦਾ ਹੈ ਜੇਕਰ ਸਰਕਾਰ ਇਨ੍ਹਾਂ ਕੁੜੀਆਂ ਦੀ ਖੁਰਾਕ ਬਾਰੇ ਕੁਝ ਸੋਚੇ।

ਸਟੇਟ ਪੱਧਰ ਤੱਕ ਕੁਸ਼ਤੀ ਖੇਡ ਕੇ ਮੈਡਲ ਜਿੱਤ ਚੁੱਕੀ ਰਾਮ ਪ੍ਰਸਾਦ ਦੀ ਧੀ ਅੰਜਲੀ ਦਾ ਕਹਿਣਾ ਹੈ ਕਿ ਉਨ੍ਹਾਂ ਦੀ ਖੇਡ ਵਿੱਚ ਗ਼ਰੀਬੀ ਇੱਕ ਵੱਡਾ ਅੜਿੱਕਾ ਹੈ ਪਰ ਇਸ ਸਭ ਕੁਝ ਦੇ ਬਾਵਜੂਦ ਮਿਹਨਤ ਦਾ ਸਿਲਸਿਲਾ ਨੌਵੀਂ ਜਮਾਤ ਤੋਂ ਨਿਰੰਤਰ ਜਾਰੀ ਹੈ।

ਰਜਨੀ ਤੇ ਅੰਜਲੀ ਬਰਜਿੰਦਰਾ ਕਾਲਜ ਫ਼ਰੀਦਕੋਟ ਵਿੱਚ ਬੀਏ ਭਾਗ ਪਹਿਲਾ ਦੀਆਂ ਵਿਦਿਆਰਥਣਾਂ ਹਨ, ਜਦੋਂ ਕਿ ਉਨ੍ਹਾਂ ਦੀ ਛੋਟੀ ਭੈਣ ਰੀਮਾ ਦਸਵੀਂ ਵਿੱਚ ਪੜ੍ਹਦੀ ਹੈ।

ਆਪਣੀਆਂ ਧੀਆਂ ਦੀ ਸਫ਼ਲਤਾ ਦੀ ਗੱਲ ਕਰਦਿਆਂ ਗੀਤਾਂ ਦਾ ਮਨ ਭਰ ਆਉਂਦਾ ਹੈ। ਉਨ੍ਹਾਂ ਦੇ ਮਨ ਦੀ ਰੀਝ ਹੈ ਕਿ ਸਰਕਾਰ ਉਸ ਦੀਆਂ ਧੀਆਂ ਨੂੰ ਚੰਗੀ ਖ਼ੁਰਾਕ ਅਤੇ ਸਿਖਲਾਈ ਦੇਵੇ ਤਾਂ ਜੋ ਕੁੜੀਆਂ ਅੰਤਰਰਾਸ਼ਟਰੀ ਪੱਧਰ ਤੱਕ ਭਾਰਤ ਦਾ ਨਾਮ ਰੌਸ਼ਨ ਕਰ ਸਕਣ।

ਅੰਜਲੀ ਨੇ ਦੱਸਿਆ ਕਿ ਜਦੋਂ ਉਸ ਨੇ ਮੇਰਠ ਅਤੇ ਰਾਜਸਥਾਨ ਦੇ ਕੋਟਾ ਸ਼ਹਿਰ ਵਿਚ ਚੰਗੀ ਖੇਡ ਦਾ ਪ੍ਰਦਰਸ਼ਨ ਕੀਤਾ ਸੀ ਤਾਂ ਉਸ ਵੇਲੇ ਉਸ ਨੂੰ ਇਹ ਆਸ ਜ਼ਰੂਰ ਸੀ ਕਿ ਹੁਣ ਸਰਕਾਰ ਉਸ ਲਈ ਕੁਝ ਨਾ ਕੁਝ ਜ਼ਰੂਰ ਕਰੇਗੀ ਪਰ ਅਫ਼ਸੋਸ ਇਸ ਗੱਲ ਦਾ ਹੈ ਕਿ ਕੁਝ ਨਹੀਂ ਹੋਇਆ।



''ਸਾਡੇ ਲਈ ਸਭ ਤੋਂ ਵੱਡਾ ਸੰਕਟ ਚੰਗੀ ਖ਼ੁਰਾਕ ਦਾ ਹੈ। ਜਦੋਂ ਅਸੀਂ ਭਾਰਤ ਦੇ ਦੂਸਰੇ ਸੂਬਿਆਂ ਵਿੱਚ ਕੁਸ਼ਤੀ ਲੜਨ ਲਈ ਜਾਂਦੀਆਂ ਹਾਂ ਤਾਂ ਦੂਜੇ ਸੂਬਿਆਂ ਦੀਆਂ ਖਿਡਾਰਨਾਂ ਨੂੰ ਰਿਸ਼ਟ-ਪੁਸ਼ਟ ਦੇਖ ਕੇ ਮਨ ਵਿੱਚ ਕਈ ਤਰ੍ਹਾਂ ਦੇ ਵਿਚਾਰ ਪੈਦਾ ਹੋ ਜਾਂਦੇ ਹਨ। ਕਈ ਵਾਰ ਅਸੀਂ ਸੋਚਦੇ ਹਾਂ ਕਿ ਜੇ ਅਸੀਂ ਵੀ ਏਨੀਆਂ ਰਿਸ਼ਟ-ਪੁਸ਼ਟ ਹੁੰਦੀਆਂ ਤਾਂ ਸ਼ਾਇਦ ਸਾਡੇ ਝੋਲੀ ਵਿੱਚ ਸੋਨੇ ਦਾ ਮੈਡਲ ਹੁੰਦਾ,'' ਰਜਨੀ ਅਤੇ ਅੰਜਲੀ ਇੱਕੋ ਸਾਹ ਵਿੱਚ ਇਹ ਗੱਲ ਕਹਿੰਦੀਆਂ ਹਨ।

ਅੰਜਲੀ ਕਹਿੰਦੀ ਹੈ ਕਿ ਅਜਿਹਾ ਨਹੀਂ ਕਿ ਉਹ ਕੇਵਲ ਆਪਣੀ ਮਾਤਾ ਨਾਲ ਘਰਾਂ ਵਿੱਚ ਕੰਮ ਕਰਦੀਆਂ ਹਨ ਸਗੋਂ ਜੂਨ ਦੇ ਮਹੀਨੇ ਵਿੱਚ ਉਹ ਖੇਤਾਂ ਵਿੱਚ ਆਪਣੀਆਂ ਭੈਣਾਂ ਨਾਲ ਝੋਨਾ ਲਾਉਣ ਦਾ ਕੰਮ ਵੀ ਕਰਦੀ ਹੈ। ਅਜਿਹਾ ਕਰਨਾ ਸਾਡਾ ਸ਼ੌਕ ਨਹੀਂ ਸਗੋਂ ਮਜਬੂਰੀ ਹੈ। ਜਦੋਂ ਕੁਸ਼ਤੀ ਲੜਨ ਲਈ ਸਾਡੀ ਚੋਣ ਦੂਜੇ ਸੂਬਿਆਂ ਦੇ ਦੂਰ ਦੁਰਾਡੇ ਸ਼ਹਿਰਾਂ ਲਈ ਹੁੰਦੀ ਹੈ ਤਾਂ ਸਾਡੇ ਕੋਲ ਉੱਥੇ ਪਹੁੰਚਣ ਲਈ ਕਿਰਾਇਆ ਵੀ ਨਹੀਂ ਹੁੰਦਾ।

ਰਾਮ ਪ੍ਰਸ਼ਾਦ ਕਹਿੰਦੇ ਹਨ, ''ਜਿਵੇਂ ਹੀ ਮੈਨੂੰ ਸੁਨੇਹਾ ਮਿਲਦਾ ਹੈ ਕਿ ਮੇਰੀਆਂ ਧੀਆਂ ਸਟੇਟ ਤੇ ਨੈਸ਼ਨਲ ਕੁਸ਼ਤੀ ਲਈ ਚੁਣੀਆਂ ਗਈਆਂ ਹਨ ਤਾਂ ਮੈਨੂੰ ਸਭ ਤੋਂ ਵੱਡੀ ਫਿਕਰ ਕਿਰਾਏ ਦੀ ਖੜ੍ਹੀ ਹੋ ਜਾਂਦਾ ਹੈ ਕਿ ਆਖਰਕਾਰ ਉਹ ਮੇਰਠ, ਪਟਨਾ ਅਤੇ ਰਾਜਸਥਾਨ ਦੇ ਕੋਟਾ ਸ਼ਹਿਰ ਕਿਵੇਂ ਪਹੁੰਚਣਗੀਆਂ।'' ''ਫਿਰ ਮੈਂ ਉਧਾਰ ਪੈਸੇ ਫੜਦਾ ਹਾਂ ਅਤੇ ਕਿਵੇਂ ਨਾ ਕਿਵੇਂ ਕਰਕੇ ਧੀਆਂ ਨੂੰ ਮੁਕਾਬਲੇ ਵਾਲੀ ਜਗ੍ਹਾ ਉੱਪਰ ਭੇਜ ਦਿੰਦਾ ਹਾਂ। ਮੈਨੂੰ ਸਕੂਨ ਉਸ ਵੇਲੇ ਮਿਲਦਾ ਹੈ ਜਦੋਂ ਮੈਨੂੰ ਪਤਾ ਲੱਗਦਾ ਹੈ ਕਿ ਮੇਰੀ ਕਿਸੇ ਧੀ ਨੇ ਸਟੇਟ ਵਿਚ ਗੋਲਡ ਮੈਡਲ ਅਤੇ ਨੈਸ਼ਨਲ ਵਿਚ ਸਿਲਵਰ ਮੈਡਲ ਜਿੱਤ ਲਿਆ ਹੈ।'' ਫ਼ਰੀਦਕੋਟ ਦੇ ਕੁਸ਼ਤੀ ਪ੍ਰੈਕਟਿਸ ਮੈਦਾਨ ਵਿੱਚ ਰਜਨੀ ਨੇ ਦੱਸਿਆ ਕਿ ਉਨ੍ਹਾਂ ਨੂੰ ਸਿਰਫ ਉਨ੍ਹਾਂ ਦਿਨਾਂ ਵਿੱਚ ਹੀ ਸਰਕਾਰੀ ਖੁਰਾਕ ਮਿਲਦੀ ਹੈ ਜਦੋਂ ਕੋਈ ਨਾ ਕੋਈ ਮੁਕਾਬਲਾ ਨੇੜੇ ਹੁੰਦਾ ਹੈ। ''ਇਹ ਸਾਡੇ ਲਈ ਕੋਈ ਚੰਗੀ ਗੱਲ ਨਹੀਂ ਹੈ ਕਿਉਂਕਿ ਖੁਰਾਕ ਤਾਂ ਹਰ ਰੋਜ਼ ਲੋੜੀਂਦੀ ਹੈ। ਦੋ-ਚਾਰ ਦਿਨ ਦੀ ਖੁਰਾਕ ਨਾਲ ਵੱਡੇ ਮੁਕਾਬਲੇ ਜਿੱਤਣੇ ਔਖੇ ਹੋ ਜਾਂਦੇ ਹਨ। ਉਹ ਵੀ ਉਸ ਵੇਲੇ ਜਦੋਂ ਦੂਜਿਆਂ ਸੂਬਿਆਂ ਦੀਆਂ ਖਿਡਾਰਨਾਂ ਸਾਡੇ ਮੁਕਾਬਲੇ ਨਰੋਈਆਂ ਹੋਣ।''

ਰਜਨੀ ਭਾਰਤੀ ਫ਼ੌਜ ਵਿੱਚ ਨੌਕਰੀ ਕਰਨ ਦੀ ਇੱਛਾ ਰੱਖਦੀ ਹੈ।ਰਜਨੀ ਅਤੇ ਅੰਜਲੀ ਦੇ ਕੋਚ ਖੁਸ਼ਵਿੰਦਰ ਸਿੰਘ ਇਸ ਗੱਲ ਨੂੰ ਮੰਨਦੇ ਹਨ ਕਿ ਇਹ ਦੋਵੇਂ ਕੁੜੀਆਂ ਅੰਤਰਰਾਸ਼ਟਰੀ ਪੱਧਰ ਤੱਕ ਖੇਡਣ ਦੇ ਸਮਰੱਥ ਹਨ, ਪਰ ਖੁਰਾਕ ਦੀ ਕਮੀ ਇਨ੍ਹਾਂ ਲਈ ਵੱਡੀ ਚੁਣੌਤੀ ਹੈ। ਉਹ ਕਹਿੰਦੇ ਹਨ, ''ਜਦੋਂ ਟੂਰਨਾਮੈਂਟ ਦੇ ਦਿਨ ਹੁੰਦੇ ਹਨ ਤਾਂ ਸਰਕਾਰੀ ਪੱਧਰ ਤੇ ਖੁਰਾਕ ਮੁਹੱਈਆ ਕਰਵਾਈ ਜਾਂਦੀ ਹੈ ਪਰ ਆਮ ਦਿਨਾਂ ਵਿੱਚ ਅਜਿਹਾ ਵਰਤਾਰਾ ਨਹੀਂ ਹੈ, ਜਿਹੜਾ ਕਿ ਇਨ੍ਹਾਂ ਖਿਡਾਰਨਾਂ ਲਈ ਗੰਭੀਰ ਚਿੰਤਾ ਦਾ ਵਿਸ਼ਾ ਹੈ। ਮੇਰੀ ਤਾਂ ਨਿੱਜੀ ਸੰਸਥਾਵਾਂ ਨੂੰ ਗੁਜ਼ਾਰਿਸ਼ ਹੈ ਕਿ ਉਹ ਇਨ੍ਹਾਂ ਕੁੜੀਆਂ ਦੇ ਸੁਨਹਿਰੇ ਭਵਿੱਖ ਲਈ ਅੱਗੇ ਆਉਣ ਤੇ ਇਨ੍ਹਾਂ ਲਈ ਖੁਰਾਕ ਦਾ ਪ੍ਰਬੰਧ ਕਰਨ।''

**– ਜੇ ਐਸ ਭਡਿਆਰ**

# ਹਰਮਨਪ੍ਰੀਤ ਦੀ ਹੈਟ੍ਰਿਕ ਨਾਲ ਭਾਰਤ ਨੇ ਇੰਗਲੈਂਡ ਨੂੰ 4-3 ਨਾਲ ਹਰਾਇਆ

**ਭੁਵਨੇਸ਼ਵਰ–** ਹਰਮਨਪ੍ਰੀਤ ਸਿੰਘ ਦੀ ਹੈਟ੍ਰਿਕ ਦੀ ਮਦਦ ਨਾਲ ਭਾਰਤੀ ਪੁਰਸ਼ ਹਾਕੀ ਟੀਮ ਨੇ ਐਫਆਈਐਚ ਪ੍ਰੋ ਲੀਗ ਟਾਈ ਦੇ ਡਬਲ ਲੇਗ ਦੇ ਦੂਜੇ ਮੈਚ ਵਿੱਚ ਇੰਗਲੈਂਡ ਨੂੰ 4-3 ਨਾਲ ਹਰਾ ਦਿੱਤਾ। ਹਰਮਨਪ੍ਰੀਤ (26ਵੇਂ, 26ਵੇਂ, 43ਵੇਂ) ਨੇ ਬੋਰਡ ਨੂੰ ਤਿੰਨ ਵਾਰ ਵਜਾਇਆ ਜਦੋਂ ਕਿ ਓਲੰਪਿਕ ਕਾਂਸੀ ਤਮਗਾ ਜੇਤੂ ਕਪਤਾਨ ਮਨਪ੍ਰੀਤ ਸਿੰਘ (15ਵੇਂ) ਨੇ ਗੋਲ ਕਰਕੇ ਭਾਰਤ ਨੂੰ ਸਥਿਤੀ ਦੇ ਸਿਖਰ 'ਤੇ ਆਪਣੀ ਬੜ੍ਹਤ ਵਧਾਉਣ ਵਿੱਚ ਮਦਦ ਕੀਤੀ। ਇੰਗਲੈਂਡ ਦੇ ਗੋਲ ਲਿਆਮ ਸੈਨਫੋਰਡ (7ਵੇਂ), ਡੇਵਿਡ ਕੌਂਡਨ (39ਵੇਂ) ਅਤੇ ਸੈਮ ਵਾਰਡ (44ਵੇਂ) ਨੇ ਕੀਤੇ। ਦਿਲਚਸਪ ਗੱਲ ਇਹ ਹੈ ਕਿ ਮੈਚ ਦੇ ਸਾਰੇ ਸੱਤ ਗੋਲ ਪੈਨਲਟੀ ਕਾਰਨਰ ਮੌਕੇ ਤੋਂ ਕੀਤੇ ਗਏ। ਭਾਰਤ ਨੇ ਮੈਚ ਵਿੱਚ ਹਾਸਲ ਕੀਤੇ ਅੱਠ ਪੈਨਲਟੀ ਕਾਰਨਰਾਂ ਵਿੱਚੋਂ ਚਾਰ ਨੂੰ ਗੋਲ ਵਿੱਚ ਬਦਲਿਆ, ਜਦਕਿ ਇੰਗਲੈਂਡ ਨੇ ਆਪਣੇ ਛੇ ਛੋਟੇ ਕਾਰਨਰਾਂ ਵਿੱਚੋਂ ਤਿੰਨ ਗੋਲ ਕੀਤੇ। ਇਸ ਜਿੱਤ ਦੇ ਨਾਲ, ਭਾਰਤ 10 ਮੈਚਾਂ ਵਿੱਚ 21 ਅੰਕਾਂ ਨਾਲ ਰੈਂਕਿੰਗ ਵਿੱਚ ਸਿਖਰ 'ਤੇ ਹੈ, ਜਦਕਿ ਇੰਗਲੈਂਡ ਛੇ ਮੈਚਾਂ ਵਿੱਚ ਸੱਤ ਅੰਕਾਂ ਨਾਲ ਸੱਤਵੇਂ ਸਥਾਨ 'ਤੇ ਬਰਕਰਾਰ ਹੈ।




# ਡਰੱਗ ਮਾਮਲਾ: ਜੇਲ੍ਹ 'ਚ ਮਜੀਠੀਆ ਨੂੰ ਖਤਰੇ ਬਾਰੇ ਸੁਣਵਾਈ ਸ਼ੁਰੂ

**ਮੁਹਾਲੀ–** ਪੰਜਾਬ ਦੀ ਪਿਛਲੀ ਕਾਂਗਰਸ ਸਰਕਾਰ ਵੱਲੋਂ ਬਹੁ-ਚਰਚਿਤ ਨਸ਼ਾ ਤਸਕਰੀ ਮਾਮਲੇ ਵਿੱਚ ਨਾਮਜ਼ਦ ਸ਼੍ਰੋਮਣੀ ਅਕਾਲੀ ਦਲ ਦੇ ਸੀਨੀਅਰ ਆਗੂ ਅਤੇ ਸਾਬਕਾ ਕੈਬਨਿਟ ਮੰਤਰੀ ਬਿਕਰਮ ਸਿੰਘ ਮਜੀਠੀਆ ਦੀ ਜੇਲ੍ਹ ਵਿੱਚ ਸੁਰੱਖਿਆ ਮਾਮਲੇ ਸਬੰਧੀ ਮੁਹਾਲੀ ਦੇ ਵਧੀਕ ਜ਼ਿਲ੍ਹਾ ਤੇ ਸੈਸ਼ਨ ਜੱਜ ਸੰਦੀਪ ਕੁਮਾਰ ਸਿੰਗਲਾ ਦੀ ਅਦਾਲਤ ਵਿੱਚ ਸੁਣਵਾਈ ਸ਼ੁਰੂ ਹੋ ਗਈ ਹੈ। ਕੱਲ੍ਹ ਮਜੀਠੀਆ ਨੇ ਵੀਡੀਓ ਕਾਨਫਰੰਸਿੰਗ ਰਾਹੀਂ ਆਪਣੀ ਹਾਜ਼ਰੀ ਲਗਾਉਣ ਸਮੇਂ ਅਦਾਲਤ ਨੂੰ ਸੰਬੋਧਨ ਹੁੰਦਿਆਂ ਕਿਹਾ ਸੀ ਕਿ ਜੇਲ੍ਹ ਵਿੱਚ ਸਾਰਾ ਕੁੱਝ ਠੀਕ ਨਹੀਂ ਹੈ (ਆਲ ਇਜ਼ ਨੌਟ ਵੈੱਲ ਹੇਅਰ) ਦੱਸਦਿਆ ਆਪਣੀ ਜਾਨ ਨੂੰ ਖਤਰਾ ਦੱਸਿਆ ਸੀ।

ਮਜੀਠੀਆ ਦੀ ਪਤਨੀ ਅਤੇ ਅਕਾਲੀ ਵਿਧਾਇਕ ਗੁਰਲੀਨ ਕੌਰ ਮਜੀਠੀਆ ਵੀ ਸੁਣਵਾਈ ਮੌਕੇ ਅਦਾਲਤ ਵਿੱਚ ਹਾਜ਼ਰ ਸਨ। ਇੱਥੇ ਇਹ ਦੱਸਣਯੋਗ ਹੈ ਕਿ ਵਿਧਾਨ ਸਭਾ ਚੋਣਾਂ ਤੋਂ ਐਨ ਪਹਿਲਾਂ ਉਸ ਸਮੇਂ ਦੀ ਕਾਂਗਰਸ ਸਰਕਾਰ ਵੱਲੋਂ ਇੱਥੋਂ ਦੇ ਫੇਜ਼-4 ਸਥਿਤ ਪੰਜਾਬ ਪੁਲੀਸ ਦੇ ਸਟੇਟ ਕ੍ਰਾਈਮ ਵਿੰਗ ਦੇ ਥਾਣੇ ਵਿੱਚ ਸਾਬਕਾ ਮੰਤਰੀ ਬਿਕਰਮ ਸਿੰਘ ਮਜੀਠੀਆ ਵਿਰੁੱਧ ਨਸ਼ਾ ਤਸਕਰੀ ਮਾਮਲੇ ਵਿੱਚ ਅਪਰਾਧਿਕ ਪਰਚਾ ਦਰਜ ਕੀਤਾ ਗਿਆ ਸੀ।

ਪੰਜਾਬ ਦੀ ਪਿਛਲੀ ਕਾਂਗਰਸ ਸਰਕਾਰ ਵੱਲੋਂ ਬਹੁ-ਚਰਚਿਤ ਨਸ਼ਾ ਤਸਕਰੀ ਮਾਮਲੇ ਵਿੱਚ ਨਾਮਜ਼ਦ ਸ਼੍ਰੋਮਣੀ ਅਕਾਲੀ ਦਲ ਦੇ ਸੀਨੀਅਰ ਆਗੂ ਅਤੇ ਸਾਬਕਾ ਕੈਬਨਿਟ ਮੰਤਰੀ ਬਿਕਰਮ ਸਿੰਘ ਮਜੀਠੀਆ ਦੀ ਜੇਲ੍ਹ ਵਿੱਚ ਸੁਰੱਖਿਆ ਮਾਮਲੇ ਸਬੰਧੀ ਅੱਜ ਮੁਹਾਲੀ ਦੇ ਵਧੀਕ ਜ਼ਿਲ੍ਹਾ ਤੇ ਸੈਸ਼ਨ ਜੱਜ ਸੰਦੀਪ ਕੁਮਾਰ ਸਿੰਗਲਾ ਦੀ ਅਦਾਲਤ ਵਿੱਚ ਸੁਣਵਾਈ ਸ਼ੁਰੂ ਹੋ ਗਈ ਹੈ। ਕੱਲ੍ਹ ਮਜੀਠੀਆ ਨੇ ਵੀਡੀਓ ਕਾਨਫਰੰਸਿੰਗ ਰਾਹੀਂ ਆਪਣੀ ਹਾਜ਼ਰੀ ਲਗਾਉਣ ਸਮੇਂ ਅਦਾਲਤ ਨੂੰ ਸੰਬੋਧਨ ਹੁੰਦਿਆਂ ਕਿਹਾ ਸੀ ਕਿ ਜੇਲ੍ਹ ਵਿੱਚ ਸਾਰਾ ਕੁੱਝ ਠੀਕ ਨਹੀਂ ਹੈ (ਆਲ ਇਜ਼ ਨੌਟ ਵੈੱਲ ਹੇਅਰ) ਦੱਸਦਿਆ ਆਪਣੀ ਜਾਨ ਨੂੰ ਖਤਰਾ ਦੱਸਿਆ ਸੀ।

ਮਜੀਠੀਆ ਦੀ ਪਤਨੀ ਅਤੇ ਅਕਾਲੀ ਵਿਧਾਇਕ ਗੁਰਲੀਨ ਕੌਰ ਮਜੀਠੀਆ ਵੀ ਸੁਣਵਾਈ ਮੌਕੇ ਅਦਾਲਤ ਵਿੱਚ ਹਾਜ਼ਰ ਸਨ। ਇੱਥੇ ਇਹ ਦੱਸਣਯੋਗ ਹੈ ਕਿ ਵਿਧਾਨ ਸਭਾ ਚੋਣਾਂ ਤੋਂ ਐਨ ਪਹਿਲਾਂ ਉਸ ਸਮੇਂ ਦੀ ਕਾਂਗਰਸ ਸਰਕਾਰ ਵੱਲੋਂ ਇੱਥੋਂ ਦੇ ਫੇਜ਼-4 ਸਥਿਤ ਪੰਜਾਬ ਪੁਲੀਸ ਦੇ ਸਟੇਟ ਕ੍ਰਾਈਮ ਵਿੰਗ ਦੇ ਥਾਣੇ ਵਿੱਚ ਸਾਬਕਾ ਮੰਤਰੀ ਬਿਕਰਮ ਸਿੰਘ ਮਜੀਠੀਆ ਵਿਰੁੱਧ ਨਸ਼ਾ ਤਸਕਰੀ ਮਾਮਲੇ ਵਿੱਚ ਅਪਰਾਧਿਕ ਪਰਚਾ ਦਰਜ ਕੀਤਾ ਗਿਆ ਸੀ।






Book Available

http://www.unistarbooks.com/home/5512-pagrhi-sambhal-lehar-to-samyukt-kisan-morcha.html

http://www.unistarbooks.com/home/5512-pagrhi-sambhal-lehar-to-samyukt-kisan-morcha.html




My Struggle in Life:

Das Pawar, Ishwar: 9781682131558:

Amazon.com: Book

# ਪੇਂਡੂ ਪੰਜਾਬੀ ਪ੍ਰਤਿਭਾ ਦਾ ਚਿਰਾਗ ਹੈ ਨੌਜਵਾਨ 'ਰਣਜੀਤ ਸਿੰਘ'

21 ਵੀਂ ਸਦੀ ਨੂੰ ਵਿਗਿਆਨ ਅਤੇ ਟੈਕਨੋਲਜੀ ਦਾ ਯੁੱਗ ਕਿਹਾ ਜਾਂਦਾ ਹੈ। ਦੇਸ਼ ਦੀ ਆਜਾਦੀ ਦੇ 73 ਸਾਲਾਂ ਬਾਅਦ ਵੀ ਬਹੁਤ ਸਾਰੇ ਭਾਰਤ ਵਾਸੀ ਆਪਣੀਆਂ ਬੁਨਿਆਦੀ ਲੋੜਾਂ ਤੋਂ ਸੱਖਣੇ ਹਨ। ਸਰਕਾਰੀ ਸਿੱਖਿਆ ਦੇ ਖੇਤਰ ਵਿਚ ਨਿਘਾਰ ਆ ਰਿਹਾ ਹੈ। ਭਾਰਤ ਨੂੰ ਪਿੰਡਾਂ ਦਾ ਦੇਸ਼ ਕਿਹਾ ਜਾਂਦਾ ਹੈ, ਪਰੰਤੂ ਸਿੱਖਿਆ ਦੇ ਖੇਤਰ ਵਿਚ ਪੇਂਡੂ ਅਜੇ ਵੀ ਫਾਡੀ ਹਨ। ਬੜੀ ਮੁਸ਼ਕਲ ਨਾਲ 2 ਤੋਂ 4 ਪ੍ਰਤੀਸ਼ਤ ਪੇਂਡੂ ਵਿਦਿਆਰਥੀਆਂ ਨੂੰ ਹੀ ਉੱਚ ਸਿੱਖਿਆ ਪ੍ਰਾਪਤ ਕਰਨ ਦਾ ਮੌਕਾ ਪ੍ਰਾਪਤ ਹੁੰਦਾ ਹੈ। ਇਹ ਪੇਂਡੂ ਵਿਦਿਆਰਥੀਆਂ ਦੀ ਜ਼ਿੰਦਵੀ ਦਾ ਸਭ ਤੋਂ ਵੱਡਾ ਦੁਖਾਂਤ ਹੈ। ਅੱਜ ਹਲਾਤ ਇਹ ਹਨ ਕਿ ਮੁਕਾਬਲੇ ਦੀ ਪ੍ਰੀਖਿਆ ਪਾਸ ਕਰਨ ਵਾਲੇ ਵਿਦਿਆਰਥੀ ਵੀ ਅਪਣੇ ਭਵਿੱਖ ਲਈ ਭਟਕ ਰਹੇ ਹਨ ਅਤੇ ਦੇਸ਼ ਦੀ ਇਹ ਕਰੀਮ ਵੀ ਵਿਦੇਸ਼ਾਂ ਵਿਚ ਆਪਣਾ ਭਵਿੱਖ ਦੇਖ ਰਹੀ ਹੈ। ਅਜਿਹਾ ਹੀ ਇਕ ਪੇਂਡੂ ਪੰਜਾਬੀ ਵਿਦਿਆਰਥੀ ਹੈ, ਰਣਜੀਤ ਸਿੰਘ ਜੋ ਉੱਚ ਸਿੱਖਿਆ ਦੇ ਖੇਤਰ ਵਿਚ ਆਪਣੇ ਪਿੰਡ, ਪੰਜਾਬ ਅਤੇ ਦੇਸ਼ ਦਾ ਲਾਂਅ ਰੋਸ਼ਨ ਕਰ ਰਿਹਾ ਹੈ। 22 ਫਰਵਰੀ 1993 ਨੂੰ ਪਿੰਡ ਕੋਅਲੀ ਖਾਸ ਬਲਾਕ ਮੁਕੇਰੀਆਂ ਜਿਲ੍ਹਾ ਹੁਸ਼ਿਆਰਪੁਰ ਵਿਚ ਜਨਮੇ ਇਸ ਬੰਦੇ ਨੇ ਮੁੱਢਲੀ ਸਿੱਖਿਆ ਪਿੰਡ ਦੇ ਸਰਕਾਰੀ ਪ੍ਰਇਮਰੀ ਸਕੂਲ ਤੋਂ ਪ੍ਰਾਪਤ ਕੀਤੀ, 10ਵੀਂ ਅਤੇ 12ਵੀਂ ਸੀ ਬੀ ਐਸ ਸੀ ਬੋਰਡ ਤੋਂ ਅਤੇ ਬਾਰਵੀਂ ਪੋਸ ਕਰਨ ਉਪਰੰਤ ਮਕੈਨੀਕਲ ਟਰੇਡ ਵਿਚ ਦਿਲਚਸਪੀ ਹੋਣ ਕਾਰਨ ਬੀ ਟੈਕ ਮਕੈਨੀਕਲ ਸਾਲ 2014 ਵਿਚ ਲਵਲੀ ਪ੍ਰੋਫੈਸ਼ਨਲ ਯੂਨੀਵਰਸਿਟੀ ਵਿਚੋਂ ਪਾਸ ਕੀਤੀ। ਆਪਣੇ ਵਿਸ਼ੇ ਵਿਚ ਨਿਖਾਰ ਲਿਆਉਣ ਲਈ ਐ ਟੈਕ ਮੁਕਾਬਲੇ ਦੀ ਪ੍ਰੀਖਿਆ ਪਾਸ ਕਰਕੇ 2016 ਵਿਚ ਥਾਪਰ ਯੂਨੀਵਰਸਿਟੀ ਪਟਆਲਾ ਤੋਂ ਵਧੀਆ ਸੀ ਜੀ ਪੀ ਏ ਵਿਚ ਪਾਸ ਕੀਤੀ। ਪੇਂਡੂ ਸਧਾਰਨ ਪਰਿਵਾਰ ਵਿਚ ਪੈਦਾ ਹੋਇਆ ਇਹ ਲੌਜਵਾਨ ਅੱਜਕੱਲ੍ਹ ਵਜੀਫੇ ਦੀ ਪ੍ਰੀਖਿਆ ਪਾਸ ਕਰਨ ਉਪਰੰਤ ਡਾ ਬੀ ਆਰ ਅੰਬੇਦਕਰ ਨੈਸ਼ਨਲ ਇਨਸਟੀਟਿਊਟ ਆਫ ਟੈਕਨੋਲਜੀ







ਜਲੰਧਰ ਤੋਂ ਮਕੈਨੀਕਲ ਪ੍ਰੋਡਕਸ਼ਨ ਇੰਜਨੀਆਰਗ ਵਿਚ ਪੀ ਐਚ ਡੀ ਕਰ ਰਿਹਾ ਹੈ। ਇੱਥੇ ਹੀ ਬਸ ਨਹੀਂ ਇਸ ਹੋਣਹਾਰ ਵਿਦਿਆਰਥੀ ਨੇ 27-28 ਅਪ੍ਰੈਲ 2018 ਨੂੰ ਚੰਡੀਗੜ੍ਹ ਵਿਖੇ ਹੋਈ ਇਕ ਇੰਟਰਨੈਸ਼ਨਲ ਕਾਨਫਰੰਸ ਵਿਚ ਭਾਗ ਲੈ ਕੇ ਆਪਣੀ ਪੇਂਡੂ ਹੋਣ ਦਾ ਲੋਹਾ ਮਨਵਾਇਆ ਹੈ। ਆਪਣੇ ਵਿਸ਼ੇ ਵਿਚ ਦ੍ਰਿੜ ਇਰਾਦੇ ਨੂੰ ਕਾਇਮ ਰੱਖਦੇ ਹੋਏ ਉਹ ਆਈ ਆਈ ਟੀ ਰੋਪੜ ਦੇ ਇਕ ਰਿਸ਼ਰਚ ਕਨਕਲੇਵ ਵਿਚ ਵੀ ਭਾਗ ਲੈ ਚੁੱਕਾ ਹੈ, ਜਿਸ ਨਾਲ ਅੰਤਰਾਸ਼ਟਰੀ ਪੱਧਰ ਤੇ ਉਸ ਦੀ ਜਾਣ ਪਛਾਣ ਵਧੀ ਹੈ। ਐਨ ਆਈ ਟੀ ਜਲੰਧਰ ਵਲੋਂ ਉਸ ਦੀ ਡੂੰਘੀ ਦਿਲਚ-ਸਪੀ ਨੂੰ ਦੇਖਦੇ ਹੋਏ ਸਿੰਘਾਪੁਰ ਵਿਖੇ ਹੋ ਰਹੀ ਅੰਤਰ-ਰਾਸ਼ਟਰੀ ਕਾਨਫਰੰਸ ਲਈ ਨਿਯੁਕਤ ਕੀਤਾ ਗਿਆ ਸੀ। ਆਪਣੀ ਧੁਨ ਦੇ ਪੱਕੇ ਇਸ ਨੋਜਵਾਨ ਨੇ 2-3 ਅਕਤੂਬਰ 2018 ਦੋ ਦਿਨਾਂ ਕਾਨਫਰੰਸ ਵਿਚ ਆਪਣਾ ਰਿਸ਼ਰਚ ਪੇਪਰ ਪੇਸ਼ ਕਰਕੇ ਦੁਨੀਆਂ ਭਰ ਦੇ ਡੈਲੀਗੇਟਾਂ ਵਿਚੋਂ ਪਹਿਲਾ ਸਥਾਨ ਪ੍ਰਾਪਤ ਕੀਤਾ ਸੀ। ਇਹ ਮਾਣ ਕੇਵਲ ਪੰਜਾਬ ਦਾ ਹੀ ਨਹੀਂ ਸਗੋਂ ਪੂਰੇ ਭਾਰਤ ਦਾ ਹੈ।



ਤਸਵਿੰਦਰ ਸਿੰਘ ਬੜੈਚ
91-98763-22677


ਇੱਥੇ ਹੀ ਬਸ ਨਹੀਂ ਇਹ ਪੇਂਡੂ ਸਿਤਾਰਾ 16 ਜੂਨ ਤੋਂ 20 ਜੂਨ, 2019 ਵਿੱਚ ਪੰਜ ਦਿਨਾਂ ਅੰਤਰਾਸ਼ਟਰੀ ਕਾਨਫਰੰਸ ਇਲੀਨੋਇਸ ਯੂਨੀਵਰਸਿਟੀ ਸ਼ਿਕਾਗੋ ਅਮਰੀਕਾ ਵਿਚ ਵੀ ਆਪਣੀ ਹਾਜਰੀ ਲਗਵਾ ਚੁੱਕਾ ਹੈ ਅਤੇ ਯੂ ਐਸ ਏ ਵਲੋਂ ਉਸਨੂੰ 10 ਸਾਲਾਂ ਵੀਜਾ ਦੇ ਕੇ ਸਨਮਾਟਿਤ ਕੀਤਾ ਜਾ ਚੁੱਕਾ ਹੈ। ਇਹ ਉਸਦਾ ਭਵਿੱਖ ਹੀ ਤਹਿ ਕਰੇਗਾ ਕਿ ਉਸਨੂੰ ਆਪਣੇ ਦੇਸ਼ ਦੀ ਸੇਵਾ ਕਰਨੀ ਚਾਹੀਦੀ ਹੈ ਜਾਂ ਮਜਬੂਰੀ ਬਸ ਅਮਰੀਕਾ ਜਾਣਾ ਪਵੇਗਾ।

ਸ਼ਾਇਦ ਹੀ ਸਾਡੀਆਂ ਸਰਕਾਰਾਂ ਇਹ ਤਹਿ ਕਰ ਪਾਉਣਗੀਆਂ ਕਿ ਰੂਸ, ਯੂਕਰੇਨ ਯੁੱਧ ਵਿਚ ਪਰੇਸ਼ਾਨ ਮਾਪੇ ਆਪਣੇ ਬੱਚਿਆਂ ਦਾ ਭਵਿੱਖ ਭਾਰਤ ਵਿਚ ਹੀ ਦੇਖਣਾ ਚਾਹੁੰਦੇ ਹਨ। ਦੇਸ਼ ਦੀ ਸਰਕਾਰਾਂ ਨੂੰ ਅਜਿਹੇ ਹੋਣਹਾਰ ਵਿਦਿਆਰਥੀਆਂ ਦੀ ਕਦਰ ਕਰਨੀ ਚਾਹੀਦੀ ਹੈ।

# ਨਿੱਕਾ ਵਿਗਿਆਨੀ

**ਰੀਵਿਊਕਾਰ: ਬਲਜਿੰਦਰ ਮਾਨ 98150-18947**
**ਨਾਵਲਕਾਰ:ਗੁਰਿੰਦਰ ਸਿੰਘ ਕਲਸੀ**
**ਪ੍ਰਕਾਸ਼ਨ: ਲੋਕਗੀਤ ਪ੍ਰਕਾਸ਼ਨ ਚੰਡੀਗੜ੍ਹ, ਪੰਨੇ : 46, ਮੁੱਲ: 80/-**

ਬਾਲ ਸਾਹਿਤ ਦੇ ਖੇਤਰ ਵਿਚ ਬਾਲ ਨਾਵਲ ਦੀ ਰਚਨਾ ਬਹੁਤ ਘੱਟ ਹੋ ਰਹੀ ਹੈ।ਇਕ ਧਾਰਨਾ ਇਹ ਵੀ ਪ੍ਰਚੱਲਤ ਹੈ ਕਿ ਬੱਚੇ ਭਾਰੀ ਪੁਸਤਕ ਨੂੰ ਚੁੱਕਦੇ ਹੀ ਨਹੀਂ। ਸ਼ਾਇਦ ਇਸੇ ਕਰਕੇ ਨਾਵਲਕਾਰ ਬਾਲ ਨਾਵਲ ਦੀ ਸਿਰਜਣਾ ਵੱਲ ਬਹੁਤੀ ਤਵੱਜੋ ਨਹੀਂ ਦੇ ਰਹੇ।ਫਿਰ ਵੀ ਜਿੰਨਾ ਕੁਝ ਸਿਰਜਿਆ ਜਾ ਰਿਹਾ ਹੈ ਉਹ ਬੜਾ ਪਾਏਦਾਰ ਹੈ। ਜਿਵੇਂ ਗੁਰਿੰਦਰ ਕਲਸੀ ਨੇ ਹਥਲੇ ਨਾਵਲ 'ਨਿੱਕਾ ਵਿਗਿਆਨੀ' ਵਿਚ




ਬਾਲ ਮਨ ਅੰਦਰ ਛੁਪੀਆ ਸੰਭਾਵਨਾਵਾਂ ਨੂੰ ਉਜਾਗਰ ਕੀਤਾ ਹੈ।

ਨਾਵਲ ਦੇ ਨਿੱਕੇ ਪਾਤਰ ਆਪਸੀ ਗੱਲਬਾਤ ਰਾਹੀਂ ਇਕ ਉਸਾਰੂ ਅਤੇ ਮਨੋਰੰਜਕ ਮਾਹੌਲ ਸਿਰਜਦੇ ਹਨ। ਅਜਿਹੇ ਵਾਤਾਵਰਨ ਨਾਲ ਬਾਲ ਮਨ ਦੇ ਦਰ ਦਰਵਾਜੇ ਖੋਲ੍ਹੇ ਜਾ ਸਕਦੇ ਹਨ। ਇਸ ਨਾਵਲ ਵਿਚ ਸਮਕਾਲੀ ਵਰਤਾਰਿਆਂ ਦੇ ਰੂਬਰੂ ਵੀ ਕਰਵਾਇਆ ਗਿਆ ਹੈ। ਮੌਜੂਦਾ ਸੰਕਟ ਦਾ ਸਾਹਮਣਾ ਕਰਦਾ ਹੋਇਆ ਹੀ ਨਿੱਕਾ ਵਿਗਿਆਨੀ ਸਫਲਤਾ ਦੀ ਪੌੜੀ ਚੜ੍ਹ ਸਕਦਾ ਹੈ।ਨਾਵਲ ਦਾ ਹੀਰੋ ਕਿਰਤ ਆਪਣੀ ਛੋਟੀ ਉਮਰ ਦੇ ਬਾਵਜੂਦ ਡੂੰਘੀਆਂ ਗੱਲਾਂ ਦੀ ਖੋਜ ਵਿਚ ਜੁਟ ਜਾਂਦਾ ਹੈ। ਜਿਸ ਕਾਰਨ ਉਹ ਮਿਹਨਤੀ ਅਤੇ ਹਿੰਮਤੀ ਇਨਸਾਨ ਬਣਦਾ ਹੋਇਆ ਛੋਟੀ ਉਮਰੇ ਫਿਲਮ ਦਿਖਾਉਣ ਵਾਲਾ ਪ੍ਰੋਜੈਕਟਰ ਤਿਆਰ ਕਰ ਲੈਂਦਾ ਹੈ।ਉਹ ਆਪਣਾ ਸਮਾਂ ਵਿਹਲੀਆਂ ਗੱਲਾਂ ਵਿਚ ਨਹੀਂ ਗੁਜਾਰਦਾ ਸਗੋਂ ਪੜ੍ਹਦਾ ਅਤੇ ਹੋਰ ਜਾਣਕਾਰੀਆਂ ਹਾਸਲ ਕਰਨ ਵਿਚ ਜੁਟਿਆ ਰਹਿੰਦਾ ਹੈ। ਸਾਇੰਸ ਦੇ ਕਈ ਸਵਾਲਾਂ ਦੇ ਜੁਆਬ ਲੱਭਦਾ ਕਈ ਤਰ੍ਹਾਂ ਦੇ ਪ੍ਰਯੋਗ ਕਰਨ ਵਿਚ ਸਫ਼ਲ ਹੋ ਜਾਂਦਾ ਹੈ। ਨਾਵਲਕਾਰ ਨੇ ਆਪਣੀ ਰਸੀਲੀ ਭਾਸ਼ਾ ਵਿਚ ਇਸ ਨਾਵਲ ਦੀ ਸਿਰਜਣਾ ਕਰਕੇ ਬਾਲ ਸਾਹਿਤ ਖਾਸ ਕਰ ਬਾਲ ਨਾਵਲਕਾਰੀ ਦੀ ਝੋਲੀ ਨੂੰ ਅਮੀਰ ਬਣਾਇਆ ਹੈ।

# ਨਵਿਆਂ ਦਾ ਇਮਤਿਹਾਨ !

ਰੱਖਿਆ ਕਰਨਗੇ ਰੱਖੀਏ ਆਸ ਯਾਰੋ
ਭ੍ਰਿਸ਼ਟਾਚਾਰ ਦੇ ਵਾਢੂ ਜਿਹੇ ਦੰਦਿਆਂ ਤੋਂ।
ਨਾਲ਼ ਜੁੜਨਗੇ ਆਪਣੇ 'ਆਪ' ਲੋਕੀ
ਜੇ ਬਚਾਉਣਗੇ ਰਿਸ਼ਵਤੀ ਫੰਧਿਆਂ ਤੋਂ।
ਮੁਕਤ ਹੋਣ ਲਈ ਲੱਗਣਾ ਟਾਈਮ ਹਾਲੇ
ਪਾਏ 'ਸਿਸਟਮ' ਦੇ ਪੂਰਨੇ 'ਗੰਦਿਆਂ' ਤੋਂ।
ਆਉਣੀ ਹੋਰ 'ਗਰਾਂਟ' ਨਾ ਕਿਤੋਂ ਕੋਈ
ਬਿਨਾਂ ਰਾਜ ਸਰਕਾਰ ਦੇ 'ਚੰਦਿਆਂ' ਤੋਂ।
ਅਫਸਰ ਕਿੱਥੋਂ ਲਿਆਉਣਗੇ ਦੁੱਧ-ਧੋਤੇ
ਰਹਿਤ ਹੋਣ ਬਦਨਾਮੀ ਦੇ 'ਧੰਦਿਆਂ' ਤੋਂ।
ਜੁਗਤਿ ਨਾਲ਼ ਕਰਵਾਉਣੇ ਨੇ ਕੰਮ ਪੈਣੇ
'ਬੌਸ' ਦਫਤਰਾਂ ਦੇ 'ਅਤੁਲ ਨੰਦਿਆਂ' ਤੋਂ!


-ਤਰਲੋਚਨ ਸਿੰਘ
'ਦੁਪਾਲ ਪੁਰ'
001-408-915-1268



# ਸਿਰੜ ਤੇ ਸ਼ਹਿਣਸ਼ੀਲਤਾ ਪ੍ਰੇਮ ਦਾ ਪੁਜਾਰੀ ਕਵੀ ਜਗਜੀਤ ਸਿੰਘ ਝੱਤਰਾ

ਮਨੁੱਖੀ ਜੀਵਨ ਕਠਿਨਾਈਆਂ, ਤਕਲੀਫਾਂ, ਕਸ਼ਟਾਂ, ਮੁਸ਼ਕਲਾਂ ਤੇ ਕੰਡਿਆਂ ਭਰਿਆ ਰਾਹ ਹੈ। ਜਿੰਦਾਂ ਦਿਲ ਜਿੰਦਗੀ ਦਾ ਨਾਮ ਹੈ। ਹਮੇਸ਼ਾਂ ਜ਼ਿੰਦਗੀ ਵਿੱਚ ਰਸਤੇ ਵਿੰਗੇ-ਟੇਡੇ ਹੁੰਦੇ ਹਨ। ਵਫਾਦਾਰੀ ਨੇਕ-ਨੀਅਤ, ਨਿਸ਼ਠਾ, ਦ੍ਰਿੜਤਾ, ਨਿਰਪੱਖਤਾ, ਕਰਤੱਵ, ਪਰਾਂਇਣਤਾਂ ਅਤੇ ਜੱਜਬੇ ਭਰਿਆ ਜੀਵਨ ਆਦਰਸ਼ ਆਪੇ ਹੀ ਮੁਸ਼ੱਕਲਾਂ ਪਰੇ ਕਰਕੇ ਰਾਹ ਨੂੰ ਰੋਸ਼ਨ ਬਣਾਉਂਦਾ ਹੈ। ਹਮੇਸ਼ਾ ਜੀਵਨ ਹਾਂ ਪੱਖੀ ਜਿਉਣਾਂ ਹੀ ਜਿਉਂਦੀ ਜਿੰਦਗੀ ਹੈ। ਇਸੇ ਤਰ੍ਹਾਂ ਹੀ ਮੈਂ ਇਕ ਮੇਹਨਤੀ ਤੇ ਦ੍ਰਿੜ ਇਰਾਦੇ ਦੇ ਮਾਲਕ, ਕਲਮ ਦੇ ਧਨੀ ਜਗਜੀਤ ਸਿੰਘ ਝੱਤਰਾ ਬਾਰੇ ਕਾਗਜ਼ ਦੀ ਹਿੱਕ ਦੇ ਉੱਪਰ ਉਲੀਕਣ ਲੱਗਾ ਹਾਂ।

ਕਵੀ ਜਗਜੀਤ ਸਿੰਘ ਦਾ ਜਨਮ ਮਿੱਤੀ 14-8-1953 ਨੂੰ ਪਿੰਡ ਝੱਤਰਾ ਵਿਖੇ ਪਿਤਾ ਸ ਹਰੀ ਸਿੰਘ ਮਾਤਾ ਮਹਿੰਦਰ ਕੌਰ ਦੀ ਕੁੱਖੋਂ ਹੋਇਆ। ਆਪ ਦੇ ਘਰ ਵਿਚ ਗਰੀਬੀ ਹੱਦੋਂ ਵੱਧ ਫੈਲੀ ਹੋਈ ਸੀ। ਜਗਜੀਤ ਸਿੰਘ ਆਪਣੇ ਛੇ ਭੈਣ-ਭਰਾਵਾਂ ਤੋਂ ਸਭ ਤੋਂ ਵੱਡੇ ਸਨ। ਛੋਟੇ ਹੁੰਦੇ ਹੀ ਆਪ ਅਮੀਰ ਬੁੱਧੀ ਦੇ ਮਾਲਕ ਸਨ। ਪੜ੍ਹਨ-ਲਿਖਣ ਤੇ ਨਾਲ ਗਾਉਣ ਦਾ ਵੀ ਸ਼ੌਂਕ ਸੀ। ਸਕੂਲੀ ਬਾਲ ਸਭਾ ਵਿਚ ਆਪ ਹਿੱਸਾ ਲੈਂਦੇ ਸਨ।




ਆਪ ਨੇ ਪ੍ਰਾਇਮਰੀ ਸਿੱਖਿਆ ਪਿੰਡ ਦੇ ਗੁਰਦੁਆਰਾ ਸਾਹਿਬ 'ਚ ਬਣੇ ਸਕੂਲ ਤੋਂ ਪ੍ਰਾਪਤ ਕੀਤੀ। ਅਧਿਆਪਕ ਰਾਜ ਕੁਮਾਰ ਨੇ ਜਗਜੀਤ ਸਿੰਘ ਨੂੰ ਚੰਗੀ ਸਿੱਧੀ ਸੇਧ ਦਿੱਤੀ ਅਤੇ ਪ੍ਰਾਇਮਰੀ ਕਲਾਸਾਂ ਵਿਚ ਪਹਿਲੇ ਨੰਬਰ 'ਤੇ ਜਗਜੀਤ ਸਿੰਘ ਆਉਂਦਾ ਰਿਹਾ। ਮੈਟ੍ਰਿਕ ਦੀ ਪ੍ਰੀਖਿਆ ਗੋਰਮਿੰਟ ਹਾਈ ਸਕੂਲ ਜੀਰਾ ਤੋਂ ਪਾਸ ਕੀਤੀ। ਪੈਸੇ ਘਰ ਨਾ ਹੋਣ ਕਰਕੇ ਮੈਟ੍ਰਿਕ ਬਹੁਤ ਔਖੇ ਵਕਤਾ ਨਾਲ ਪਾਸ ਕੀਤੀ। ਸਕੂਲੋਂ ਆ ਕੇ ਘਰ ਵੀ ਆਪਣੇ ਪਿਤਾ ਜੀ ਨਾਲ ਘਰ ਦੇ ਕੰਮਾਂ ਵਿਚ ਹੱਥ ਵਟਾਉਣਾਂ ਪੈਂਦਾ ਸੀ। ਜਗਜੀਤ ਸਿੰਘ ਦੇ ਦੱਸਣ ਮੁਤਾਬਿਕ ਉਨ੍ਹਾਂ ਦੇ ਪਿਤਾ ਜੀ ਬੜੇ ਮਿਹਨਤੀ ਤੇ ਸਾਹਸੀ ਵਿਅਕਤੀ ਸੀ। ਜਗਜੀਤ ਸਿੰਘ ਨੂੰ ਕਿਹਾ ਕਰਦੇ ਸਨ ਕਿ ਦਿਲ ਲਾ ਕੇ ਪੜ੍ਹੋ, ਜਿੰਨਾਂ ਮਰਜੀ ਪੜ੍ਹ ਲਉ।

ਜਗਜੀਤ ਸਿੰਘ ਨੇ ਗਿਆਨੀ ਦੀ ਪ੍ਰੀਖਿਆ ਵੀ ਪਾਸ ਕੀਤੀ। ਕਾਫੀ ਨੰਬਰ ਲੈ ਕੇ ਕਾਲਜ ਵਿਚ ਨਾਮ ਬਣਾਇਆ। ਅਧਿਆਪਕ ਦੀ ਨੌਕਰੀ ਵਾਸਤੇ ਕੋਸ਼ਿਸ ਕੀਤੀ ਪਰ ਮੇਹਨਤ ਸਫ਼ਲ ਨਾ ਹੋਈ। ਇੰਟਰਵਿਉ ਦੀ ਚਿੱਠੀ ਲੇਟ ਮਿਲਣ ਕਾਰਨ ਅਧਿਆਪਕ ਦੀ ਨੌਕਰੀ ਤੋਂ ਵਾਂਜੇ ਰਹਿ ਗਏ। ਪਰ ਦਿਲ ਨਾ ਛੱਡਿਆ ਅਤੇ ਪਿਤਾ ਜੀ ਦੇ ਕਹਿਣ ਤੇ ਟਰੱਕ ਦੀ ਜਾਂਚ ਸਿੱਖਣ ਲਈ ਆਪਣੇ ਮਾਮਿਆ ਕੋਲ ਜਗਜੀਤ ਸਿੰਘ ਚਲਾ ਗਿਆ, ਕਿਉਂਕਿ ਰੋਟੀ ਰੋਜੀ ਦੀ ਭਾਲ ਸੀ ਪਰ ਜਗਜੀਤ ਨੂੰ ਇਹ ਕੰਮ ਰਾਸ ਨਾ ਆਇਆ। ਉਸਨੂੰ ਇਹ ਕੰਮ ਚੰਗਾ ਨਾ ਲੱਗਿਆ ਅਤੇ ਉਹ ਵਾਪਸ ਆਪਣੇ ਪਿੰਡ ਆ ਗਿਆ ਅਤੇ ਘਰ ਦੇ ਕੰਮਾਂ ਵਿਚ ਜੁੱਟ ਗਿਆ, ਪਰ ਪੜ੍ਹਣ ਦੇ ਸ਼ੌਂਕ ਕਰਕੇ ਪ੍ਰਾਈਵੇਟ ਪੜ੍ਹਾਈ ਕਰਨ ਲੱਗ ਪਿਆ। ਸਹਿਜ਼ੇ-ਸਹਿਜ਼ੇ ਬੀ ਐਸ ਸੀ ਦੀ ਪ੍ਰੀਖਿਆ ਪਾਸ ਕਰ ਲਈ। ਸੱਚੇ ਦਿਲੋਂ ਕਿਰਤ ਦਿਹਾੜੀ, ਮਜ਼ਦੂਰੀ ਕਰਦਾ ਗਿਆ। ਕੁੱਝ ਪੋਸਟਾਂ ਏਰੀਜ਼ ਐਗਰੋ ਵਿੱਚ ਅਖਬਾਰ ਟ੍ਰਿਬਿਊਨ ਵਿਚ ਆਈਆ ਅਤੇ ਅਪਲਾਈ ਕੀਤਾ ਤੇ ਸਲੈਕਟ ਹੋ ਗਿਆ।

ਪਰ ਲਿਖਣਾ ਨਾ ਛੱਡਿਆ, ਸਾਰੇ ਅਖਬਾਰਾਂ, ਮੈਗਜ਼ੀਨਾਂ ਵਿਚ ਆਪਦੀਆਂ ਰਚਨਾਵਾਂ ਛਪਦੀਆਂ ਰਹੀਆ, ਪਰ ਆਰਥਿਕ ਦਿਸ਼ਾ ਠੀਕ ਨਾ ਹੋਣ ਕਾਰਨ ਕੋਈ ਕਿਤਾਬ ਨਾ ਛਪਵਾ ਸਕਿਆ। ਆਪ ਦੀ ਮੈਰਿਜ ਮਿਸ ਗੁਰਮੀਤ ਕੌਰ ਨਾਲ ਹੋਈ। ਆਪ ਦੇ ਘਰ ਚਾਰ ਬੱਚਿਆਂ ਨੇ ਜਨਮ ਲਿਆ ਤੇ ਪਹਿਲਾ ਲੜਕੀ ਸਰਬਜੀਤ ਕੌਰ ਨੇ ਜਨਮ ਲਿਆ ਤੇ ਫੇਰ ਲੜਕੇ ਕੁਲਦੀਪ ਸਿੰਘ ਨੇ, ਲੜਕੇ ਤੋਂ ਪਿੱਛੋਂ ਛੋਟੀਆਂ ਦੋ ਲੜਕੀਆਂ ਚਰਨਜੀਤ ਕੌਰ ਤੇ ਰਣਜੀਤ ਕੌਰ ਨੇ ਜਨਮ ਲਿਆ। ਸਾਰੇ ਬੱਚੇ ਵਿਆਹੇ ਹੋਏ ਹਨ। ਲੜਕੀਆਂ ਆਪੋ-ਆਪਣੀ ਘਰ ਸੁੱਖੀ ਵਸ ਰਹੀਆਂ ਹਨ। ਲੜਕੇ ਕੁਲਦੀਪ ਸਿੰਘ ਦਾ ਵਿਆਹ ਤਲਵੀਰ ਕੌਰ ਨਾਲ ਹੋਇਆ ਹੈ। ਤਲਵੀਰ ਕੌਰ ਬਹੁਤ ਹੀ ਹੋਣਹਾਰ ਤੇ ਸਿਆਣੀ ਲੜਕੀ ਹੈ। ਅੱਗੇ ਕਵੀ ਦੇ ਦੋ ਪੋਤਰੇ ਗੁਰਚੈਨ ਸਿੰਘ ਤੇ ਸੁਖਚੈਨ ਸਿੰਘ ਹਨ, ਦੋਨੋਂ ਹੀ ਵਧੀਆ ਪੜ੍ਹੇ ਲਿਖੇ ਹਨ।



ਏਨਿਆ ਰੁਝੇਂਵਿਆ ਦੇ ਬਾਵਜੂਦ ਵੀ ਜਗਜੀਤ ਸਿੰਘ ਨੇ ਪੜ੍ਹਨਾ ਲਿਖਣਾ ਨਹੀਂ ਛੱਡਿਆ ਹੈ। ਪਿੰਡ 'ਚ ਪੰਜਾਬੀ ਸਾਹਿਤ ਸਭਾ ਝੱਤਰਾ ਦਾ ਗਠਨ ਕੀਤਾ ਹੈ। ਕਵੀ ਜਗਜੀਤ ਸਿੰਘ ਸਭਾ ਦੇ ਪ੍ਰਧਾਨ ਦੇ ਤੌਰ ਤੇ ਸੇਵਾ ਕਰ ਰਹੇ ਹਨ। ਹਰ ਸਭਾ ਵਾਲੇ ਦਿਨ ਲੋੜ ਵੰਦਾਂ ਦੀ ਜਰੂਰੀ ਵਸਤੂਆਂ ਦੀ ਲੋੜ ਪੂਰੀ ਕਰ ਰਹੇ ਹਨ।

ਪਿੰਡ ਦੇ ਪਤਵੰਤੇ ਸੱਜਣ ਪੰਜਾਬੀ ਸਾਹਿਤ ਸਭਾ ਝੱਤਰਾ ਦੀ ਮਾਇਕ ਮੱਦਦ ਕਰ ਰਹੇ ਹਨ। ਜਗਜੀਤ ਸਿੰਘ ਝੱਤਰਾ ਚਿੱਕੜ 'ਚ ਉੱਗਿਆ ਕਮਲ ਦੇ ਫੁੱਲ ਦੀ ਨਿਆਈ ਹਨ। ਜਗਜੀਤ ਸਿੰਘ ਅੱਜਕੱਲ੍ਹ ਆਪਣੀ ਸਰਵਿਸ ਪੂਰੀ ਕਰਕੇ ਪਿੰਡ ਦੇ ਸਮਾਜਿਕ ਕਾਰਜਾਂ 'ਚ ਪਹਿਲ ਦੇ ਆਧਾਰ ਤੇ ਹਿੱਸਾ ਲੈਂਦੇ ਹਨ। ਥੋੜ੍ਹੀ-ਥੋੜ੍ਹੀ ਮਾਇਆ ਇਕੱਠੀ ਕਰਕੇ ਲੋਕਾਂ, ਜੋ ਲੋੜਵੰਦ ਹਨ, ਦੀ ਸੇਵਾ ਕਰ ਰਹੇ ਹਨ। ਪ੍ਰਮਾਤਮਾਂ, ਇਨ੍ਹਾਂ ਨੂੰ ਹਮੇਸ਼ਾਂ ਚੜ੍ਹਦੀਆਂ ਕਲਾ ਵਿਚ ਰੱਖੇ।

**- ਤਸਵਿੰਦਰ ਸਿੰਘ ਬੜੈਚ**

(30 ਮਾਰਚ ਗੁਰਿਆਈ ਦਿਵਸ)

# ਸਿਮਰੌ ਸ੍ਰੀ ਹਰਿ ਰਾਇ ...

ਰਮੇਸ਼ ਬੱਗਾ ਚੋਹਲਾ
91-94631-32719

ਸਿੱਖ ਧਰਮ ਸਮਾਜਿਕ ਸਰੋਕਾਰਾਂ ਵਾਲਾ ਧਰਮ ਹੈ। ਗੁਰੂ ਸਾਹਿਬਾਨ ਨੇ ਮਨੁੱਖ ਦੇ ਲੋਕ ਅਤੇ ਪ੍ਰਲੋਕ ਨੂੰ ਸੁੰਵਾਰਨ ਹਿੱਤ ਬਰਾਬਰਤਾ ਨਾਲ ਯਤਨ ਕੀਤੇ ਹਨ।ਪ੍ਰਲੋਕ ਨੂੰ ਸੰਵਾਰਨ ਹਿੱਤ ਜਿਥੇ ਉਨ੍ਹਾਂ ਨੇ ਆਤਮਿਕ ਪੱਖ ਮਜਬੂਤ ਕਰਨ ਦੀ ਗੱਲ ਕੀਤੀ ਹੈ ਉੱਥੇ ਲੋਕ (ਸਮਾਜ) ਨੂੰ ਸੁੰਵਾਰਨ ਦੀ ਹਾਮੀ ਵੀ ਡੱਟ ਕੇ ਭਰੀ ਹੈ। ਲੋਕ ਨੂੰ ਸੁੰਵਾਰਨ ਹਿੱਤ ਜਿਥੇ ਉੱਚ-ਆਚਰਣ ਅਤੇ ਸਦਵਿਹਾਰ ਦੀ ਵਿਸੇਸ਼ ਮਹੱਤਤਾ ਦੱਸੀ ਗਈ ਹੈ ਉਥੇ ਨਾਲ ਹੀ ਆਪਣੇ ਵਾਤਾਵਰਣ ਨੂੰ ਹਰਾ-ਭਰਾ ਬਣਾ ਕੇ ਉਸ ਦੀ ਸਾਂਭ-ਸੰਭਾਲ ਕਰਨ ਦਾ ਪੱਖ ਵੀ ਪੂਰਿਆ ਗਿਆ ਹੈ।ਇਸ ਤਰ੍ਹਾਂ ਦਾ ਪੱਖ ਪੂਰਨ ਵਾਲੇ ਮਹਾਂਪੁਰਖਾਂ ਵਿਚ ਹੀ ਸ਼ਾਮਿਲ ਹੈ ਵਾਤਾਵਰਣ ਪ੍ਰਤੀ ਵਿਸ਼ੇਸ਼ ਲਗਾਅ ਅਤੇ ਸੁਭਾਅ ਰੱਖਣ ਵਾਲੇ ਸ੍ਰੀ ਗੁਰੂ ਹਰਿ ਰਾਇ ਸਾਹਿਬ ਜੀ ਦਾ ਨਾਮ।ਸਿੱਖ ਹਲਕਿਆਂ ਵਿਚ ਹਰ ਸਾਲ ਉਨ੍ਹਾਂ ਦੇ ਗੁਰਤਾਗੱਦੀ ਦਿਵਸ ਨੂੰ ਵਾਤਾਵਰਣ ਦਿਵਸ ਵਜੋਂ ਬੜੀ ਸ਼ਰਧਾ_ਭਾਵਨਾ ਅਤੇ ਪਿਆਰ ਨਾਲ ਮਨਾਇਆ ਜਾਂਦਾ ਹੈ।

ਗੁਰੂ ਨਾਨਕ ਪਾਤਸ਼ਾਹ ਦੀ ਸੱਤਵੀਂ ਜੋਤ ਸ੍ਰੀ ਹਰਿ ਰਾਏ ਸਾਹਿਬ ਜੀ ਦਾ ਜਨਮ 16 ਜਨਵਰੀ 1630 ਈ. ਨੂੰ ਸ੍ਰੀ ਗੁਰੂ ਹਰਗੋਬਿੰਦ ਜੀ ਦੇ ਵੱਡੇ ਫਰਜੰਦ ਬਾਬਾ ਗੁਰਦਿੱਤਾ ਜੀ ਅਤੇ ਮਾਤਾ ਨਿਹਾਲ ਕੌਰ ਦੀ ਕੁੱਖੋਂ ਕੀਰਤਪੁਰ ਸਾਹਿਬ (ਹੁਸ਼ਿਆਰਪੁਰ) ਵਿੱਚ ਹੋਇਆ। ਗੁਰੂ ਸਾਹਿਬ ਦੇ ਬਚਪਨ ਦਾ ਸਮਾਂ ਕੀਰਤਪੁਰ ਸਾਹਿਬ ਵਿਖੇ ਹੀ ਬੀਤਿਆ। ਜਦੋਂ ਆਪ 8 ਕੁ ਸਾਲ ਦੇ ਹੋਏ, ਆਪ ਜੀ ਦੇ ਪਿਤਾ ਬਾਬਾ ਗੁਰਦਿੱਤਾ ਜੀ ਗੁਰਪੁਰੀ ਪਿਆਨਾ ਕਰ ਗਏ। ਉਮਰ ਦੇ ਅਗਲੇਰੇ 10 ਸਾਲ ਆਪ ਜੀ ਨੇ ਆਪਣੇ ਦਾਦਾ ਸਾਹਿਬ ਸ੍ਰੀ ਗੁਰੂ ਹਰਗੋਬਿੰਦ ਦੀ ਨਜ਼ਰਸਾਨੀ ਹੇਠ ਬਤੀਤ ਕੀਤੇ। ਇਸ ਨਜ਼ਰਸਾਨੀ ਸਦਕਾ ਹੀ ਆਪ ਦੇ ਵਿਅਕਤੀਤਵ ਵਿੱਚ ਦਾਦਾ ਗੁਰੂ ਵਾਲੀਆਂ ਸਿਫਤਾਂ ਪ੍ਰਤੀਬਿੰਬ ਹੁੰਦੀਆਂ ਰਹੀਆਂ ਹਨ।

ਗੁਰੂ ਹਰਿਰਾਏ ਸਾਹਿਬ ਨੇ ਆਪਣੀ ਪ੍ਰਾਇਮਰੀ ਤਲੀਮ ਭਾਈ ਦਰਗਾਹ ਮੱਲ ਤੋਂ ਹਾਸਲ ਕੀਤੀ ਅਤੇ ਸ਼ਸਤਰ ਕਲਾ ਭਾਈ ਬਿਧੀ ਚੰਦ ਛੀਨਾ ਤੋਂ ਗ੍ਰਹਿਣ ਕੀਤੀ। ਆਪ ਜੀ ਦੀ ਵਿਸ਼ੇਸ਼ ਲਗਨ ਅਤੇ ਮਿਹਨਤ ਅਤੇ ਉਸਤਾਦਾਂ ਦੀ ਸੰਜੀਦਗੀ ਕਰਨ ਤੇ ਆਪ 13-14 ਸਾਲ ਦੀ ਉਮਰ ਤੱਕ ਸ਼ਸ਼ਤਰ ਅਤੇ ਸ਼ਾਸਤਰ ਸਿੱਖਿਆ ਵਿੱਚ ਬਰਾਬਰਤਾ ਨਾਲ ਮੁਹਾਰਤ ਪ੍ਰਾਪਤ ਕਰ ਗਏ। ਆਪ ਜੀ ਦੇ ਉਸਤਾਦਾਂ ਵਿੱਚ ਪੁਰੋਹਿਤ ਜਾਤੀ ਮੱਲ ਦਾ ਨਾਮ ਵੀ ਜ਼ਿਕਰਯੋਗ ਹੈ।

ਸੱਤਵੇਂ ਪਾਤਸ਼ਾਹ ਜਿੱਥੇ ਗਿਆਨਵਾਨ, ਮਿੱਠੇ ਅਤੇ ਨਿੱਘੜੇ ਸੁਭਾਅ ਦੇ ਮਾਲਕ ਸਨ, ਉੱਥੇ ਉਨ੍ਹਾਂ ਦਾ ਹਿਰਦਾ ਵੀ ਬੜਾ ਕੋਮਲ ਅਤੇ ਤਰਸੀਲਾ ਸੀ। ਇਤਿਹਾਸ ਵਿੱਚ ਜ਼ਿਕਰ ਆਉਂਦਾ ਹੈ ਕਿ ਇੱਕ ਵਾਰੀ ਕਰਤਾਰਪੁਰ ਦੇ ਬਾਗ ਵਿੱਚ ਸੈਰ ਕਰ ਰਹੇ ਸਨ, ਉਸ ਸਮੇਂ ਹਵਾ ਬੜੀ ਤੇਜੀ ਨਾਲ ਵੱਗ ਰਹੀ ਸੀ। ਹਵਾ ਦੇ ਕਾਰਨ ਆਪ ਜੀ ਦਾ ਜਾਮਾ ਕੁੱਝ ਬੂਟਿਆਂ ਨਾਲ ਉਲਝ ਗਿਆ। ਇਸ ਉਲਝਣ ਸਦਕਾ ਕੁੱਝ ਫੁੱਲ ਟਹਿਣੀ ਨਾਲੋਂ ਟੁੱਟ ਕੇ ਹੇਠਾਂ ਡਿੱਗ ਪਏ। ਟੁੱਟੇ ਫੁੱਲਾਂ ਨੂੰ ਦੇਖ ਕੇ ਗੁਰੂ ਸਾਹਿਬ ਦੇ ਕੋਮਲ ਹਿਰਦੇ ਨੂੰ ਬਹੁਤ ਠੇਸ ਪਹੁੰਚੀ। ਇੰਨੇ ਚਿਰ ਵਿੱਚ ਸ੍ਰੀ ਹਰਗੋਬਿੰਦ ਜੀ ਕੋਲ ਆਏ ਅਤੇ ਉਦਾਸੀ ਦਾ ਕਾਰਨ ਪੁੱਛਿਆ। ਆਪ ਜੀ ਨੇ ਕਿਹਾ ਕਿ ਸੱਚੇ ਪਾਤਸ਼ਾਹ ਮੇਰੇ ਖੁੱਲ੍ਹੇ ਜਾਮੇ ਨਾਲ ਅੜ੍ਹ ਕੇ ਇਹ ਵਿਚਾਰੇ ਨਿਰਦੋਸ਼ ਫੁੱਲ ਹੇਠਾਂ ਡਿੱਗ ਪਏ ਹਨ। ਇਸ ਮੌਕੇ 'ਤੇ ਛੇਵੇਂ ਪਾਤਸ਼ਾਹ ਨੇ ਇੱਕ ਉਪਦੇਸ਼ਮਈ ਜਵਾਬ ਦਿੰਦਿਆਂ ਕਿਹਾ ਕਿ ਜੇ ਜਾਮਾ ਵੱਡਾ ਪਹਿਨੀਏ ਤਾਂ ਸੰਭਲ ਕੇ ਤੁਰਨਾ ਚਾਹੀਦਾ ਹੈ। ਉਪਦੇਸ਼ ਬੜਾ ਸਪੱਸ਼ਟ ਸੀ ਕਿ ਜੇ ਜ਼ਿੰਮੇਵਾਰੀ ਵੱਡੀ ਚੁੱਕ ਲਈਏ ਤਾਂ ਤਾਕਤ ਦੀ ਵਰਤੋਂ ਸੋਚ ਸਮਝ ਕੇ ਕਰਨੀ ਚਾਹੀਦੀ ਹੈ। ਇਹ ਤਾਕਤ ਨਿਆਸਰਿਆਂ ਦਾ ਆਸਰਾ ਬਣਨੀ ਚਾਹੀਦੀ ਹੈ। ਸ੍ਰੀ ਗੁਰੂ ਹਰਿਰਾਏ ਜੀ ਨੇ ਆਪਣੇ ਦਾਦਾ ਗੁਰੂ ਜੀ ਦੇ ਉਪਦੇਸ਼ ਨੂੰ ਘੁੱਟ ਕੇ ਪੱਲ੍ਹੇ ਨਾਲ ਬੰਨ੍ਹ ਲਿਆ। ਸਾਰੀ ਹਯਾਤੀ ਇਸ ਉਪਦੇਸ਼ ਦੀ ਕਮਾਈ ਕੀਤੀ ਅਤੇ ਤਾਣ ਹੁੰਦਿਆਂ ਵੀ ਨਿਤਾਣੇ ਬਣੇ ਰਹੇ। ਗੁਰੂ ਸਾਹਿਬ ਸ਼ੇਖ ਫਰੀਦ ਜੀ ਦੇ ਇਹ ਬਚਨ ਬੜੇ ਪ੍ਰੇਮ ਨਾਲ ਉਚਾਰਿਆ ਕਰਦੇ ਸਨ :-

ਸਭਨਾ ਮਨ ਮਾਣਿਕ
ਠਾਹੁਣ ਮੂਲ ਮਚਾਂਗਣਾ॥
ਜੇ ਤਉ ਪਿਰੀਆ ਦੀ ਸਿੱਕ ਹਿਆਉ ਨਾ ਠਾਹੇ ਕਹੀਦਾ॥

ਇਸ ਤੋਂ ਇਲਾਵਾ ਉਹ ਸ਼ਬਦ 'ਪਾਤੀ ਤੋਰੈ ਮਾਲਿਨੀ ਪਾਤੀ ਪਾਤੀ ਜੀਓ' ਵੀ ਬੜੇ ਵਿਸਮਾਦ ਵਿੱਚ ਗਾਇਆ ਕਰਦੇ ਸਨ।

ਸ੍ਰੀ ਗੁਰੂ ਹਰਿ ਰਾਏ ਸਾਹਿਬ ਦੀ ਸ਼ਾਦੀ ਅਨੂਪ ਸ਼ਹਿਰ (ਯੂ.ਪੀ.) ਦੇ ਵਸਨੀਕ ਸ੍ਰੀ ਦਇਆ ਰਾਮ ਦੀ ਸਪੁੱਤਰੀ ਬੀਬੀ ਕ੍ਰਿਸ਼ਨ ਕੌਰ ਜੀ ਨਾਲ ਹੋਈ।ਆਪ ਜੀ ਦੇ ਘਰ ਦੋ ਸਪੁੱਤਰ ਸ੍ਰੀ ਰਾਮ ਰਾਏ ਅਤੇ ਸ੍ਰੀ ਹਰਿਕ੍ਰਿਸ਼ਨ ਜੀ ਪੈਦਾ ਹੋਏ।




ਛੇਵੇਂ ਪਾਤਸ਼ਾਹ ਸ੍ਰੀ ਗੁਰੂ ਹਰਿਗੋਬਿੰਦ ਜੀ 3 ਮਾਰਚ 1644 ਈ. ਨੂੰ ਐਤਵਾਰ ਵਾਲੇ ਦਿਨ ਜੋਤੀ ਜੋਤ ਸਮਾ ਗਏ ਸਨ। ਉਸ ਤੋਂ ਪੰਜ ਦਿਨ ਬਾਅਦ 8 ਮਾਰਚ ਵਾਲੇ ਦਿਨ ਸ੍ਰੀ ਹਰਿਮੰਦਰ ਸਾਹਿਬ ਦੇ ਗ੍ਰੰਥੀ ਭਾਈ ਭਾਨਾ (ਸਪੁੱਤਰ ਬਾਬਾ ਬੁੱਢਾ ਸਾਹਿਬ) ਜੀ ਨੇ ਗੁਰੂ ਹਰਿ ਰਾਏ ਜੀ ਨੂੰ ਗੁਰਿਆਈ ਦਾ ਤਿਲਕ ਲਗਾਇਆ। ਸੱਤਵੇਂ ਨਾਨਕ ਸ੍ਰੀ ਹਰਿ ਰਾਏ ਨੇ ਆਪਣੇ ਦਾਦਾ ਗੁਰੂ ਵਾਂਗ ਸਿੱਖਾਂ ਵਿੱਚੋਂ ਬੀਰ ਰਸ ਨੂੰ ਮੱਧਮ ਨਹੀਂ ਪੈਣ ਦਿੱਤਾ।2000 ਤੋਂ ਵੀ ਵਧੇਰੇ ਸੈਨਿਕ ਜਿੱਥੇ ਯੁੱਧ ਕਲਾਵਾਂ ਦਾ ਅਕਸਰ ਅਭਿਆਸ ਕਰਦੇ ਰਹਿੰਦੇ ਸਨ, ਉੱਥੇ ਕਿਸੇ ਵੀ ਔਖੀ ਘੜੀ ਦਾ ਸਾਹਮਣਾ ਕਰਨ ਲਈ ਸਦਾ ਚੜ੍ਹਦੀ ਕਲਾ ਵਿੱਚ ਰਹਿੰਦੇ ਸਨ।

ਆਪ ਜੀ ਵੱਲੋਂ ਗੁਰੂ ਦੇ ਲੰਗਰ ਲਈ ਇੱਕ ਵਿਸ਼ੇਸ਼ ਹਦਾਇਤ ਸੀ ਕਿ ਭੁੱਖ ਦਾ ਕੋਈ ਸਮਾਂ ਨਹੀਂ ਹੁੰਦਾ, ਜਦੋਂ ਵੀ ਕੋਈ ਲੋੜਵੰਦ ਲੰਗਰ ਵਿੱਚ ਆ ਜਾਵੇ, ਉਸ ਨੂੰ ਪ੍ਰਸ਼ਾਦਾ ਪਾਣੀ ਤਿਆਰ ਕਰਕੇ ਛਕਾਇਆ ਜਾਵੇ। ਆਪ ਇੰਨੇ ਰਹਿਮ ਦਿਲ ਸਨ ਕਿ ਕਿਸੇ ਵੀ ਦੁੱਖੀ ਦੇ ਦੁੱਖ ਨੂੰ ਸਹਿਣ ਨਹੀਂ ਸਨ ਕਰ ਸਕਦੇ। ਇਸ ਲਈ ਰੋਗੀਆਂ ਨੂੰ ਨਿਰੋਗ ਕਰਨ ਲਈ ਉਨ੍ਹਾਂ ਨੇ ਇੱਕ ਦਵਾਖਾਨਾ ਵੀ ਖੋਲ੍ਹਿਆ ਹੋਇਆ ਸੀ। ਇਸ ਦਵਾਖਾਨੇ ਵਿੱਚੋਂ ਗਰੀਬਾਂ ਅਤੇ ਲੋੜਵੰਦਾਂ ਨੂੰ ਦਵਾਈਆਂ ਮੁਫਤ ਦਿੱਤੀਆਂ ਜਾਂਦੀਆਂ ਸਨ। ਮੁਗਲ ਬਾਦਸ਼ਾਹ ਸ਼ਾਹਜਹਾਨ ਦਾ ਪੁੱਤਰ ਦਾਰਾ ਸ਼ਿਕੋਹ ਵੀ ਉਨ੍ਹਾਂ ਵੱਲੋਂ ਦਿੱਤੀਆਂ ਦਵਾਈਆਂ ਦੀ ਬਦੌਲਤ ਹੀ ਸਿਹਤਯਾਬ ਹੋਇਆ ਸੀ। ਇੱਥੇ ਹੀ ਬੱਸ ਨਹੀਂ, ਲੋੜ ਪੈਣ 'ਤੇ ਗੁਰੂ ਸਾਹਿਬ ਨੇ ਦਾਰਾ ਸ਼ਿਕੋਹ ਦੀ ਮੱਦਦ ਵੀ ਕੀਤੀ।

ਜਦੋਂ ਔਰੰਗਜ਼ੇਬ ਨੇ ਗੁਰੂ ਸਾਹਿਬ ਨੂੰ ਦਿੱਲੀ ਬੁਲਾਇਆ ਤਾਂ ਆਪ ਨੇ ਆਪਣੇ ਜੇਠੇ ਪੁੱਤਰ ਰਾਮਰਾਇ ਨੂੰ ਭੇਜ ਦਿੱਤਾ ਅਤੇ ਨਾਲ ਹੀ ਹਦਾਇਤ ਕੀਤੀ ਕਿ ਔਰੰਗਜ਼ੇਬ ਦੇ ਦਰਬਾਰ ਵਿੱਚ ਜਾ ਕੇ ਜੋ ਵੀ ਬਚਨ ਬਿਲਾਸ ਕਰਨੇ ਹਨ, ਉਹ ਗੁਰੂ ਨਾਨਕ ਪਾਤਸ਼ਾਹ ਦੇ ਆਸ਼ੇ ਦੇ ਅਨੁਸਾਰੀ ਹੋਣੇ ਚਾਹੀਦੇ ਹਨ, ਪਰ ਗੁਰੂ ਸਾਹਿਬ ਦੀ ਹਦਾਇਤ ਦੇ ਉਲਟ ਰਾਮ ਰਾਇ ਨੇ ਬਾਦਸ਼ਾਹ ਨੂੰ ਖੁਸ਼ ਕਰਨ ਹਿੱਤ ਰੱਬੀ ਬਾਣੀ ਵਿੱਚ ਹੇਰ-ਫੇਰ ਕਰਦਿਆਂ ਮਿੱਟੀ ਮੁਸਲਮਾਨ ਦੀ ਵਾਲੀ ਪੰਕਤੀ ਨੂੰ ਮਿੱਟੀ ਬੇਈਮਾਨ ਦੀ ਕਹਿ ਕੇ ਬਾਦਸ਼ਾਹ ਨੂੰ ਤਾਂ ਖੁਸ਼ ਕਰ ਲਿਆ ਪਰ ਗੁਰੂ ਨਾਨਕ ਦੇ ਘਰ ਨਾਲ ਸਦਾ ਵਾਸਤੇ ਨਰਾਜ਼ਗੀ ਮੁੱਲ ਲੈ ਲਈ। ਗੁਰੂ ਹਰਿਰਾਏ ਸਾਹਿਬ ਨੂੰ ਰਾਮ ਰਾਇ ਦੀ ਇਸ ਕਾਰਵਾਈ ਨਾਲ ਬੜਾ ਦੁੱਖ ਹੋਇਆ ਅਤੇ ਉਨ੍ਹਾਂ ਨੇ ਫੈਸਲਾ ਕੀਤਾ ਕਿ ਉਹ ਸਾਰੀ ਉਮਰ ਉਸ ਨੂੰ ਮੂੰਹ ਨਹੀਂ ਲਗਾਉਣਗੇ। ਇਸੇ ਕਰਕੇ ਉਨ੍ਹਾਂ ਨੇ ਗੁਰਗੱਦੀ ਦਾ ਹੱਕਦਾਰ ਆਪਣੇ ਛੋਟੇ ਪੁੱਤਰ ਸ੍ਰੀ (ਗੁਰੂ) ਹਰਿਕ੍ਰਿਸ਼ਨ ਨੂੰ ਬਣਾਇਆ ਸੀ। ਗੁਰੂ ਹਰਿਰਾਏ ਸਾਹਿਬ ਦਾ ਅਖਰੀਲਾ ਸਮਾਂ ਕੀਰਤਪੁਰ ਸਾਹਿਬ ਵਿੱਚ ਹੀ ਬੀਤਿਆ। 6 ਅਕਤੂਬਰ 1661 ਈ. (ਸੰਮਤ 1718) ਦਿਨ ਐਤਵਾਰ ਵਾਲੇ ਦਿਨ ਜੋਤੀ ਜੋਤ ਸਮਾ ਗਏ। ਆਪ ਜੀ ਦਾ ਅੰਤਿਮ ਸਸਕਾਰ ਸਤਿਲੁਜ ਦਰਿਆ ਦੇ ਕੰਢੇ ਪਾਤਾਲਪੁਰੀ ਵਿੱਚ ਕੀਤਾ ਗਿਆ।

ਜਨਮ ਦਿਨ 'ਤੇ ਵਿਸ਼ੇਸ਼

# ਸ਼ਹੀਦ ਭਾਈ ਮਨੀ ਸਿੰਘ ਜੀ



ਪ੍ਰਮਿੰਦਰ ਸਿੰਘ ਪ੍ਰਵਾਨਾ
510-781-0487



ਸਿੱਖ ਇਤਿਹਾਸ ਵਿਚ ਭਾਈ ਮਨੀ ਸਿੰਘ ਜੀ ਦਾ ਵਿਸ਼ੇਸ਼ ਸਥਾਨ ਹੈ। ਉਹ ਗੁਰਬਾਣੀ ਦੇ ਲਿਪੀਕਾਰ, ਵਿਆਖਿਆਕਾਰ, ਸੁਚੇਤ ਪ੍ਰਬੰਧਕ ਅਤੇ ਮਹਾਨ ਯੋਧਾ ਸਨ, ਜਿਹਨਾਂ ਨੇ ਅੰਮ੍ਰਿਤਸਰ ਦੀ ਮਰਿਆਦਾ ਨੂੰ ਕਾਇਮ ਰੱਖਿਆ। ਧਰਮ ਬਚਾਉਣ ਲਈ ਜਬਰ ਨੂੰ ਸਰਬ ਨਾਲ ਹੰਢਾਇਆ। ਅਜਿਹੇ ਮਹਾਨ ਸ਼ਹੀਦਾਂ ਦੀ ਕੁਰਬਾਨੀ ਸਿੱਖ ਅਰਦਾਸ ਦਾ ਹਿੱਸਾ ਬਣੀ ਕਿ-

ਜਿਨ੍ਹਾਂ ਸਿੰਘ ਸਿੰਘਣੀਆਂ ਨੇ ਧਰਮਹੇਤ ਸੀਸ ਦਿੱਤੇ,
ਬੰਦ ਬੰਦ ਕਟਾਏ ....

ਭਾਈ ਮਨੀ ਸਿੰਘ ਜੀ ਦਾ ਜਨਮ 10 ਮਾਰਚ 1644 ਈ: ਨੂੰ ਪਿੰਡ ਅਲੀਪੁਰ, ਜ਼ਿਲ੍ਹਾ ਮੁਜੱਫਰਗੜ੍ਹ (ਪਾਕਿਸਤਾਨ) ਵਿਖੇ ਪਿਤਾ ਭਾਈ ਮਾਈ ਦਾਸ ਅਤੇ ਮਾਤਾ ਮਧਰੀ ਬਾਈ ਦੇ ਘਰ ਹੋਇਆ। ਬਚਪਨ ਦਾ ਨਾਂ ਮਨੀ ਰਾਮ (ਮਨੀਆ) ਸੀ। ਉਹ 1657 ਈ: ਨੂੰ ਆਪਣੇ ਪਿਤਾ ਨਾਲ ਗੁਰੂ ਹਰਿਰਾਏ ਜੀ ਦੇ ਦਰਸ਼ਨ ਕਰਨ ਕੀਰਤਪੁਰ ਸਾਹਿਬ ਆਏ ਸਨ। ਉਹਨਾਂ ਦਾ ਵਿਆਹ 1659 ਈ: ਵਿਚ ਲਖੀਰਾਇ ਦੀ ਧੀ ਸੀਤੋ ਬਾਈ ਨਾਲ ਹੋਇਆ। ਉਹ ਗੁਰੂ ਹਰਿਕ੍ਰਿਸ਼ਨ ਜੀ ਕੋਲ ਦਿੱਲੀ ਚਲੇ ਗਏ। ਫਿਰ 1664 ਈ: ਨੂੰ ਗੁਰੂ ਤੇਗ ਬਹਾਦਰ ਜੀ ਕੋਲ ਬਾਬਾ ਬਕਾਲਾ ਪਹੁੰਚ ਗਏ। ਜਦੋਂ 1675 ਈ: ਨੂੰ ਗੁਰੂ ਤੇਗ ਬਹਾਦਰ ਜੀ ਦੀ ਦਿੱਲੀ ਰਵਾਨਗੀ ਸਮੇਂ ਉਹਨਾਂ ਨੂੰ ਗੁਰੂ ਗੋਬਿੰਦ ਸਿੰਘ ਜੀ ਕੋਲ ਆਨੰਦਪੁਰ ਸਾਹਿਬ ਛੱਡ ਗਏ। ਗੁਰੂ ਤੇਗ ਬਹਾਦਰ ਜੀ ਦੀ ਸ਼ਹੀਦੀ ਵੇਲੇ ਭਾਈ ਮਤੀ ਦਾਸ, ਭਾਈ ਸਤੀ ਦਾਸ ਅਤੇ ਭਾਈ ਦਿਆਲਾ ਜੀ ਵੀ ਨਾਲ ਸਨ। ਉਬਲਦੀ ਦੇਗ ਵਿਚ ਸ਼ਹੀਦੀ ਆਉਣ ਵਾਲੇ ਭਾਈ ਦਿਆਲਾ ਜੀ ਭਾਈ ਮਨੀ ਰਾਮ ਦੇ ਭਰਾ ਸਨ। ਭਾਈ ਮਨੀ ਰਾਮ ਜੀ ਗੁਰੂ ਗੋਬਿੰਦ ਸਿੰਘ ਜੀ ਦੀ ਸੇਵਾ ਵਿਚ ਰਹੇ। ਸੰਨ 1688 'ਚ ਭੰਗਾਣੀ, 1690 'ਚ ਨਦੌਣ ਦੀਆਂ ਜੰਗਾਂ ਵਿਚ ਬੜੀ ਬਹਾਦਰੀ ਨਾਲ ਹਿੱਸਾ ਲਿਆ। ਉਹਨਾਂ ਨੇ ਇਕ ਸੂਰਬੀਰ ਯੋਧਾ ਹੋਣ ਦਾ ਸਬੂਤ ਦਿੱਤਾ। ਸੰਨ 1691 ਨੂੰ ਉਹਨਾਂ ਨੂੰ ਦੀਵਾਨ ਦੀ ਉਪਾਧੀ ਮਿਲੀ।

ਸੰਨ 1599 ਦੀ ਵਿਸਾਖੀ ਤੇ ਅੰਮ੍ਰਿਤ ਛਕ ਕੇ ਮਨੀ ਸਿੰਘ ਬਣ ਗਏ। ਸੰਨ 1704 ਈ: ਦੀ 6-7 ਪੋਹ ਦੀ ਵਿਚਕਾਰਲੀ ਰਾਤ ਨੂੰ ਗੁਰੂ ਗੋਬਿੰਦ ਸਿੰਘ ਜੀ ਨੇ ਆਨੰਦਪੁਰ ਦਾ ਕਿਲਾ ਛੱਡਿਆ ਤਾਂ ਭਾਈ ਸਾਹਿਬ ਗੁਰੂ ਕੇ ਮਹਿਲਾਂ ਨੂੰ ਦਿੱਲੀ ਪਹੁੰਚਾਉਣ ਵਿਚ ਸਫਲ ਹੋਏ। ਜਦੋਂ ਗੁਰੂ ਜੀ ਮੁਕਤਸਰ ਦੀ ਜੰਗ ਤੋਂ ਤਲਵੰਡੀ ਸਾਬੋ ਪਹੁੰਚੇ ਤਾਂ ਭਾਈ ਸਾਹਿਬ ਗੁਰੂ ਕੇ ਮਹਿਲਾਂ ਅਤੇ ਸੰਗਤ ਨਾਲ ਦਮਦਮਾ ਸਾਹਿਬ ਪੁੱਜ ਗਏ। ਇੱਥੇ ਹੀ ਗੁਰੂ ਸਾਹਿਬ ਜੀ ਨੇ ਭਾਈ ਸਾਹਿਬ ਪਾਸੋਂ 'ਗੁਰੂ ਗ੍ਰੰਥ ਸਾਹਿਬ ਜੀ ਦੀ ਦਮਦਮੀ ਬੀੜ' ਲਿਖਵਾਈ ਸੀ।

ਹਰਿਮੰਦਰ ਸਾਹਿਬ ਜੀ ਦੀ ਗੁਰ ਮਰਿਆਦਾ ਪ੍ਰਪੱਕ ਚਲਾਉਣ ਲਈ ਗੁਰੂ ਸਾਹਿਬ ਜੀ ਨੇ ਭਾਈ ਸਾਹਿਬ ਨੂੰ ਹਰਿਮੰਦਰ ਸਾਹਿਬ ਦਾ ਮੁੱਖ ਗ੍ਰੰਥੀ ਨਿਯੁਕਤ ਕੀਤਾ। ਸੰਨ 1738ਈ: ਨੂੰ ਭਾਈ ਸਾਹਿਬ ਨੇ ਚਾਹਿਆ ਕਿ ਸਾਰੇ ਸਿੱਖ ਇਕੱਠੇ ਹੋ ਕੇ ਅੰਮ੍ਰਿਤਸਰ ਵਿਖੇ 'ਬੰਦੀ ਛੋੜ' ਦਿਵਸ ਮਨਾਉਣ। ਜਕਰੀਆ ਖਾਂ ਗਵਰਨਰ ਲਾਹੌਰ ਨੇ ਸੁਰੱਖਿਆ ਪ੍ਰਦਾਨ ਕਰਨ ਲਈ 5000 ਮੋਹਰਾਂ ਦਾ ਕਰ ਲਾ ਦਿੱਤਾ। ਨਾਲ ਹੀ ਜਕਰੀਆ ਖਾਂ ਅਤੇ ਦੀਵਾਨ ਲਖਪਤ ਰਾਏ ਨੇ ਵਿਉਂਤ ਬਣਾ ਲਈ ਕਿ ਅੰਮ੍ਰਿਤਸਰ ਇਕੱਠੇ ਹੋਣ ਵਾਲੇ ਸਿੱਖਾਂ ਨੂੰ ਘੇਰ ਕੇ ਮਾਰ ਮੁਕਾਇਆ ਜਾਵੇ। ਮੁਗਲ ਪ੍ਰਬੰਧਕਾਂ ਦੀ ਇਸ ਚਾਲ ਦਾ ਪਤਾ ਭਾਈ ਸਾਹਿਬ ਨੂੰ ਲੱਗ ਗਿਆ। ਕਤਲੋਗਾਰਤ ਦੇ ਬਚਾਅ ਲਈ ਉਹਨਾਂ ਨੇ ਸੰਗਤਾਂ ਨੂੰ ਪੂਰਬ 'ਤੇ ਨਾ ਪਹੁੰਚਣ ਦੇ ਸੁਨੇਹੇ ਭੇਜ ਦਿੱਤੇ। ਸੰਗਤਾਂ ਦੇ ਨਾ ਪੁੱਜਣ ਕਰਕੇ ਚੜ੍ਹਤ ਦੀ ਧਨਰਾਸ਼ੀ ਵਿਚੋਂ ਸਰਕਾਰੀ ਕਰ ਅਦਾ ਨਹੀਂ ਕੀਤਾ ਜਾ ਸਕਦਾ ਸੀ। ਇਸ ਲਈ ਰਕਮ ਇਕੱਠੀ ਕਰਨ ਲਈ ਵਿਸਾਖੀ ਪੂਰਬ ਦੀ ਸਰਕਾਰੀ ਪ੍ਰਵਾਨਗੀ ਮਿਲੀ। ਗੁਪਤ ਰੂਪ ਵਿਚ ਸੂਬਾ ਲਾਹੌਰ ਨੇ ਇਹ ਪ੍ਰਵਾਨਗੀ ਫਿਰ ਸਿੱਖਾਂ ਨੂੰ ਖਤਮ ਕਰਨ ਲਈ ਹੀ ਦਿੱਤੀ ਸੀ। ਭਾਈ ਸਾਹਿਬ ਨੇ ਸਿੱਖਾਂ ਦੇ ਕਤਲੇਆਮ ਨੂੰ ਰੋਕਣ ਲਈ ਫਿਰ ਸੁਨੇਹੇ ਭੇਜ ਦਿੱਤੇ ਕਿ ਹਕੂਮਤ ਦੀ ਚਾਲ ਸਿੱਖਾਂ ਨੂੰ ਖਤਮ ਕਰਨ ਦੀ ਹੈ, ਇਸ ਤੋਂ ਬਚਾਅ ਲਈ ਸੰਗਤ ਨਾ ਪਹੁੰਚੇ। ਪਰ ਫਿਰ ਵੀ ਕੁਝ ਸ਼ਰਧਾਲੂ ਪਹੁੰਚ ਹੀ ਗਏ ਤਾਂ ਸੂਬਾ ਲਾਹੌਰ ਨੇ ਲਖਪਤ ਰਾਏ ਨੂੰ ਫੌਜ ਦੇ ਹਰਿਮੰਦਰ ਸਾਹਿਬ 'ਤੇ ਹਮਲਾ ਕਰਵਾ ਦਿੱਤਾ, ਜਿਸ ਵਿਚ ਸਿੱਖਾਂ ਦਾ ਜਾਨੀ ਨੁਕਸਾਨ ਹੋਇਆ। ਭਾਈ ਮਨੀ ਸਿੰਘ ਜੀ ਨੂੰ ਸਿੰਘਾਂ ਸਮੇਤ ਗ੍ਰਿਫ਼ਤਾਰ ਕਰਕੇ ਲਾਹੌਰ ਭੇਜ ਦਿੱਤਾ। ਉਥੇ ਸਰਕਾਰੀ ਕਰ ਨਾ ਅਦਾ ਕਰਨ ਦਾ ਇਲਜ਼ਾਮ ਲਗਾ ਕੇ ਮੌਤ ਦੇ ਘਾਟ ਉਤਾਰਨ ਦੀ ਧਮਕੀ ਦਿੱਤੀ ਗਈ। ਮੁਗਲਾਂ ਦੀ ਜਬਰੀ ਧਰਮ ਪ੍ਰੀਵਰਤਨ ਦੀ ਨੀਤੀ ਹੇਠ ਭਾਈ ਸਾਹਿਬ ਨੂੰ ਇਸਲਾਮ ਕਬੂਲ ਕਰਨ ਲਈ ਕਿਹਾ ਗਿਆ। ਕਈ ਤਰ੍ਹਾਂ ਦੇ ਲਾਲਚ ਦਿੱਤੇ ਗਏ ਡਰਾਵੇ ਦਿੱਤੇ ਗਏ। ਅੰਤ ਵਿਚ ਜਕਰੀਆ ਖਾਂ ਨੇ ਭਾਈ ਮਨੀ ਸਿੰਘ ਜੀ ਨੂੰ ਬੰਦ-ਬੰਦ ਕੱਟ ਕੇ ਸ਼ਹੀਦ ਕਰਨ ਦਾ ਹੁਕਮ ਬਣਾ ਦਿੱਤਾ। ਭਾਈ ਸਾਹਿਬ ਨੇ ਇਸ ਸਜ਼ਾ ਨੂੰ ਹੱਸ ਕੇ ਕਬੂਲ ਕੀਤਾ। ਉਹਨਾਂ ਦੇ ਨਾਲ ਦੇ ਸਿੰਘਾਂ ਵਿਚ ਭਾਈ ਦੀਵਾਨ ਸਿੰਘ ਜੀ ਨੂੰ ਆਰੇ ਨਾਲ ਚੀਰਨ, ਭਾਈ ਗੁਲਜਾਰ ਸਿੰਘ, ਭਾਈ ਸਾਹਿਬ ਦੇ ਭਰਾ ਨੂੰ ਪੁੱਠਿਆਂ ਲਟਕਾ ਕੇ ਖੱਲ ਲਾਹ ਕੇ ਸ਼ਹੀਦ ਕੀਤਾ। ਭਾਈ ਮਨੀ ਸਿੰਘ ਜੀ ਨਖਾਸ ਚੌਂਕ ਲਾਹੌਰ ਲੰਡੇ ਬਜ਼ਾਰ ਵਿਚ 90 ਸਾਲ ਦੀ ਉਮਰ ਵਿਚ 24 ਜੂਨ 1734 ਨੂੰ ਬੰਦ ਬੰਦ ਕੱਟ ਕੇ ਸ਼ਹੀਦ ਕਰ ਦਿੱਤਾ।

ਭਾਈ ਮਨੀ ਸਿੰਘ ਜੀ ਦਾ ਸਸਕਾਰ ਭਾਈ ਸੁਬੇਗ ਸਿੰਘ ਤੇ ਲਾਹੌਰੀ ਸਿੱਖਾਂ ਨੇ ਮਸਤੀ ਦਰਵਾਜ਼ਿਉਂ ਬਾਹਰ ਸ਼ਾਹੀ ਕਿਲੇ ਕੋਲ ਕੀਤਾ, ਜਿੱਥੇ ਗੁਰਦੁਆਰਾ ਸ਼ਹੀਦਗੰਜ ਦੂਸਰਾ ਬਣਿਆ ਹੋਇਆ ਸੀ। ਭਾਈ ਸਾਹਿਬ ਦਾ ਸਮੁੱਚਾ ਜੀਵਨ ਸਿਦਕ, ਸੇਵਾ ਭਾਵ ਦਾ ਰਿਹਾ, ਜਿਸ ਵਿਚ ਭਗਤੀ ਅਤੇ ਸ਼ਕਤੀ ਦਾ ਸੁਮੇਲ ਸੀ। ਮੌਤ ਨੂੰ ਸਾਹਮਣੇ ਰੱਖ ਕੇ ਵੀ ਨਾ ਡਰਨ ਵਾਲੇ ਜੀਵਨ ਮਰਨ ਵਿਚ ਫਰਕ ਨਹੀਂ ਸਮਝਦੇ।

ਭਾਈ ਮਨੀ ਸਿੰਘ ਜੀ ਦੀ ਸ਼ਹੀਦੀ ਅਤੇ ਸਿੱਖ ਪੰਥ ਦੀਆਂ ਸਮੂਹ ਸ਼ਹੀਦੀਆਂ ਨੂੰ ਹਮੇਸ਼ਾ ਯਾਦ ਰੱਖਣਾ ਚਾਹੀਦਾ ਹੈ। ਸ਼ਹੀਦੀਆਂ ਜੀਵਨ ਵਿਚ ਚਾਨਣ ਮੁਨਾਰੇ ਦੀ ਰੌਸ਼ਨੀ ਵਿਚ ਸੇਧ ਦਿੰਦੀਆਂ ਰਹਿਣਗੀਆਂ।

# ਭਾਰਤ ਨੂੰ ਘੇਰਨ ਲਈ ਟ੍ਰਾਂਸ-ਹਿਮਾਲੀਅਨ ਰੇਲ ਪ੍ਰੋਜੈਕਟ 'ਤੇ ਤੇਜ਼ੀ ਨਾਲ ਕੰਮ ਕਰ ਰਿਹੈ ਚੀਨ

**ਕਾਠਮੰਡੂ-** ਸਰਹੱਦੀ ਖੇਤਰਾਂ ਵਿੱਚ ਰੇਲ ਸੰਪਰਕ ਨੂੰ ਅੱਗੇ ਵ ਧਾਉਣ ਦੇ ਉਦੇਸ਼ ਨਾਲ, ਚੀਨ ਆਪਣੇ ਰਣਨੀਤਕ ਹਿੱਤਾਂ ਦੀ ਪੂਰਤੀ ਲਈ ਨੇਪਾਲ-ਚੀਨ ਰੇਲਵੇ ਪ੍ਰੋਜੈਕਟ ਨੂੰ ਅੱਗੇ ਵਧਾ ਰਿਹਾ ਹੈ। ਇਕ ਰਿਪੋਰਟ ਮੁਤਾਬਕ ਚੀਨ ਨੇ ਆਪਣੀਆਂ ਸਰਹੱਦਾਂ ਦੇ ਅੰਦਰ ਰੇਲ ਕਨੈਕਟੀਵਿਟੀ 'ਤੇ ਤੇਜ਼ੀ ਨਾਲ ਤਰੱਕੀ ਕੀਤੀ ਹੈ ਅਤੇ ਹੁਣ ਨੇਪਾਲ ਸਰਹੱਦ 'ਤੇ ਟ੍ਰਾਂਸ-ਹਿਮਾਲੀਅਨ ਰੇਲਵੇ 'ਤੇ ਕੰਮ ਕਰ ਰਿਹਾ ਹੈ ਜੋ ਸਿਰਫ ਇਕ ਸਿਆਸੀ ਚਾਲ ਹੈ।ਕਾਠਮੰਡੂ ਵਿੱਚ ਚੀਨੀ ਦੂਤਾਵਾਸ ਨੇ ਕਥਿਤ ਤੌਰ 'ਤੇ ਨੇਪਾਲੀ ਅਧਿਕਾਰੀਆਂ ਨੂੰ ਦੱਸਿਆ ਕਿ ਬੀਜਿੰਗ ਪ੍ਰਸਤਾਵਿਤ ਚੀਨ-ਨੇਪਾਲ ਕਰਾਸ ਬਾਰਡਰ ਰੇਲਵੇ (ਸੀਐਨਆਰ) ਪ੍ਰੋਜੈਕਟ, ਜੋ ਕਿ ਕੇਰੋਂਗ ਨੂੰ ਤਿੱਬਤ ਵਿੱਚ ਕਾਠਮੰਡੂ ਨਾਲ ਜੋੜਦਾ ਹੈ, ਦੇ ਸੰਭਾਵੀ ਅਧਿਐਨ ਲਈ ਸਹਾਇਤਾ ਦੀ ਸਹੂਲਤ ਲਈ ਇੱਕ ਸਾਧਨ ਬਣਾ ਰਿਹਾ ਹੈ ਅਤੇ ਦਸਤਖਤ ਕਰਨ ਲਈ ਤਿਆਰ ਹੈ। ਮਾਹਿਰਾਂ ਮੁਤਾਬਕ ਇਸ ਰੇਲ ਪ੍ਰਾਜੈਕਟ ਦਾ ਅਸਲ ਮਕਸਦ ਚੀਨ ਦੀ ਰਣਨੀਤਕ ਮਹੱਤਤਾ ਹੈ ਕਿਉਂਕਿ ਇਸ ਵਿਚ ਵਪਾਰਕ ਸੰਭਾਵਨਾਵਾਂ ਜ਼ਿਆਦਾ ਨਹੀਂ ਹਨ। ਇਸ ਦੇ ਜ਼ਰੀਏ ਚੀਨ ਤੇਜ਼ੀ ਨਾਲ ਨੇਪਾਲ ਦੀ ਸਰਹੱਦ 'ਚ ਫੌਜਾਂ ਨੂੰ ਦਾਖਲ ਕਰ ਸਕਦਾ ਹੈ ਅਤੇ ਭਾਰਤ ਨੂੰ ਅੱਖ ਦਿਖਾ ਸਕਦਾ ਹੈ। ਦੱਸ ਦੇਈਏ ਕਿ ਲੱਦਾਖ 'ਚ ਸਰਹੱਦੀ ਵਿਵਾਦ ਤੋਂ ਬਾਅਦ ਤੋਂ ਹੀ ਭਾਰਤ ਅਤੇ ਚੀਨ ਦੇ ਰਿਸ਼ਤੇ ਖਰਾਬ ਚੱਲ ਰਹੇ ਹਨ। ਕਈ ਦੌਰ ਦੀ ਗੱਲਬਾਤ ਦੇ ਬਾਵਜੂਦ ਕੋਈ ਸਿੱਧਾ ਹੱਲ ਨਹੀਂ ਨਿਕਲਿਆ। ਜਿਵੇਂ ਕਿ੍ਖ ਪੋਸਟ ਦੁਆਰਾ ਰਿਪੋਰਟ ਕੀਤਾ ਗਿਆ ਹੈ, CRFSDI ਅਧਿਐਨ ਦਾ ਅੰਦਾਜ਼ਾ ਹੈ ਕਿ ਕੇਰੋਂਗ-ਕਾਠਮੰਡੂ ਰੇਲ ਟ੍ਰੈਕ ਨੂੰ ਵਿਕਸਤ ਕਰਨ ਲਈ 9 ਸਾਲ ਅਤੇ 30 ਹਜ਼ਾਰ ਕਰੋੜ (2018 ਵਿੱਚ ਨੇਪਾਲ ਦੀ ਕੁੱਲ ਆਮਦਨ ਦੇ ਬਰਾਬਰ) ਦਾ ਸਮਾਂ ਲੱਗੇਗਾ। ਰਿਪੋਰਟ 'ਚ ਕਿਹਾ ਗਿਆ ਹੈ ਕਿ ਨੇਪਾਲ ਵਾਲੇ ਪਾਸੇ ਲਗਭਗ 98 ਫੀਸਦੀ ਰੇਲਵੇ 'ਤੇ ਸੁਰੰਗਾਂ ਅਤੇ ਪੁਲ ਹੋਣਗੇ ਅਤੇ ਇਸ ਪ੍ਰਾਜੈਕਟ 'ਤੇ ਮੌਜੂਦਾ ਅੰਦਾਜ਼ੇ ਤੋਂ ਕਿਤੇ ਜ਼ਿਆਦਾ ਲਾਗਤ ਆਵੇਗੀ।

# 1956 ਵਿੱਚ ਪਟਿਆਲਾ ਨੂੰ ਜ਼ਿਲ੍ਹਾ ਬਣਾਉਣ ਤੋਂ ਬਾਅਦ ਇੱਕ ਵੀ ਔਰਤ ਨੂੰ ਪਟਿਆਲਾ ਦੀ ਡਿਪਟੀ ਕਮਿਸ਼ਨਰ ਨਹੀਂ ਲਗਾਇਆ



ਹਰਦੀਪ ਸਿੰਘ ਚੁੰਬਰ
91-94636-01616

1947 ਵਿੱਚ ਭਾਰਤ-ਪਾਕ ਵੰਡ ਦੇ ਬਾਅਦ ਭਾਰਤੀ ਪੰਜਾਬ ਰਾਜ ਬਣਾਇਆ ਗਿਆ ਸੀ, ਜਦੋਂ ਭਾਰਤ ਦੀ ਵੰਡ ਨੇ ਪੰਜਾਬ ਦੇ ਸਾਬਕਾ ਰਾਜ ਸੂਬੇ ਨੂੰ ਭਾਰਤ ਅਤੇ ਪਾਕਿਸਤਾਨ ਵਿਚਕਾਰ ਵੰਡ ਦਿੱਤਾ ਸੀ। 1950 ਵਿੱਚ, ਦੋ ਵੱਖਰੇ ਰਾਜ ਬਣਾਏ ਗਏ ਸਨ; ਪੰਜਾਬ ਵਿੱਚ ਪੰਜਾਬ ਦੇ ਸਾਬਕਾ ਰਾਜ ਪ੍ਰਾਂਤ ਸ਼ਾਮਲ ਸਨ, ਜਦੋਂ ਕਿ ਪਟਿਆਲਾ, ਨਾਭਾ, ਜੀਂਦ, ਕਪੂਰਥਲਾ, ਮਲੇਰਕੋਟਲਾ, ਫਰੀਦਕੋਟ ਅਤੇ ਕਲਸੀਆ ਦੀਆਂ ਰਿਆਸਤਾਂ ਨੂੰ ਇੱਕ ਨਵਾਂ ਰਾਜ, ਪਟਿਆਲਾ ਅਤੇ ਈਸਟ ਪੰਜਾਬ ਸਟੇਟਸ ਯੂਨੀਅਨ (ਪੈਪਸੂ) ਵਿੱਚ ਮਿਲਾ ਦਿੱਤਾ ਗਿਆ ਸੀ। ਹਿਮਾਚਲ ਪ੍ਰਦੇਸ਼ ਨੂੰ ਕਈ ਰਿਆਸਤਾਂ ਅਤੇ ਕਾਂਗੜਾ ਜ਼ਿਲੇ ਨੂੰ ਇੱਕ ਕੇਂਦਰ ਸ਼ਾਸਤ ਪ੍ਰਦੇਸ਼ ਵਜੋਂ ਬਣਾਇਆ ਗਿਆ ਸੀ। 1956 ਵਿੱਚ, ਪੈਪਸੂ ਨੂੰ ਪੰਜਾਬ ਰਾਜ ਵਿੱਚ ਮਿਲਾ ਦਿੱਤਾ ਗਿਆ, ਅਤੇ ਹਿਮਾਲਿਆ ਵਿੱਚ ਪੰਜਾਬ ਦੇ ਕਈ ਉੱਤਰੀ ਜ਼ਿਲ੍ਹੇ ਹਿਮਾਚਲ ਪ੍ਰਦੇਸ਼ ਵਿੱਚ ਸ਼ਾਮਲ ਕੀਤੇ ਗਏ।

1956 ਵਿੱਚ ਪਟਿਆਲਾ ਨੂੰ ਜ਼ਿਲ੍ਹਾ ਬਣਾਉਣ ਤੋਂ ਬਾਅਦ ਇੱਕ ਵੀ ਔਰਤ ਨੂੰ ਪਟਿਆਲਾ ਦੀ ਡਿਪਟੀ ਕਮਿਸ਼ਨਰ ਨਹੀਂ ਬਣਾਇਆ ਗਿਆ। ਸਾਕਸ਼ੀ ਸਾਹਨੀ ਆਈਏਐਸ ਦੀ ਪਟਿਆਲਾ ਦੀ ਡਿਪਟੀ ਕਮਿਸ਼ਨਰ ਵਜੋਂ ਨਿਯੁਕਤੀ ਹੋਣ ਨਾਲ ਉਨ੍ਹਾਂ ਨੂੰ ਇਸ ਜ਼ਿਲ੍ਹੇ ਦੀ ਪਹਿਲੀ ਮਹਿਲਾ ਅਧਿਕਾਰੀ ਬਣਨ ਦਾ ਮਾਣ ਪ੍ਰਾਪਤ ਹੋਇਆ ਹੈ, ਜਿਸ ਨੂੰ ਉਹ ਅੱਜ ਸ਼ਾਮ ਨੂੰ ਜੁਆਇਨ ਕਰਨ ਜਾ ਰਹੀ ਹੈ।ਇੱਥੋਂ ਤੱਕ ਕਿ ਇੱਕ ਮਹਿਲਾ ਸੰਸਦ ਮੈਂਬਰ ਨੇ ਲੋਕ ਸਭਾ ਵਿੱਚ ਪਟਿਆਲਾ ਦੀ ਨੁਮਾਇੰਦਗੀ ਕੀਤੀ, ਪਰ ਸ਼ਾਹੀ ਸ਼ਹਿਰ ਨੂੰ ਕਦੇ ਵੀ ਇੱਕ ਮਹਿਲਾ ਡਿਪਟੀ ਕਮਿਸ਼ਨਰ ਮਿਲਣ ਦਾ ਸੁਭਾਗ ਨਹੀਂ ਮਿਲਿਆ। ਮੁੱਖ ਮੰਤਰੀ ਵਜੋਂ ਨੌਕਰੀਆਂ ਵਿੱਚ ਔਰਤਾਂ ਨੂੰ ਰਾਖਵਾਂਕਰਨ ਦੇਣ ਵਾਲੇ ਕੈਪਟਨ ਅਮਰਿੰਦਰ ਸਿੰਘ ਆਪਣੇ ਗ੍ਰਹਿ ਸ਼ਹਿਰ ਪਟਿਆਲਾ ਵਿੱਚ ਲੋਕਲ ਬਾਡੀ ਚੋਣਾਂ ਵਿੱਚ ਇੱਕ ਮਹਿਲਾ ਅਧਿਕਾਰੀ ਨੂੰ ਡਿਪਟੀ ਕਮਿਸ਼ਨਰ ਵਜੋਂ ਤਾਇਨਾਤ ਕਰਨ ਵਿੱਚ ਅਸਫਲ ਰਹੇ।

ਪਟਿਆਲਾ ਦੀ ਪਹਿਲੀ ਡਿਪਟੀ ਕਮਿਸ਼ਨਰ ਬਣਨ ਤੋਂ ਪਹਿਲਾਂ ਸਾਕਸ਼ੀ ਸਾਹਨੀ, ਆਈਏਐਸ (2014) ਦੀ ਇਸ ਤੋਂ ਪਹਿਲਾਂ ਪੋਸਟਿੰਗ ਵਧੀਕ ਸਕੱਤਰ, ਤਾਲਮੇਲ ਅਤੇ ਵਧੀਕ ਸਟਾਫ ਅਫਸਰ, ਮੁੱਖ ਸਕੱਤਰ, ਪੰਜਾਬ, ਜੂਨ 2020 ਤੋਂ ਸੀ।ਸਾਕਸ਼ੀ ਸਾਹਨੀ ਨੇ ਸਿਵਲ ਸਰਵਿਸਿਜ਼ ਇਮਤਿਹਾਨ ਵਿੱਚ ਆਲ ਇੰਡੀਆ ਰੈਂਕ 6 ਪ੍ਰਾਪਤ ਕੀਤਾ ਅਤੇ ਆਪਣੇ ਟੀਚੇ ਨੂੰ ਪ੍ਰਾਪਤ ਕਰਨ ਲਈ ਸੱਚੀ ਲੜਾਈ ਦੀ ਭਾਵਨਾ ਦਿਖਾਈ। IFS ਦੀ ਬਜਾਏ IAS ਵਿੱਚ ਸ਼ਾਮਲ ਹੋਣ ਦੀ ਚੋਣ ਕਰਦੇ ਹੋਏ, ਸਾਕਸ਼ੀ ਨੇ ਕਿਹਾ ਸੀ ਕਿ ਪ੍ਰਸ਼ਾਸਕੀ ਸੇਵਾਵਾਂ ਖੇਤਰ-ਅਧਾਰਿਤ ਮੌਕਿਆਂ ਦੀ ਇੱਕ ਵੱਡੀ ਕਿਸਮ ਦੀ ਪੇਸ਼ਕਸ਼ ਕਰਦੀਆਂ ਹਨ।

ਸਾਕਸ਼ੀ ਸੇਵਾ ਪਿਛੋਕੜ ਵਾਲੇ ਪਰਿਵਾਰ ਨਾਲ ਸਬੰਧਤ ਹੈ। ਉਹ ਇੱਕ ਭਾਰਤੀ ਮਾਲੀਆ ਸੇਵਾ ਅਧਿਕਾਰੀ ਦੀ ਧੀ ਹੈ ਅਤੇ ਉਸਦੀ ਮਾਂ ਇੱਕ ਸਕੂਲ ਦੀ ਹੈੱਡਮਾਸਟਰ ਹੈ ਜੋ ਪਛੜੇ ਬੱਚਿਆਂ ਨੂੰ ਪੂਰਾ ਸਹਿਯੋਗ ਕਰਦੀ ਹੈ ਭਾਵ 'ਦੀਪਲਿਆ' ਨਾਮ ਦੀ ਇੱਕ ਐੱਨ ਜੀ ਓ ਵਜੋਂ ਕੰਮ ਕਰਦੀ ਹੈ। ਅਤੇ ਉਸਦੀ ਭੈਣ ਇੱਕ ਬੈਂਕਰ ਹੈ। ਸਾਕਸ਼ੀ ਸਾਹਨੀ ਨੇ 2012 ਵਿੱਚ NALSAR ਯੂਨੀਵਰਸਿਟੀ ਆਫ਼ ਲਾਅ, ਹੈਦਰਾਬਾਦ ਤੋਂ BA LLB ਵਿੱਚ ਗ੍ਰੈਜੂਏਸ਼ਨ ਕੀਤੀ ਅਤੇ 8 ਗੋਲਡ ਮੈਡਲਾਂ ਦੇ ਨਾਲ ਉਸਦੇ ਬੈਚ ਦੇ ਟਾਪਰਾਂ ਵਿੱਚੋਂ ਇੱਕ ਸੀ।

ਉਹਨਾ ਦਾ ਕਹਿਣਾ ਹੈ ਕਿ ਉਹਨਾਆਪਣੀਆਂ ਸਿਵਲ ਸੇਵਾਵਾਂ ਵਿੱਚ, ਉਸਨੇ ਸਾਕਸ਼ੀ ਨੂੰ ਆਪਣੇ ਵਿਕਲਪਿਕ ਪੇਪਰ ਵਜੋਂ ਕਾਨੂੰਨ ਲਈ ਚੁਣਿਆ। ਕਿਉਂਕਿ ਕਾਨੂੰਨ ਦੀ ਪੜ੍ਹਾਈ ਕਰਦਿਆਂ ਉਸ ਨੂੰ ਅਹਿਸਾਸ ਹੋਇਆ ਕਿ ਉਹ ਆਪਣੀ ਸਿੱਖਿਆ ਨੂੰ ਆਪਣੇ ਤੋਂ ਵੱਡੇ ਮਕਸਦ ਲਈ ਵਰਤਣਾ ਚਾਹੁੰਦੀ ਹੈ। ਇਸੇ ਲਈ ਸਭ ਤੋਂ ਪਹਿਲਾਂ ਉਸ ਦੇ ਮਨ ਵਿਚ ਸਿਵਲ ਸਰਵਿਸ ਵਿਚ ਜਾਣ ਦਾ ਖ਼ਿਆਲ ਆਇਆ। ਉਸ ਦਾ ਕਹਿਣਾ ਸੀ, “ਮੈਂ ਇੱਕ ਕਾਨੂੰਨ ਗ੍ਰੈਜੂਏਟ ਹਾਂ ਅਤੇ ਇੱਕ ਸੇਵਾ ਪਿਛੋਕੜ ਵਾਲੇ ਪਰਿਵਾਰ ਨਾਲ ਸਬੰਧਤ ਹਾਂ। ਮੇਰੇ ਪਿਤਾ ਜੀ ਖੁਦ ਇੱਕ ਸਿਵਲ ਸਰਵੈਂਟ ਹਨ ਅਤੇ ਮੇਰੀ ਮਾਂ ਇੱਕ ਸਕੂਲ ਦੀ ਪ੍ਰਿੰਸੀਪਲ ਹੈ ਜੋ ਗਰੀਬ ਬੱਚਿਆਂ ਨੂੰ ਪੂਰਾ ਕਰਦਾ ਹੈ। ਮੇਰੀ ਭੈਣ ਇੱਕ ਬੈਂਕਰ ਹੈ। ਕਾਨੂੰਨ ਦੀ ਪੜ੍ਹਾਈ ਕਰਦੇ ਸਮੇਂ ਮੈਨੂੰ ਅਹਿਸਾਸ ਹੋਇਆ ਕਿ ਮੈਂ ਆਪਣੀ ਸਿੱਖਿਆ ਨੂੰ ਆਪਣੇ ਆਪ ਤੋਂ ਵੱਡੇ ਉਦੇਸ਼ ਲਈ ਵਰਤਣਾ ਚਾਹੁੰਦਾ ਸੀ। ਇਹ ਉਦੋਂ ਹੈ ਜਦੋਂ ਮੈਂ ਪਹਿਲੀ ਵਾਰ ਸਿਵਲ ਸੇਵਾ ਵਿੱਚ ਸ਼ਾਮਲ ਹੋਣ ਦਾ ਵਿਚਾਰ ਆਇਆ ਸੀ। ਇਸ ਤੱਥ ਨੇ ਕਿ ਮੇਰੇ ਪਿਤਾ ਜੀ ਇੱਕ ਸਰਕਾਰੀ ਕਰਮਚਾਰੀ ਸਨ, ਨੇ ਮੇਰੀ ਬਹੁਤ ਮਦਦ ਕੀਤੀ।“ ਉਹਨਾ ਦਾ ਕਹਿਣਾ ਸੀ, “ਇਲੈਕਟ੍ਰਾਨਿਕ ਅਤੇ ਹਾਰਡਕਾਪੀ ਦਾ ਮਿਸ਼ਰਣ, ਪਹਿਲਾਂ ਮੈਂ ਮੁੱਖ ਸਿਲੇਬਸ ਨੂੰ ਯਾਦ ਕੀਤਾ।ਮੈਂ ਤਿੰਨ ਅਖਬਾਰਾਂ (ਜ਼ਿਆਦਾਤਰ ਵਾਰ) ਪੜ੍ਹਦੀ ਹਾਂ- ਦ ਹਿੰਦੂ, ਦਿ ਇੰਡੀਅਨ ਐਕਸਪ੍ਰੈਸ ਅਤੇ ਫਾਈਨੈਂਸ਼ੀਅਲ ਐਕਸਪ੍ਰੈਸ/ਬਿਜ਼ਨਸ ਸਟੈਂਡਰਡ (ਵਪਾਰਕ ਅਖਬਾਰਾਂ ਜੋ ਮੈਂ ਚੋਣਵੇਂ ਤੌਰ 'ਤੇ ਪੜ੍ਹਦੀ ਹਾਂ)। ਮੈਂ ਵੱਖਰੀਆਂ ਨੋਟਬੁੱਕਾਂ ਬਣਾਈਆਂ - I.R, ਸਮਾਜਿਕ ਮੁੱਦੇ, ਸੱਭਿਆਚਾਰ/ਇਤਿਹਾਸ/ਭੂਗੋਲ, S&T, ਸ਼ਬਦਾਵਲੀ, ਸੁਰੱਖਿਆ ਮੁੱਦੇ, ਵਾਤਾਵਰਣ ਆਦਿ, ਜਿਸ ਵਿੱਚ ਮੈਂ ਅਖਬਾਰਾਂ ਤੋਂ ਨੋਟ ਲਏ।ਨੋਟਸ ਅੱਪਡੇਟ ਕਰਨ ਲਈ ਵੈੱਬਸਾਈਟਾਂ: mrunal.org; ipb.inci.n;i nisghtsoinnida.com; PRSi/dsa ਤੋਂ ਸੰਬੰਧਿਤ ਈਮੇਲ ਅੱਪਡੇਟ । ਮੈਂ ਤਿਆਰੀ ਲਈ ਪੜ੍ਹੀਆਂ ਸਾਰੀਆਂ ਕਿਤਾਬਾਂ ਤੋਂ ਨੋਟਸ (ਹਾਰਡ ਕਾਪੀ) ਵੀ ਬਣਾਏ। ਤੇਜ਼ ਸੰਸ਼ੋਧਨ ਲਈ ਮੈਂ ਕਿਤਾਬਾਂ 'ਤੇ ਬਹੁਤ ਸਾਰੀਆਂ ਪੋਸਟਾਂ ਦੀ ਵਰਤੋਂ ਕੀਤੀ ਜਿੱਥੇ ਮੈਂ ਕਿਸੇ ਵੀ ਨੋਟਬੁੱਕ ਵਿੱਚ ਸਿੱਧੇ ਨੋਟ ਨਹੀਂ ਲਏ। ਇਹ ਵਿਸ਼ੇਸ਼ ਤੌਰ 'ਤੇ ਸਫ਼ਰ ਕਰਨ, ਲਾਈਨ ਵਿੱਚ ਉਡੀਕ ਕਰਨ ਆਦਿ ਦੌਰਾਨ ਲਾਭਦਾਇਕ ਸੀ।“



“ਮੈਂ ਅਕਸਰ ਬਰੇਕ ਲੈਂਦੀ ਸੀ। ਮੈਂ ਨਿਯਮਿਤ ਤੌਰ 'ਤੇ ਕਸਰਤ ਕੀਤੀ। ਮੈਂ ਹਰ ਸ਼ੁੱਕਰਵਾਰ ਨੂੰ ਤਾਜ਼ਾ ਰਿਲੀਜ਼ ਨੂੰ ਫੜਨ ਦੀ ਕੋਸ਼ਿਸ਼ ਕੀਤੀ। ਜਿਨ੍ਹਾਂ ਦਿਨਾਂ ਵਿਚ ਮੈਂ ਪੜ੍ਹਾਈ ਨਹੀਂ ਕਰ ਸਕਦਾ ਸੀ, ਮੈਂ ਪੂਰੇ ਦਿਨ ਦੀ ਛੁੱਟੀ ਲੈ ਲਈ ਸੀ। ਅਜੇ ਵੀ ਕਈ ਦਿਨ ਅਜਿਹੇ ਸਨ ਜਦੋਂ ਮੈਂ ਆਪਣੇ ਮੂਡ ਸਵਿੰਗ ਦੇ ਅੱਗੇ ਝੁਕ ਗਿਆ। ਤੁਹਾਡੇ ਕੋਲ ਔਖੇ ਦਿਨ ਹੋਣਗੇ ਪਰ ਇਸਨੂੰ ਆਸਾਨੀ ਨਾਲ ਲਓ ਅਤੇ ਯਾਦ ਰੱਖੋ 'ਇਹ ਵੀ ਪਾਸ ਹੋਵੇਗਾ।' ਨਾਲ ਹੀ ਜੇਕਰ ਤੁਸੀਂ ਇਸ ਇਮਤਿਹਾਨ ਨੂੰ ਲਿਖਣ ਦਾ ਕਾਰਨ ਜਾਣਦੇ ਹੋ- ਤਾਂ ਇਹ ਤੁਰੰਤ ਤੁਹਾਨੂੰ ਉਤਸ਼ਾਹਿਤ ਕਰੇਗਾ ਅਤੇ ਤੁਹਾਡੇ ਮੂਡ ਅਤੇ ਦ੍ਰਿੜਤਾ ਨੂੰ ਵਧਾ ਦੇਵੇਗਾ।ਕਿਸੇ ਵੀ ਮੁਕਾਬਲੇ ਦੀ ਪ੍ਰੀਖਿਆ ਵਿੱਚ 1-2 ਫੇਲ੍ਹ ਹੋਣ ਤੋਂ ਬਾਅਦ, ਮਾਨਸਿਕ ਸੰਤ੍ਰਿਪਤਾ ਦਾ ਪੜਾਅ ਆਉਂਦਾ ਹੈ। ਵਿਅਕਤੀ ਬੁੱਕਲਿਸਟ ਨੂੰ ਜਾਣਦਾ ਹੈ, ਉਹ ਜਾਣਦਾ ਹੈ ਕਿ ਕਾਮਯਾਬ ਹੋਣ ਲਈ ਕੀ ਜ਼ਰੂਰੀ ਹੈ। ਪਰ ਇਸ ਦਾ ਨਤੀਜਾ ਨਹੀਂ ਨਿਕਲਦਾ।... ਸਾਰੇ ਜਜ਼ਬਾਤੀ ਸੰਘਰਸ਼ ਦਾ ਜ਼ਿਕਰ ਨਾ ਕਰਨਾ-ਉਨ੍ਹਾਂ ਪਰੇਸ਼ਾਨ ਗੁਆਂਢੀਆਂ ਦੇ ਖਿਲਾਫ। ਮੇਰੇ ਸਵਾਲ ਦੋ ਹਨ:

ਇਹ ਪਹਿਲਾਂ ਬਹੁਤ ਮੁਸ਼ਕਲ ਸੀ, ਖਾਸ ਕਰਕੇ ਸਮਾਜਿਕ ਸਥਿਤੀਆਂ ਵਿੱਚ। ਸ਼ੁਕਰ ਹੈ, ਮੇਰੇ ਪਰਿਵਾਰ ਨੇ ਸੱਚਮੁੱਚ ਮੇਰਾ ਸਮਰਥਨ ਕੀਤਾ। ਮੈਂ ਦਲਾਈ ਲਾਮਾ ਦੀ ਬਿੱਲੀ ਨਾਂ ਦੀ ਇੱਕ ਬਹੁਤ ਵਧੀਆ ਕਿਤਾਬ ਪੜ੍ਹੀ ਜਿਸ ਨੇ ਸੱਚਮੁੱਚ ਮੈਨੂੰ ਇਹ ਸਮਝਣ ਵਿੱਚ ਮਦਦ ਕੀਤੀ ਕਿ ਮੈਨੂੰ ਸਾਰੀਆਂ ਸਥਿਤੀਆਂ ਨਾਲ ਬਰਾਬਰੀ ਨਾਲ ਨਜਿੱਠਣ ਦੀ ਲੋੜ ਹੈ। ਇਹ 'ਅਸਥਿਰਤਾ' ਅਤੇ 'ਦਿਸ ਟੂ ਸ਼ੱਲ ਪਾਸ' ਦੀ ਧਾਰਨਾ 'ਤੇ ਵੀ ਜ਼ੋਰ ਦਿੰਦਾ ਹੈ। ਮੈਂ ਇਸ ਤਰੀਕੇ ਨਾਲ ਆਪਣੇ ਨਿਰਾਸ਼ਾ ਨਾਲ ਨਜਿੱਠਣ ਦੀ ਕੋਸ਼ਿਸ਼ ਕੀਤੀ।ਮੇਰੀ ਪਹਿਲੀ ਕੋਸ਼ਿਸ਼ ਵਿੱਚ ਮੇਰੇ ਲੇਖ ਦੇ ਅੰਕ ਬਹੁਤ ਘੱਟ ਸਨ। ਇਸ ਲਈ ਬਾਕੀ ਹਰ ਚੀਜ਼ (ਇੰਟਰਵਿਊ ਸਮੇਤ) ਵਿੱਚ ਚੰਗੇ ਅੰਕ ਪ੍ਰਾਪਤ ਕਰਨ ਦੇ ਬਾਵਜੂਦ ਮੈਂ ਫਾਈਨਲ ਲਿਸਟ ਵਿੱਚ ਥਾਂ ਨਹੀਂ ਬਣਾ ਸਕੀ। ਮੈਂ 'ਪੀਪੀਪੀ: ਕੀ ਭਾਰਤ ਵਿੱਚ ਅਸਫਲਤਾ' 'ਤੇ ਲਿਖਿਆ ਸੀ। ਸੱਚ ਕਹਾਂ ਤਾਂ, ਮੈਨੂੰ ਅਜੇ ਵੀ ਪੱਕਾ ਪਤਾ ਨਹੀਂ ਹੈ ਕਿ ਮੈਨੂੰ ਇੰਨਾ ਮਾੜਾ ਕਿਉਂ ਚਿੰਨ੍ਹਿਤ ਕੀਤਾ ਗਿਆ ਸੀ। ਇਸ ਕੋਸ਼ਿਸ਼ ਵਿਚ ਮੈਂ ਬਸਤੀਵਾਦੀ ਮਾਨਸਿਕਤਾ 'ਤੇ ਲਿਖਿਆ ਅਤੇ ਇਸ ਵਿਸ਼ੇ 'ਤੇ ਆਪਣੀ ਸਥਿਤੀ ਨੂੰ ਸ਼ੁਰੂ ਵਿਚ ਹੀ ਸਪੱਸ਼ਟ ਕਰ ਦਿੱਤਾ ਤਾਂ ਜੋ ਮੇਰੇ ਸਟੈਂਡ ਬਾਰੇ ਕੋਈ ਭੁਲੇਖਾ ਨਾ ਰਹੇ। ਪਰ ਹੁਣ ਵੀ ਮੈਂ ਸਿਰਫ 80/250 ਸਕੋਰ ਕੀਤਾ ਹੈ- ਇਸ ਲਈ ਮੈਂ ਅਸਲ ਵਿੱਚ ਲੇਖ ਲਿਖਣ ਬਾਰੇ ਸਲਾਹ ਨਹੀਂ ਦੇ ਸਕਦੀ।

ਜਵਾਬ ਲਿਖਣਾ; ਸੰਸ਼ੋਧਨ ਅਤੇ ਮੁੜ-ਸੋਧ। ਤੁਸੀਂ ਕਦੇ ਵੀ ਅਸਲ ਵਿੱਚ ਸਿਲੇਬਸ ਨੂੰ ਪੂਰਾ ਨਹੀਂ ਕਰੋਗੇ ਇਸਲਈ ਆਪਣੀ ਸੰਸ਼ੋਧਨ ਸ਼ੁਰੂ ਕਰਨ ਲਈ ਅੰਤ ਤੱਕ ਇੰਤਜ਼ਾਰ ਨਾ ਕਰੋ। ਇਸ ਨੂੰ ਹਰ ਹਫ਼ਤੇ ਕਰੋ। ਜੇ ਤੁਸੀਂ ਆਪਣੇ ਨੋਟਸ ਨੂੰ ਨਿਯਮਿਤ ਤੌਰ 'ਤੇ ਫਲਿਪ ਕਰਦੇ ਹੋ, ਤਾਂ ਉਹ 25-10 ਸਵਾਲਾਂ ਦੀ ਸਥਿਤੀ ਵਿੱਚ ਜਕੜ ਜਾਣਗੇ ਅਤੇ ਤੁਹਾਡੀ ਯਾਦਦਾਸ਼ਤ ਬਹੁਤ ਜ਼ਿਆਦਾ ਹੋ ਜਾਵੇਗੀ। ਸਾਕਸ਼ੀ ਸਾਹਨੀ ਆਈਏਐਸ ਕੇਡਰ ਦੇ 2014 ਬੈਚ ਨਾਲ ਸਬੰਧਤ ਹੈ ਅਤੇ ਐਸਡੀਐਮ ਵਜੋਂ ਇਹ ਉਨ੍ਹਾਂ ਦੀ ਪਹਿਲੀ ਤਾਇਨਾਤੀ ਸੀ। ਇਸ ਤੋਂ ਪਹਿਲਾਂ ਉਹ ਸ੍ਰੀ ਮੁਕਤਸਰ ਸਾਹਿਬ ਵਿਖੇ ਆਪਣੀ ਸਿਖਲਾਈ ਪੂਰੀ ਕੀਤੀ ਸੀ।



# ਕੀ ਭੁੱਲਾਂ ਨੂੰ ਸੁਧਾਰਨਾ ਅਵੱਗਿਆ ਹੈ?



ਸਰਵਜੀਤ ਸਿੰਘ ਸੈਕਰਾਮੈਂਟੋ
sarbjits@gmail.com>

ਲੰਮੇ ਅਵੇਸਲੇਪਣ ਕਾਰਨ ਸਾਡੀਆਂ ਕਈ ਸਮੱਸਿਆਵਾਂ ਏਨੀਆਂ ਗੁੰਝਲਦਾਰ ਹੋ ਗਈਆਂ ਹਨ ਕਿ ਇਨ੍ਹਾਂ ਦਾ ਹੱਲਕਰਨਾ ਤਾਂ ਇੱਕ ਪਾਸੇ, ਅੱਜ ਇਨ੍ਹਾਂ ਬਾਰੇ ਸੋਚਣਾ ਵੀ ਗੁਨਾਹ ਬਣ ਗਿਆ ਹੈ। ਆਪਣੇ ਆਪ ਨੂੰ ਸ਼੍ਰੋਮਣੀ ਅਖਵਾਉਣਵਾਲੀ ਸੰਸਥਾ, ਆਪਣੇ ਅਸਲੀ ਮਕਸਦ ਤੋਂ ਅੱਜ ਏਨੀ ਭਟਕ ਚੁੱਕੀ ਹੈ ਕਿ ਉਸ ਤੋਂ ਕੋਈ ਆਸ ਰੱਖਣੀ ਹੀਬੇਅਰਥ ਹੈ।ਉਥੇ ਤਾਂ ਬੜਾ ਅਨੋਖਾ ਵਰਤਾਰਾ ਵੇਖਣ ਨੂੰ ਮਿਲਦਾ। ਦੋ ਦਿਨ ਦੀ ਲਾਲਾ-ਲਾਲਾ! ਕੜੀ ਨਿੰਦਾ ਦੇ ਮਤੇ ਪਾਸ, ਸਬ-ਕਮੇਟੀ ਅਤੇ ਅਖੀਰ ਸਭ-ਕੰਮ ਮਿੱਟੀ। ਇਕ-ਅੱਧਾ ਲੇਖ ਲਿਖਣ ਜਾਂ ਨਿਜੀ ਪੱਧਰ ਦੀ ਕਾਰਵਾਈ ਵੀ ਕੋਈ ਅਰਥ ਨਹੀਂ ਰੱਖਦੀ। ਇਹ ਤਾਂਇੱਕ ਸਮਾਂ ਬਧ ਯੋਜਨਾ ਬਣਾ ਕੇ, ਲਹਿਰ ਚਲਾਉਣ ਨਾਲ ਹੀ ਕਿਸੇ ਸਿੱਟੇ ਤੇ ਪੁੱਜਿਆ ਜਾ ਸਕਦਾ ਹੈ। ਇਸ ਲਈਸਿੱਖ ਸੰਗਤ ਵਿਚ ਜਾਗ੍ਰਤੀ ਲਿਆਉਣੀ ਬਹੁਤ ਹੀ ਜਰੂਰੀ ਹੈ।

ਕਰੇ ਨਿਬੇਰਾ" ਗੁਰਬਾਣੀ ਨਹੀਂ ਹੈ। ਇਕ ਹੋਰ ਹੱਥ ਲਿਖਤ ਵਿਚ ਸਲੋਕ ਸਹਸਕ੍ਰਿਤੀ ਮਹਲਾ੧ ਦੇ ਪਹਿਲੇ ਸਲੋਕ ਤੋਂ ਪਿਛੋਂ "ੴ" ਦਰਜ ਹੈ। ਜੋ ਅੱਜ ਛਾਪੇ ਦੀਆਂ ਬੀੜਾਂ ਵਿੱਚ ਨਹੀਂ ਹੈ। ਸ਼ਾਇਦ ਕਿਸੇ ਅਜੇਹੀ ਹੱਥ ਲਿਖਤ ਬੀੜ ਤੋਂ ਹੀ ਭਾਈ ਕਾਨ ਸਿੰਘ ਨਾਭਾ ਜੀ ਨੇ ੴ ਨੋਟ ਕੀਤਾ ਹੋਵੇ।

(4) ੴ ਸਤਿਗੁਰ ਪ੍ਰਸਾਦਿ॥ ਜੋ ਸਭ ਤੋਂ ਵੱਧ ਵਾਰ (522)ਆਇਆ ਹੈ ਇਸ ਦੇ ਸ਼ਬਦ ਜੋੜ ਵੱਲ ਵੀ ਧਿਆਨ ਦੇਣ ਦੀ ਲੋੜ ਹੈ। 'ਗੁਰ' ਦਾ ਸਬੰਧ ਪ੍ਰਸਾਦਿ ਨਾਲ ਹੈ ਨਾਂ ਕਿਸਤਿ ਨਾਲ। ੴ ਸਤਿ ਗੁਰ ਪ੍ਰਸਾਦਿ॥ ਇਹ ਉਪਰ ਨੰ: 1, 2 ਅਤੇ 3 ਤੋਂ ਵੀ ਸਪੱਸ਼ਟ ਹੈ। ਪ੍ਰਾਚੀਨ ਹੱਥ ਲਿਖਤਾਂ ਵਿੱਚ ਮੰਗਲ ਨੂੰ ਪੱਤਰੇ ਦੇ ਅੱਧ ਤੋਂ ਸੱਜੇ ਪਾਸੇ ਲਿਖਿਆ ਜਾਂਦਾ ਸੀ ਅਤੇ ਰਾਗਾਂਦੇ ਸਿਰਲੇਖ ਖੱਬੇ ਪਾਸੇ। ਭਾਵ ਸੱਜੇ ਪਾਸੇ ਨੂੰ ਸ੍ਰੇਸ਼ਟ ਸਮਝੇ ਹੋਏ ਮੰਗਲ ਪਹਿਲਾਂ ਲਿਖਿਆ ਗਿਆ ਹੈ।

ਦੀ ਥਾਂ, ਕਿੱਤਾ ਕਾਰਾਂ (Profesisonal) ਲਿਖਾਰੀਆਂ ਦੇ ਹੱਥ ਆ ਗਿਆ ਤਾਂ ਉਨ੍ਹਾਂ ਨੇ ਸਿਰਲੇਖਾਂ ਤੇ ਰਾਗਾਂ ਦੀ, ਸੱਜੇਖੱਬੇ ਦੀ ਸਹੀ ਤਰਤੀਬ ਤੇ ਸ਼ੈਲੀ ਨੂੰ, ਬਿਨਾਂ ਸਮਝੇ, ਉਘੱੜ-ਦੁੱਘੜ ਕਰ ਦਿੱਤਾ ਅਤੇ ਬਹੁਤੇ ਥਾਈਂ ਸਿਰਲੇਖ ਨੂੰ,ਮੰਗਲ ਨਾਲੋਂ, ਸਪਸ਼ਟ ਉੱਪਰ ਪਹਿਲ ਦੇ ਦਿੱਤੀ"। (ਬਿਬੇਕ ਬੁੱਧਿ-ਪੰਨਾ 28)

ਇਸ ਨੂੰ ਸਮਝਣ ਲਈ ਹੇਠ ਲਿਖੀਆਂ ਹੋਰ ਉਦਾਹਰਣਾਂ ਬਹੁਤ ਹੀ ਢੁੱਕਵੀਆਂ ਹਨ।


ਸੋ ਦਰੁਰਾਗੁ ਆਸਾ ਮਹਲਾ ੧ ੴ ਸਤਿਗੁਰ ਪ੍ਰਸਾਦਿ ॥
ਸੋ ਦਰੁ ਤੇਰਾ ਕੇਹਾ ਸੋ ਘਰੁ ਕੇਹਾ ਜਿਤੁ ਬਹਿ ਸਰਬ ਸਮਾਲੇ ॥
(ਪੰਨਾ 9)


ਰਾਗੁ ਆਸਾ ਮਹਲਾ ੪ ਸੋ ਪੁਰਖੁ ੴ ਸਤਿਗੁਰ ਪ੍ਰਸਾਦਿ ॥
ਸੋ ਪੁਰਖੁਨਿਰੰਜਨੁ ਹਰਿ ਪੁਰਖੁਨਿਰੰਜਨੁ ਹਰਿ ਅਗਮਾ ਅਗਮ ਅਪਾਰਾ ॥ (ਪੰਨਾ 10)


ਸਤਿਨਾਮੁ ਕਰਤਾ ਪੁਰਖੁ ਗੁਰ ਪ੍ਰਸ-ਾਦਿ॥ ਮੇਰੀ ਸੰਗਤਿ ਪੋਚ ਸੋਚ ਦਿਨੁ ਰਾਤੀ॥ (345)


ਪ ਰ ਇਸੇ ਹੀ ਪੰਨੇ ਤੇ ਭਗਤ ਰਵਿਦਾਸ ਜੀ ਦਾ ਹੀ ਅਗਲਾ ਸ਼ਬਦ ਵੇਖੋ,ਇਥੇ ਮੰਗਲ ਸ਼ਬਦ ਤੋਂ ਪਹਿਲਾਂ, ਠੀਕ ਅਸਥਾਨ 'ਤੇ ਹੈ।


ੴ ਸਤਿਗੁਰ ਪ੍ਰਸਾਦਿ॥ ਗਉੜੀ ਬੈਰਾਗਣਿ ਰਵਿਦਾਸ ਜੀਉ॥
ਘਟ ਅਵਘਟ ਡੂਗਰ ਘਣਾ ਇਕੁਨਿਰਗੁਣੁਬੈਲੁਹਮਾਰ॥ (345)












ਗੁਰੂ ਗ੍ਰੰਥ ਸਾਹਿਬ ਜੀ ਦਾ ਪਾਠ ਕਰਨ ਵਾਲੇ ਸਾਰੇ ਸੱਜਣ ਭਲੀ ਭਾਂਤ ਜਾਣਦੇ ਹਨ ਕਿ ਗੁਰੂ ਗ੍ਰੰਥ ਸਾਹਿਬ ਜੀ ਦੇਅਰੰਭ ਵਿੱਚ ਅਤੇ ਜਦੋਂ ਵੀ ਨਵਾਂ ਰਾਗ ਅਰੰਭ ਹੁੰਦਾ ਹੈ ਉਥੇ ਅਤੇ ਉਸੇ ਰਾਗ ਵਿੱਚ ਜਦੋਂ ਮਹਲਾ ਬਦਲਦਾ ਹੈਉਥੇ ਸੰਪੂਰਨ ਜਾਂ ਸੰਖੇਪ ਮੰਗਲ (ਮੰਗਲਾਚਰਨ, ਮੰਗਲਾਚਾਰ) ਲਿਖੇ ਹੋਏ ਮਿਲਦੇ ਹਨ। ਜੋ ਗੁਰਮਤ ਮਾਰਤੰਡ(ਭਾਗ ਦੂਜਾ-ਪੰਨਾ 594) ਵਿੱਚ ਹੇਠ ਲਿਖੇ ਅਨੁਸਾਰ ਦਰਜ ਹਨ।

(1) ੴ ਸਤਿ ਨਾਮੁ ਕਰਤਾ ਪੁਰਖੁ ਨਿਰਭਉ ਨਿਰਵੈਰੁ ਅਕਾਲ ਮੂਰਤਿ ਅਜੂਨੀ ਸੈਭੰ ਗੁਰ ਪ੍ਰਸਾਦਿ॥
(2) ੴ ਸਤਿ ਨਾਮੁ ਕਰਤਾ ਪੁਰਖੁ ਗੁਰ ਪ੍ਰਸਾਦਿ॥
(3) ੴ ਸਤਿ ਨਾਮੁ ਗੁਰ ਪ੍ਰਸਾਦਿ॥
(4) ੴ ਸਤਿਗੁਰ ਪ੍ਰਸਾਦਿ॥
(5) ੴ

ਇਸ ਤੋਂ ਪਹਿਲਾਂ ਕਿ ਵਿਚਾਰ ਨੂੰ ਅੱਗੇ ਤੋਰਿਆ ਜਾਵੇ ਇਥੇ ਇਹ ਜਾਣਕਾਰੀ ਸਾਂਝੀ ਕਰਨੀ ਵੀ ਜਰੂਰੀ ਹੈ ਕਿ (5)'ੴ' ਜਿਸ ਦਾ ਜਿਕਰ ਗੁਰਮਤ ਮਾਰਤੰਡ ਵਿੱਚ ਆਇਆ ਹੈ ਇਹ ਛਾਪੇ ਦੀ ਬੀੜ ਵਿੱਚ ਨਹੀਂ ਹੈ।'ਕਰਤਾਰਪੁਰੀ ਬੀੜ' ਦੇ ਪੰਨਾ ੪੯੭/੨ ਦੇ ਹਵਾਲੇ ਨਾਲ 'ਕਰਤਾਰਪੁਰੀ ਬੀੜ ਦੇ ਦਰਸ਼ਨ'(ਪੰਨਾ 83) ਵਿੱਚ ਇਕ ਨੋਟ ਹੈ, "ਇਸ ਸਫ਼ੇ ਪਰ ਅੱਠਵੇਂ ਸ਼ਬਦ ਤੋਂ ਬਾਦ "ਅਉਧੂ ਸੋ ਜੋਗੀ ਗੁਰੁ ਮੇਰਾ॥ ਇਸ ਪਦ ਕਾ ਕਰੇ ਨਿਬੇਰਾ॥੧॥ਰਹਾਉ"॥ ਲਿਖ ਕੇ ਕੱਟਿਆ ਹੋਇਆ ਹੈ ਤੇ ਅੱਗੇ ਸਾਢੇ ਛੇ ਸਤਰਾਂ ਦੀ ਥਾਂ ਖਾਲੀ ਹੈ। ਅਗੇ ੴ ਹੈ"। ਯਾਦ ਰਹੇ "ਅਉਧੂ ਸੋ ਜੋਗੀ ਗੁਰੁ ਮੇਰਾ॥ ਇਸ ਪਦ ਕਾ

ਹੁਣ ਜੇ ਉਪ੍ਰੋਕਤ ਸ਼ਬਦ ਨੂੰ ਲਿਖਣ ਸ਼ੈਲੀ ਅਨੁਸਾਰ ਪੜਿਆ ਜਾਵੇ ਤਾਂ ਇਹ ਹੇਠ ਲਿਖੇ ਅਨੁਸਾਰ ਹੋਵੇਗਾ।

ੴ ਸਤਿ ਨਾਮੁ ਕਰਤਾ ਪੁਰਖੁ ਨਿਰਭਉ ਨਿਰਵੈਰੁ ਅਕਾਲ ਮੂਰਤਿ ਅਜੂਨੀ ਸੈਭੰ ਗੁਰ ਪ੍ਰਸਾਦਿ॥
ਰਾਗੁਸੋਰਠਿ ਮਹਲਾ ੧ ਘਰੁ ੧ ਚਉਪਦੇ॥ ਸਭਨਾ ਮਰਣਾ ਆਇਆ ਵੇ ਛੋੜਾ ਸਭ ਨਾਹ॥ ਪੁਛਹੁ ਜਾਇ ਸਿਆਣਿਆ ਆਗੈ ਮਿਲਣੁ ਕਿਨਾਹ॥

ਇੱਕ ਹੋਰ ਉਦਾਹਰਣ ਕੀ ਅਸੀਂ ਉਪ੍ਰੋਕਤ ਲਿਖਤ ਨੂੰ ਜਿਵੇਂ ਇਹ ਦਿਖਾਈ ਦੇ ਰਹੀ ਹੈ ਉਵੇਂ ਹੀ ਪੜ੍ਹ ਸਕਦੇ ਹਾਂ?
ਰਾਗੁ ਰਾਮਕਲੀ ਮਹਲਾ ੧ ੴ ਸਤਿ ਨਾਮੁ ਕਰਤਾ ਪੁਰਖੁ ਨਿਰਭਉ ਨਿਰਵੈਰੁ
ਚਉਪਦੇ॥ ਘਰ ੧ ਅਕਾਲ ਮੂਰਤਿਅਜੂਨੀ ਸੈਭੰ ਗੁਰ ਪ੍ਰਸਾਦਿ॥

ਇਥੇ ਇਹ ਵੀ ਸਪੱਸ਼ਟ ਹੈ ਕੇ ਜਦੋਂ ਮੰਗਲ ਪੂਰਾ ਲਿਖਿਆ ਗਿਆ ਹੈ ਉਥੇ ਪਹਿਲੀਪੰਗਤੀ ਦਾ ਬਚਿਆ ਹਿੱਸਾ ਦੂਜੀ ਪੰਗਤੀ ਵਿੱਚ ਲਿਖਿਆ ਗਿਆ ਹੈ। ਪਰ ਛਾਪੇ ਦੀ ਬੀੜ ਵਿੱਚ ਇਹ ਇਸ ਤਰ੍ਹਾਂਨਹੀ ਸਗੋਂ ਵੱਖਰੀ ਤਰ੍ਹਾਂ ਲਿਖਿਆ ਗਿਆ। (ਪੰਨਾ 876)

ਹੱਥ ਲਿਖਤ ਦੇ ਅਰੰਭ ਵਿੱਚ ਦਰਜ ਮੰਗਲ ਤੋਂ ਵੀ ਉਪ੍ਰੋਕਤ ਦਲੀਲ ਦੀ ਪੁਸ਼ਟੀ ਹੁੰਦੀ ਹੈ ਕਿ ਮੰਗਲ ਨੂੰ ਉਤਮ ਜਾਣ ਕੇ ਪਹਿਲ ਦਿੱਤੀ ਗਈ ਹੈ। ਫਿਰ ਬਾਣੀ ਦਾ ਨਾਮ 'ਜਪੁ' ਲਿਖਿਆ ਗਿਆ ਹੈ। ਗੁਰੂ ਗ੍ਰੰਥ ਸਾਹਿਬ ਜੀ ਦੇਅਰੰਭ ਵਿੱਚ ਵੀ ਇਵੇਂ ਹੀ ਦਰਜ ਕੀਤਾ ਗਿਆ ਹੈ।

"ਜਦ ਪਾਵਨ ਬੀੜਾਂ ਦਾ ਕਾਰਜ ਸੂਝਵਾਨ ਪ੍ਰੇਮੀਆਂ ਰੋਜ਼ਾਨਾ ਸ਼ਾਮ ਨੂੰ ਪੜ੍ਹੀ ਜਾਣ ਵਾਲੀ ਬਾਣੀ ਨੂੰ ਧਿਆਨ ਵੇਖੋ। "ਸੋ ਦਰੁਰਾਗੁ ਆਸਾ ਮਹਲਾ ੧" ਅਤੇ "ਰਾਗੁ ਆਸਾ ਮਹਲਾ ੪ ਸੋ ਪੁਰਖੁ"।

ਜਿਉਂ-ਜਿਉਂ ਅਸੀਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪਾਠ ਕਰਦੇ ਜਾਵਾਂਗੇ, ਤਿਉਂ-ਤਿਉਂ ਅਜੇਹੇ ਸਿਰਲੇਖਸਾਨੂੰ ਆਮ ਹੀ ਮਿਲਣਗੇ। ਕਿਸੇ ਇਕਸਾਰ ਨਿਯਮ ਦੀ ਪਾਲਣਾ ਨਜ਼ਰ ਨਹੀਂ ਆਉਂਦੀ।

ਇਥੋਂ ਤਾਈਂ ਤਾਂ ਸਾਰੇ ਇੱਕ ਮੱਤ ਹਨ ਕਿ, 'ੴ ਸਤਿ ਨਾਮੁ ਕਰਤਾ ਪੁਰਖੁ ਨਿਰਭਉ ਨਿਰਵੈਰੁ ਅਕਾਲ ਮੂਰਤਿਅਜੂਨੀ ਸੈਭੰ ਗੁਰ ਪ੍ਰਸਾਦਿ॥' ਇਹ ਗੁਰੂ ਨਾਨਕ ਜੀ ਦਾ ਉਚਾਰਨ ਕੀਤਾ ਹੋਇਆ ਹੈ ਨਾਕਿ ਸਤਿਕਾਰ ਯੋਗ ਭਗਤਾਂਜਾਂ ਭੱਟਾਂ ਦਾ।ਗੁਰੂ ਜੀ ਨੇ ਭਗਤਾਂ ਦੀ ਬਾਣੀ ਨੂੰ ਇਕੱਤਰ ਕੀਤਾ ਸੀ। ਗੁਰੂ ਗ੍ਰੰਥ ਸਾਹਿਬ ਜੀ ਵਿੱਚ ਬਾਣੀ ਨੂੰ ਦਰਜ ਕਰਨ ਵੇਲੇਹਰੇਕ ਭਗਤ ਜੀ ਦੀ ਬਾਣੀ ਤੋਂ ਪਹਿਲਾਂ ਮੰਗਲ ਦਰਜ ਕੀਤਾ ਸੀ। ਪਰ ਜਦੋਂ ਅਸੀਂ ਭਗਤਾਂ ਦੀ ਬਾਣੀ ਦੇ ਦਰਸ਼ਨਕਰਦੇ ਹਾਂ ਤਾਂ ਇਹ ਗਿਆਨ ਹੁੰਦਾ ਹੈ ਕੇ ਉਤਾਰੇ ਕਰਨ ਵਾਲਿਆਂ ਨੇ ਬਾਣੀ ਦੀ ਲਿਖਣ ਸ਼ੈਲੀ ਨੂੰ ਸਮਝਣ ਤੋਂਬਗੈਰ ਹੀ ਮੰਗਲ ਨੂੰ ਅਸਲ ਥਾਂ ਤੋਂ ਬਦਲ ਦਿੱਤਾ ਹੈ ਜਿਸ ਤੋਂ ਇਹ ਭੁਲੇਖਾ ਪੈਂਦਾ ਹੈ ਕਿ ਮੰਗਲ ਭਗਤ ਜੀ ਦਾਉਚਾਰਨ ਕੀਤਾ ਹੋਇਆ ਹੈ। ਇਕੋ ਪੰਨੇ ਉਪਰ ਹੀ ਮੰਗਲ ਨੂੰ ਵੱਖ ਵੱਖ ਤਰੀਕੇ ਨਾਲ ਲਿਖੇ ਹੋਣ ਦੀ ਉਦਾਹਰਣ ਵੇਖੋ।

ਰਾਗੁ ਗਉੜੀ ਰਵਿਦਾਸ ਜੀ ਕੇ ਪਦੇ ਗਉੜੀ ਗੁਆਰੇਰੀ ੴ ਅਗਲੇ ਸ਼ਬਦ ਵਿੱਚ ਮੰਗਲ ਫੇਰ ਰਾਗ ਤੋਂ ਪਿਛੋਂ ਹੈ।

ਰਾਗੁ ਗਉੜੀ ਚੇਤੀ ਬਾਣੀ ਨਾਮਦੇਉ ਜੀਉ ਕੀ ੴ ਸਤਿਗੁਰ ਪ੍ਰਸਾਦਿ ॥ ਦੇਵਾਪਾਹਨਤਾਰੀਅਲੇ ॥ ਰਾਮ ਕਹਤ ਜਨ ਕਸ ਨ ਤਰੇ ॥੧॥ ਰਹਾਉ ॥ {ਪੰਨਾ 345}

**ਸਭ ਤੋਂ ਜਰੂਰੀ ਨੁਕਤਾ;**

ਹੱਥ ਲਿਖਤ ਬੀੜਾਂ ਵਿੱਚ ਸਭ ਤੋਂ ਪਹਿਲੇ ਰਾਗ 'ਸਿਰੀਰਾਗ' ਦੇ ਆਰੰਭ ਵਿੱਚ ਪੂਰਾ ਮੂਲ ਮੰਤਰ ਦਰਜ ਹੈ ਪਰ ਛਾਪੇ ਦੀ ਬੀੜ ਵਿੱਚ ਸੰਖੇਪ, ਅਜੇਹਾ ਕਿਉਂ?

ਗੁਰੂ ਗ੍ਰੰਥ ਸਾਹਿਬ ਜੀ ਵਿੱਚ ਸਾਰੇ ਰਾਗਾਂ ਦੇ ਆਰੰਭ ਵਿੱਚ ਪੂਰਾ ਮੂਲ ਮੰਤਰ ਦਰਜ ਹੈ। ਸਿਰਫ 'ਸਿਰੀਰਾਗ' ਦੇ ਆਰੰਭ ਵਿੱਚ ਸੰਖੇਪ ਮੂਲ ਮੰਤਰ ਦਰਜ ਹੈ। ਕੀ ਇਸ ਬਾਰੇ ਮੁੜ ਵਿਚਾਰ ਨਹੀਂ ਹੋਣੀ ਚਾਹੀਦੀ?

ਸ਼੍ਰੋਮਣੀ ਗੁਰਦਵਾਰਾ ਪ੍ਰਬੰਧਕ ਕਮੇਟੀ ਨੇ ਜਦੋਂ 1953-57 ਈ: ਵਿੱਚ ਕਈ ਮੀਟਿੰਗਾਂ ਵਿੱਚ ਮਤੇ ਪਾਸ ਕਰਕੇ (ਮਤਾ ਨੰ: ੧੪੩੪ ਮਿਤੀ ੨੦-੭-੫੩, ੧੭੨੨ ਮਿਤੀ ੩੦-੧੧-੫੩, ੮੯ ਮਿਤੀ ੩੧-੧-੫੪, ੧੫ ਮਿਤੀ ੧੭-੨-੫੭ ਆਦਿ) ਇਹ ਫੈਸਲਾ ਕੀਤਾ ਸੀ ਕਿ ਮੰਗਲ ਪਹਿਲਾ ਹੋਣੇ ਚਾਹੀਦੇ ਹੈ, ਅਤੇ ਇਸ ਫੈਸਲੇ ਤੇ ਅਮਲ ਕਰਦੇ ਹੋਏ ਬੀੜਾਂ ਛਾਪੀਆਂ ਵੀ ਸਨ। ਤਾਂ ਕੀ ਕਾਰਨ ਹੈ ਕਿ ਇਹ ਫੈਸਲਾ ਵਾਪਸ ਲੈਣਾ ਪਿਆ ਅਤੇ ਮੁੜ ਮੰਗਲ ਅੱਗੜ-ਪਿੱਛੜ ਕਰ ਦਿੱਤੇ ਗਏ? ਕੀ ਸ਼੍ਰੋਮਣੀ ਕਮੇਟੀ ਇਹ ਫੈਸਲਾ ਵਾਪਸ ਲੈਣ ਦੇ ਕਾਰਨਾਂ ਦੀ, ਜਾਂ ਉਸ ਵੇਲੇ ਹੋਇਆਂ ਮੀਟਿੰਗਾਂ ਦੀ ਕਾਰਵਾਈ ਜੰਤਕ ਕਰੇਗੀ?

# ਸਕਾਟਲੈਂਡ: ਪਿਛਲੇ ਦਹਾਕੇ ਦੌਰਾਨ 100 ਤੋਂ ਵੱਧ ਪੁਲਿਸ ਸਟੇਸ਼ਨ ਹੋਏ ਬੰਦ

## ਪੁਲਿਸ ਸਕਾਟਲੈਂਡ ਨੇ ਇਮਾਰਤਾਂ ਵੇਚ ਕੇ ਕਮਾਏ ਮਿਲੀਅਨਾਂ ਪੌਂਡ

**ਗਲਾਸਗੋ (ਮਨਦੀਪ ਖੁਰਮੀ ਹਿੰਮਤਪੁਰਾ)-** ਸਕਾਟਲੈਂਡ ਵਿੱਚ ਪਿਛਲੇ ਇੱਕ ਦਹਾਕੇ ਦੌਰਾਨ 140 ਪੁਲਿਸ ਸਟੇਸ਼ਨਾਂ ਅਤੇ ਦਫ਼ਤਰਾਂ ਨੂੰ ਬੰਦ ਕੀਤਾ ਗਿਆ ਹੈ। ਇਹਨਾਂ ਬੰਦ ਕੀਤੇ ਸਟੇਸ਼ਨਾਂ ਤੇ ਦਫਤਰਾਂ ਦੀਆਂ ਇਮਾਰਤਾਂ ਨੂੰ ਵੇਚ ਕੇ ਪੁਲਿਸ ਸਕਾਟਲੈਂਡ ਨੇ ਮਿਲੀਅਨਾਂ ਪੌਂਡ ਕਮਾਏ ਹਨ। ਪਰ ਇਹਨਾਂ ਬੰਦ ਕੀਤੇ ਸੇਵਾ ਕੇਂਦਰਾਂ ਬਾਰੇ ਸਕਾਟਿਸ਼ ਪੁਲਿਸ ਫੈਡਰੇਸ਼ਨ ਨੇ ਕਿਹਾ ਹੈ ਕਿ ਇਸ ਦਾ ਦੂਰ-ਦੁਰਾਡੇ ਅਤੇ ਪੇਂਡੂ ਖੇਤਰਾਂ ਵਿੱਚ ਨੁਕਸਾਨਦਾਇਕ ਪ੍ਰਭਾਵ ਪੈ ਰਿਹਾ ਹੈ। ਸੋਸ਼ਲ ਅਫੇਅਰਜ਼ ਮੈਗਜ਼ੀਨ 1919 ਦੁਆਰਾ ਕੀਤੀ ਖੋਜ ਨੇ ਪਾਇਆ ਕਿ ਕੁੱਝ ਸਟਾਫ਼ ਨੂੰ ਕੌਂਸਲ ਹੈਡਕੁਆਰਟਰ ਸਮੇਤ ਸਾਂਝੀਆਂ ਇਮਾਰਤਾਂ ਵਿੱਚ ਤਬਦੀਲ ਕੀਤਾ ਗਿਆ ਸੀ। ਹਾਲਾਂਕਿ, ਬਹੁਤ ਸਾਰੀਆਂ ਇਮਾਰਤਾਂ ਨੂੰ ਬੰਦ ਕਰ ਦਿੱਤਾ ਗਿਆ ਸੀ। ਪੁਲਿਸ ਸਕਾਟਲੈਂਡ ਨੇ 2013 ਤੋਂ ਹੁਣ ਤੱਕ ਸੰਪਤੀ ਦੀ ਵਿਕਰੀ ਵਿੱਚ 28 ਮਿਲੀਅਨ ਪੌਂਡ ਤੋਂ ਵੱਧ ਕਮਾਏ ਹਨ। ਇਹ ਪਿਛਲੇ ਸਾਲ ਸਾਹਮਣੇ




ਆਇਆ ਸੀ ਕਿ ਪੁਲਿਸ ਸਕਾਟਲੈਂਡ ਨੇ ਆਪਣੀਆਂ 96 ਪੁਰਾਣੀਆਂ ਜਾਇਦਾਦਾਂ ਨੂੰ ਵੇਚ ਕੇ 28.5 ਮਿਲੀਅਨ ਪੌਂਡ ਕਮਾਏ ਸਨ। ਗਲਾਸਗੋ ਦੀ ਪਿਟ ਸਟ੍ਰੀਟ ਵਿੱਚ ਸਾਬਕਾ ਸਟ੍ਰੈਥਕਲਾਈਡ ਪੁਲਿਸ ਹੈੱਡਕੁਆਰਟਰ ਨੇ ਫੋਰਸ ਲਈ 9.8 ਮਿਲੀਅਨ ਪੌਂਡ ਇਕੱਠੇ ਕੀਤੇ ਜਦੋਂ ਕਿ ਚੈਂਬਰਸ ਸਟ੍ਰੀਟ, ਐਡਿਨਬਰਾ ਵਿੱਚ ਸਾਬਕਾ ਪੁਲਿਸ ਸਿਖਲਾਈ ਸਕੂਲ ਨੇ 3.3 ਮਿਲੀਅਨ ਪੌਂਡ ਦੀ ਕਮਾਈ ਕੀਤੀ। ਇਸ ਦੇ ਇਲਾਵਾ ਹੋਰ 26 ਇਮਾਰਤਾਂ ਨੂੰ ਸੂਚੀਬੱਧ ਕੀਤਾ ਗਿਆ ਸੀ ਜੋ ਮਾਰਕੀਟ ਵਿੱਚ, ਵਿਕਰੀ ਲਈ ਜਾਂ ਕਮਿਊਨਿਟੀ ਟ੍ਰਾਂਸਫਰ ਲਈ ਤਿਆਰ ਕੀਤੀਆਂ ਜਾ ਰਹੀਆਂ ਹਨ। ਸਕਾਟਿਸ਼ ਪੁਲਿਸ ਫੈਡਰੇਸ਼ਨ ਦੇ ਜਨਰਲ ਸਕੱਤਰ ਕੈਲਮ ਸਟੀਲ ਦਾ ਕਹਿਣਾ ਹੈ ਕਿ ਪੇਂਡੂ ਖੇਤਰਾਂ ਵਿੱਚੋਂ ਸਟਾਫ ਨੂੰ ਸ਼ਹਿਰੀ ਖੇਤਰਾਂ ਵਿੱਚ ਤਬਦੀਲ ਕਰਨ ਨਾਲ ਪੇਂਡੂ ਖੇਤਰਾਂ ਵਿੱਚ ਵਸਦੇ ਲੋਕਾਂ ਦੇ ਵਿਸਵਾਸ਼ ਨੂੰ ਠੇਸ ਪਹੁੰਚੇਗੀ।

# ਜਾਤਪਾਤ ਦੀ ਉਤਪਤੀ, ਸਮੱਸਿਆਵਾਂ ਅਤੇ ਹੱਲ

# ਮਰਹੂਮ ਉਪ ਪ੍ਰਧਾਨ ਮੰਤਰੀ ਬਾਬੂ ਜਗਜੀਵਨ ਰਾਮ ਜੀ



ਅਨੁਵਾਦਕ:
ਡਾ. ਜੀ ਸੀ ਕੌਲ

ਜਾਤੀ ਪ੍ਰਥਾ, ਜਿਸ ਦੀ ਉਪਜ ਛੂਆਛਾਤ ਹੈ, ਇਕ ਗੁੰਝਲਦਾਰ ਅਤੇ ਅਜੀਬੋ ਗਰੀਬ ਸਮਾਜਿਕ ਵਰਤਾਰਾ ਹੈ। ਜਾਤੀ ਪ੍ਰਥਾ ਦੀਆਂ ਜੜ੍ਹਾਂ ਬਹੁਤ ਧੁੰਦਲੇ ਅਤੇ ਅਤਿ ਪ੍ਰਾਚੀਨ ਸਮੇਂ ਵਿਚ ਲੱਗੀਆਂ ਹਨ ਅਤੇ ਇਸੇ ਕਰਕੇ ਵਿਦਵਾਨਾਂ ਲਈ ਇਸ ਅਨੋਖੇ ਪ੍ਰਬੰਧ ਦੀ ਉਤਪਤੀ ਅਤੇ ਵਾਧੇ ਸਬੰਧੀ ਇਕ ਮਤ ਦੇ ਹੋਣਾ ਸੰਭਵ ਨਹੀਂ ਹੈ, ਫਿਰ ਵੀ ਮੁੱਖ ਤੌਰ 'ਤੇ ਨਿਚੋੜ ਸਪਸ਼ਟ ਹਨ ਅਤੇ ਇਹਨਾਂ ਬਾਰੇ ਆਮ ਸਹਿਮਤੀ ਹੈ। ਸਮਾਜ ਦੇ ਵਿਕਾਸ ਦੇ ਮੁਢਲੇ ਪੜਾਵਾਂ ਵਿਚ ਸਮਾਜ ਦੀ ਵਰਗਾਂ ਜਾਂ ਇਕ ਕਿੱਤੇ ਦੇ ਲੋਕਾਂ ਦੀ ਜਮਾਤ ਭਾਵੇਂ ਕੁਝ ਹੱਦ ਤੱਕ ਖਾਨਦਾਨੀ ਕਿਸਮ ਦੀ, ਵੰਡ ਹੋਣੀ ਅਰੁਕ ਸੀ। ਇਸ ਤਰ੍ਹਾਂ ਜਾਤੀ ਪ੍ਰਥਾ ਦੇ ਕੁਝ ਲੱਛਣ ਮੁਢਲੇ ਸਮਾਜ ਜਿੰਨੇ ਪੁਰਾਣੇ ਹਨ।

ਸਜਾਤੀ ਵਿਆਹ ਕੁਝ ਹੱਦ ਤੱਕ ਇਕ ਬਾਇਲੀ ਖਾਸਾ ਹੈ। ਮੁਢਲੀਆਂ ਕੌਮਾਂ ਅਵਿਕਾਸ ਵੇਲੇ ਅਣਗਿਣਤ ਜਾਤਾਂ ਵਿਚ ਵੰਡੀਆਂ ਹੋਈਆਂ ਸਨ, ਜਿਹੜੀਆਂ ਆਮ ਕਰਕੇ ਇਕ-ਦੂਜੇ ਪ੍ਰਤੀ ਬੇਹੱਦ ਨਫ਼ਰਤ ਰੱਖਦੀਆਂ ਅਤੇ ਉਹ ਆਪਸ ਵਿਚ ਸ਼ਾਦੀ ਵੀ ਨਾ ਕਰਦੀਆਂ ਭਾਵੇਂ ਉਹ ਗੁਆਂਢੀ ਇਲਾਕੇ ਵਿਚ ਹੀ ਕਿਉਂ ਨਾ ਰਹਿੰਦੇ ਹੋਣ ਅਤੇ ਇੱਕੋ ਭਾਸ਼ਾ ਹੀ ਕਿਉਂ ਨਾ ਬੋਲਦੇ ਹੋਣ।

ਸਹਿਭੋਜ ਜਾਂ ਆਪਣੇ ਹੀ ਰਿਸ਼ਤੇਦਾਰਾਂ ਵਿਚ ਭੋਜਨ ਵੰਡਣ ਦੀ ਰਸਮ ਕਿਸੇ ਭਿੱਟ ਦੇ ਵਿਚਾਰ ਨਾਲ ਨਹੀਂ ਸ਼ੁਰੂ ਹੋਈ। ਇਹ ਇਸ ਕਰਕੇ ਹੋਈ ਕਿ ਨਾਕਾਫ਼ੀ ਭੋਜਨ ਨੂੰ ਸੰਭਾਲਿਆ ਜਾਵੇ, ਜਿਹੜਾ ਬੜੀਆਂ ਸਖ਼ਤ ਘਾਲਣਾਵਾਂ ਨਾਲ ਇਕੱਠਾ ਕੀਤਾ ਜਾਂਦਾ ਸੀ।

ਜਦੋਂ ਆਰੀਆ ਭਾਰਤ ਵਿਚ ਦਾਖਲ ਹੋਏ, ਉਹਨਾਂ ਨੇ ਕਬਾਇਲੀ ਸਜਾਤੀ ਵਿਆਹਾਂ ਨੂੰ ਪੀਡਿਆਂ ਕੀਤਾ। ਉਹਨਾਂ ਵਿਚ ਸਿਰਫ਼ ਤਿੰਨ ਵੰਡਾਂ ਸਨ- ਪੁਜਾਰੀ, ਸੈਨਿਕ ਅਤੇ ਦਸਤਕਾਰ। ਇਸ ਤ੍ਰੀਵਰਨਾ ਸਮਾਜ ਵਿਚ ਵਰਨ ਇਕ ਖਾਸ ਸਮਾਜਿਕ ਕੰਮ ਨੂੰ ਦੱਸਣ ਦੇ ਨਾਲ ਕਲਾ ਅਤੇ ਰਹਿਣ ਦੇ ਤਰੀਕੇ ਦੀ ਇਕ ਖਾਸ ਪੱਧਰ ਦੱਸਦਾ ਸੀ।

ਆਰੀਆ ਹਮਲਾਵਰਾਂ ਅਤੇ ਭਾਰਤ ਦੇ ਆਦਿ-ਵਾਸੀਆਂ ਵਿਚਕਾਰ ਯੁੱਧ ਨੇ ਨਾ ਸਿਰਫ਼ ਸਭਿਆਚਾਰਕ ਸਗੋਂ ਕਿੱਤਿਆਂ ਅਤੇ ਕ੍ਰਿਆਤਮਕ ਵੰਡੀਆਂ ਨੂੰ ਵੱਡਿਆਂ ਕੀਤਾ। ਸ਼ੂਦਰ ਕਹੀ ਜਾਂਦੀ ਚੌਥੀ ਜਾਤ ਹੋਂਦ ਵਿਚ ਆਈ। ਸਮਾਜ ਚਤੁਰ ਵਰਨੀ ਬਣ ਗਿਆ। ਰਿਸ਼ੀਆਂ ਨੇ ਇਸ ਦੀ ਸਦੀਵੀ ਨੇਚਰ ਦੇ ਗੁਣ ਗਾਏ।ਲੋਕ ਹੌਲੀ- ਹੌਲੀ ਇਹ ਵਿਸ਼ਵਾਸ ਕਰਨ ਲੱਗ ਪਏ ਕਿ ਇਹ ਪ੍ਰਬੰਧ ਰੱਬ ਵੱਲੋਂ ਸਿਰਜਿਆ ਹੈ।

(ਭਾਰਤ ਦੇ) ਆਦਿਵਾਸੀ ਜਾਂ ਨਿਰਾਸ਼ ਲੋਕਾਂ ਨੂੰ ਰੱਬੀ (ਅਖੌਤੀ) ਕਾਨੂੰਨ ਦੁਆਰਾ ਸਥਾਪਤ ਸਮਾਜਿਕ ਪ੍ਰਬੰਧ ਅਤੇ ਸਾਂਝੀ ਜ਼ਮੀਨ ਵਿਚ ਹਰ ਤਰ੍ਹਾਂ ਦੇ ਦਾਅਵਿਆਂ ਤੋਂ ਵੰਚਿਤ ਰੱਖਿਆ ਗਿਆ। ਉਹਨਾਂ ਨੂੰ ਪਿੰਡ ਤੋਂ ਬਾਹਰ ਰਹਿਣ ਲਈ ਮਜਬੂਰ ਕੀਤਾ ਗਿਆ। ਉਹ ਅਛੂਤਾਂ (ਹੁਣ ਅਣਗਿਣਤ ਜਾਤਾਂ 'ਚ ਵੰਡੇ ਹਨ) ਦੇ ਵੱਡ-ਵਡੇਰੇ ਸਨ ਅਤੇ ਅਸਪ੍ਰਿਸ਼ਿਆ ਜਾਂ ਪੰਚਮ ਜਾਣੇ ਜਾਂਦੇ ਸਨ। ਉਹਨਾਂ ਨੂੰ ਹਿੰਦੂ ਸਮਾਜ ਨਾਲ ਜੋੜਿਆ ਗਿਆ ਪਰ ਫਿਰ ਵੀ ਉਹ ਉਹਨਾਂ ਨਾਲ ਸਬੰਧਤ ਨਹੀਂ ਸਨ ਅਤੇ ਚਤੁਰਵਰਨ ਵਿਚ ਸ਼੍ਰੇਣੀ ਬੋਧ ਸਮਾਜ ਦੀ ਜਾਤ ਵਿਚ ਕੋਈ ਸਥਾਨ ਨਾ ਦਿੱਤਾ ਗਿਆ।

ਜਦੋਂ ਕਿ ਜਿੱਤਣ ਅਤੇ ਬੰਦੋਬਸਤ ਦੀ ਪ੍ਰਕਿਰਿਆ ਪ੍ਰਗਤੀ ਵੱਲ ਸੀ, ਉਸ ਸਮੇਂ ਦੀ ਸਮਾਜਿਕ ਵਿਵਸਥਾ ਤੇ ਵੱਖ-ਵੱਖ ਹੋਰ ਤੱਤਾਂ ਵੱਲੋਂ ਆਪਣਾ ਅਸਰ ਪਾਉਂਦੇ ਦੇਖਿਆ ਗਿਆ। ਲੋਕ ਇੱਧਰ ਉਧਰ ਵੱਧ ਰਹੇ ਸਨ। ਰਸਮ-ਰਿਵਾਜ ਬਦਲ ਰਹੇ ਸਨ ਕੁਝ ਆਦਿਵਾਸੀ ਕਬੀਲਿਆਂ ਨੇ ਆਰੀਆ ਸਾਹਵੇਂ ਹਥਿਆਰ ਸੁੱਟ ਦਿੱਤੇ ਅਤੇ ਉਹਨਾਂ ਦੇ ਧਰਮ ਤੱਕ ਨੂੰ ਅਪਣਾ ਲਿਆ। ਬਾਕੀਆਂ ਨੇ ਦ੍ਰਿੜ੍ਹਤਾ ਨਾਲ ਆਰੀਆ ਵਿਰੁੱਧ ਵਿਚਾਰ ਵਿਰੋਧ ਜਾਰੀ ਰੱਖਿਆ। ਰੰਗ ਭੇਦ ਵੱਲੋਂ ਆਰੀਆ, ਜੋ ਆਪਣੇ ਆਪ ਨੂੰ ਸਭਿਆਚਾਰਕ ਤੌਰ 'ਤੇ ਉੱਤਮ ਸਮਝਦੇ ਸਨ, ਆਪਦੇ ਖੂਨ ਦੀ ਪਵਿੱਤਰਤਾ ਨੂੰ ਬਰਕਰਾਰ ਰੱਖਣ ਲਈ ਫਿਕਰਮੰਦ ਸਨ। ਇਹਨਾਂ ਤਾਕਤਾਂ ਦੇ ਅਸਰ ਕਾਰਨ ਤਿੰਨ ਵਰਨੀ ਸਮਾਜ ਚਤਰਵਰਨੀ ਬਣ ਗਿਆ ਅਤੇ ਚੌਥਾ ਵਰਣ (ਸ਼ੂਦਰ) ਸਮਾਜ ਦੇ ਚਾਰਕੋਣੀ ਪ੍ਰਬੰਧ ਦੇ ਦਾਇਰੇ ਵਿਚ ਅਣਗਿਣਤ ਜਾਤਾਂ ਵਿਚ ਵੰਡਿਆ ਗਿਆ।

ਪਰੋਹਿਤ ਵਰਗ ਜਾਂ ਬ੍ਰਾਹਮਣ ਲੋਕ ਬੁੱਧੀਜੀਵੀ ਅਤੇ ਧਾਰਮਿਕ ਆਗੂ ਸਨ। ਪੜ੍ਹਾਈ ਅਤੇ ਅਧਿਆਤਮਕ ਗਿਆਨ ਰਹੱਸਮਈ ਗੁਣ ਸਮਝੇ ਜਾਂਦੇ ਸਨ ਅਤੇ ਇਹਨਾਂ ਦੀ ਸਾਧਨਾ ਲਈ ਵਿਸ਼ੇਸ਼ ਧਿਆਨ ਦੀ ਲੋੜ ਸਮਝੀ ਜਾਂਦੀ ਸੀ। ਇਸ ਲਈ ਬ੍ਰਾਹਮਣਾਂ ਲਈ ਸਰੀਰਕ ਮਿਹਨਤ ਵਰਜਿਤ ਬਣ ਗਈ। ਸਰੀਰਕ ਮਿਹਨਤ ਕਸ਼ੱਤਰੀਆਂ ਲਈ ਵੀ ਵਰਜਿਤ ਹੋ ਗਈ। ਇਹਨਾਂ ਕਸ਼ੱਤਰੀਆਂ ਨਾਲ ਬ੍ਰਾਹਮਣਾਂ ਨੇ ਤਾਕਤ ਵਿਚ ਭਾਈਵਾਲੀ ਕੀਤੀ ਅਤੇ ਕਸ਼ੱਤਰੀ ਬ੍ਰਾਹਮਣਾਂ ਦੇ ਸਮਾਨ ਅਤੇ ਵਿਰੋਧੀ ਸਨ। ਕਸ਼ੱਤਰੀਆਂ ਦਾ ਰਾਜ ਪ੍ਰਬੰਧ ਇਕੱਲੀ ਤਾਕਤ ਨਾਲ ਜਾਰੀ ਨਹੀਂ ਰਹਿ ਸਕਦਾ ਸੀ। ਇਸ ਲਈ ਬ੍ਰਾਹਮਣਾਂ ਨੇ ਵੱਖ ਵੱਖ ਸਮਾਜਿਕ ਅਤੇ ਸਭਿਆਚਾਰਕ ਗਰੁੱਪਾਂ ਲਈ ਨਾ ਸਿਰਫ਼ ਮਹੱਤਤਾ ਅਤੇ ਦਰਜਾ ਦੇਣ ਲਈ ਵਿਸਥਾਰ ਪੂਰਵਕ ਨਿਯਮ ਹੀ ਘੜੇ ਸਗੋਂ ਹਰ ਇਕ ਵਰਗ ਲਈ ਵੱਖ-ਵੱਖ ਧਾਰਮਿਕ ਕਰਮ ਕਾਂਡ ਅਤੇ ਰੀਤੀ ਰਿਵਾਜ਼ ਮੁਕੱਰਰ ਕੀਤੇ। ਵਰਣ ਵਿਵਸਥਾ ਦੀ ਮੁਢਲੀ ਸੋਚ, ਜਿਵੇਂ ਕਿ ਖਾਸ ਸਮਾਜਿਕ ਕ੍ਰਮ ਅਤੇ ਸਭਿਆਚਾਰ ਦੀ ਸਪਸ਼ਟ ਪੱਧਰ ਦੱਸਿਆ ਗਿਆ ਹੈ, ਨੇ ਸਮਾਜ ਦੀ ਰੱਬ ਵੱਲੋਂ ਕੀਤੀ ਵੰਡ ਦੇ ਵਿਚਾਰ ਨੂੰ ਜਨਮ ਦਿੱਤਾ। ਪੁਨਰਜਨਮ, (ਜਾਤੀਵਾਦੀ) ਕਿਸਮਤਵਾਦ ਅਤੇ ਮਾਇਆ ਜਾਂ ਵਾਸਤਵਿਕ ਹੋਂਦ ਤੋਂ ਇਨਕਾਰੀ ਹੋਣ ਦੇ ਮਤਾਂ ਨੂੰ ਸਮਾਜਿਕ ਪ੍ਰਬੰਧ ਦੀ ਸਹਾਇਤਾ ਲਈ ਘੜਿਆ ਗਿਆ ਅਤੇ ਇਕ ਬੇਇਨਸਾਫ਼ੀ ਭਰੀ ਅਤੇ ਗੈਰ-ਲੋਕਤੰਤਰਿਕ ਵਿਵਸਥਾ ਨੂੰ ਸ਼ਕਤੀਸ਼ਾਲੀ ਅਤੇ ਅਸਰ ਰਸੂਖ ਵਾਲੀ ਘੱਟ ਗਿਣਤੀ (ਆਰੀਆਂ) ਨੇ ਅਬਾਦੀ ਦੀ ਬਹੁਗਿਣਤੀ (ਸ਼ੂਦਰਾਂ ਅਨੁਸੂਚਿਤ ਜਾਤੀਆਂ ਆਦਿ-ਅਨੁਵਾਦਕ) ਤੇ ਠੋਸਿਆ।

ਇਹ ਲੱਗਦਾ ਹੈ ਕਿ ਯੂਰਪ ਵਿਚ ਇਲਾਕਾਈ ਸਰਕਾਰਾਂ ਨੇ ਨਾ ਸਿਰਫ਼ ਕਬੀਲਾਪ੍ਰਸਤੀ ਤੋਂ ਜ਼ਿਮੀਂਦਾਰੀ ਪ੍ਰਥਾ ਵਿਚ ਹੀ ਤਬਦੀਲੀ ਲਿਆਂਦੀ ਸਗੋਂ ਕਬਾਇਲੀ ਵਿਤਕਰਿਆਂ ਨੂੰ ਖ਼ਤਮ ਕਰਕੇ ਕੌਮੀ ਜਾਂ ਫ਼੍ਰਾਡੀਅਲ ਧਰਮ ਨੂੰ ਲਾਗੂ ਕੀਤਾ। ਭਾਰਤ ਵਿਚ ਪੰਜਵੀਂ ਸਦੀ ਈਸਾ ਪੂਰਵ ਤੱਕ ਅਜਿਹੀ ਕੋਈ ਸ਼ਕਤੀਸ਼ਾਲੀ ਇਲਾਕਾਈ ਤਾਕਤ ਨਹੀਂ ਦਿੱਸਦੀ ਸੀ ਜੋ ਵੱਖ-ਵੱਖ ਕਬੀਲਾਪ੍ਰਸਤੀ ਨੂੰ ਇਕ ਕੌਮ ਦੀ ਸ਼ਕਲ ਦੇ ਸਕਦੀ। ਹਿੰਦੂ ਧਰਮ ਏਕੇਸ਼ਵਰਵਾਦ ਨਾਲੋਂ ਬਹੁ-ਈਸ਼ਵਰਵਾਦ ਸੀ ਅਤੇ ਇਹ ਗੁੰਝਲਦਾਰ ਧਾਰਨਾ ਧਾਰੀ ਬੈਠਾ ਸੀ ਕਿ ਇਹੀ ਇਕ ਸਦੀਵੀ ਧਰਮ ਹੈ ਅਤੇ ਦੂਜੇ ਧਰਮ ਸਿਰਫ਼ ਇਸ ਵਿਚੋਂ ਚਲੇ ਹਨ ਜਾਂ ਇਸ ਦੇ ਵਿਗੜੇ ਰੂਪ ਹਨ। ਹਿੰਦੂਵਾਦ ਲਘੂਤ ਰੂਪ ਵਿਚ ਸਮੂਹ ਮਨੁੱਖਤਾ ਨੂੰ ਚਾਰ ਵਰਣਾਂ ਵਿਚ ਪਾੜਨ ਵਿਚ ਵਿਸ਼ਵਾਸ ਰੱਖਦਾ ਹੈ।

ਇਹਨਾਂ ਧਾਰਨਾਵਾਂ ਅਤੇ ਅਜੀਬ ਸਮਾਜਿਕ ਸੰਗਠਨਾਂ ਜੋ ਹਿੰਦੂਆਂ ਨੇ ਘੜੇ ਸਨ, ਵਿਦੇਸ਼ੀ ਹਮਲਾਵਰਾਂ ਦੇ ਬਹੁਤ ਵੱਡੇ ਹਿੱਸੇ ਨੂੰ ਹਿੰਦੂ ਜਾਤੀ ਪ੍ਰਥਾ ਵਿਚ ਸਮਾਉਣ ਵਿਚ ਮਦਦ ਕੀਤੀ। ਮੁਸਲਮਾਨਾਂ ਦੀ ਜਿੱਤ ਸ਼ੁਰੂ ਹੋਣ ਸਮੇਂ ਤੱਕ ਜਾਤੀ ਪ੍ਰਥਾ ਦੀ ਦਰਜੇਬੰਦੀ ਮੁਕੰਮਲ ਹੋ ਚੁੱਕੀ ਸੀ। ਵੱਖ-ਵੱਖ ਜਾਤਾਂ ਦੇ ਜੀਵਨ ਅਤੇ ਵਰਤੋਂ ਵਿਹਾਰ ਸਬੰਧੀ ਨਿਯਮ ਅਤੇ ਕਾਨੂੰਨ ਵਿਵਸਥਾ ਪੂਰਵਕ ਪ੍ਰਗਟ ਕੀਤੇ ਜਾ ਚੁੱਕੇ ਸਨ। ਜਦੋਂ ਤੱਕ ਕਿ ਉਹ ਜੀਵਨ ਦੇ ਸਾਰੇ ਪੱਖਾਂ ਨੂੰ ਕਵਰ ਨਾ ਕਰਦੇ। ਕਾਨੂੰਨ ਸਾਵੇਂ ਕੋਈ ਬਰਾਬਰੀ ਨਹੀਂ ਸੀ। ਜਾਤ ਦੇ ਸਿੱਟੇ ਵਜੋਂ ਉਪਜੀ ਨਾ-ਬਰਾਬਰੀ ਰੱਬ ਵੱਲੋਂ ਕੀਤੀ ਗਈ ਮੰਨੀ ਜਾਣ ਲੱਗੀ ਅਤੇ ਇਸ ਲਈ ਕਾਨੂੰਨ ਬਣਾਉਣ ਵਾਲਿਆਂ ਨੇ ਬਿਨਾ ਕਿਸੇ ਪਛਤਾਵੇ ਦੇ ਵੱਖ-ਵੱਖ ਵਰਣਾਂ ਦੇ ਆਦਮੀਆਂ ਲਈ ਵੱਖ-ਵੱਖ ਤਰ੍ਹਾਂ ਦੀਆਂ ਸਜ਼ਾਵਾਂ ਅਤੇ ਟੈਕਸ ਮੁਕੱਰਰ ਕੀਤੇ। ਧਰਮ ਦੀ ਮਦਦ ਨਾਲ ਪੁਨਰਜਨਮ ਅਤੇ ਕਿਸਮਤਵਾਦ ਦੀਆਂ ਥਿਊਰੀਆਂ ਰਾਹੀਂ ਲੋਕਾਂ ਦੇ ਦਿਮਾਗਾਂ ਨੂੰ ਪੂਰੀ ਤਰ੍ਹਾਂ ਤਾਲੇ ਲਾ ਦਿੱਤੇ ਗਏ।

ਇਸ ਦਿਮਾਗੀ ਜਹਾਲਤ ਨੇ ਬਹੁਗਿਣਤੀ ਦੇ ਮਨਾਂ 'ਚੋਂ ਬਗਾਵਤ ਦੀ ਭਾਵਨਾ ਨੂੰ ਨਸ਼ਟ ਕਰ ਦਿੱਤਾ। ਜਿਸ ਕਰਕੇ ਉਹਨਾਂ ਨੂੰ ਨਾ ਸਿਰਫ਼ ਆਪਣੇ ਪਾਲਣ ਪੋਸ਼ਣ ਲਈ ਮੁਸ਼ੱਕਤ ਕਰਨੀ ਪਈ ਸਗੋਂ ਆਪਣੇ ਤੋਂ ਉੱਚੀਆਂ ਲੁੱਟ ਖਸੁੱਟ ਕਰਨ ਕਰਨੀ ਪਈ ਸਗੋਂ ਆਪਣੇ ਤੋਂ ਉੱਚੀਆਂ ਲੁੱਟ ਖਸੁੱਟ ਕਰਨ ਵਾਲੀਆਂ ਜਾਤੀਆਂ ਦੇ ਪਾਲਣ ਪੋਸ਼ਣ ਲਈ ਵੀ ਮੁਸ਼ੱਕਤ ਕਰਨੀ ਪਈ। ਇੱਥੋਂ ਤੱਕ ਕਿ ਅਛੂਤਾਂ ਨੇ ਵਿਸ਼ਵਾਸ ਕਰਨਾ ਸ਼ੁਰੂ ਕਰ ਦਿੱਤਾ ਕਿ ਜੋ ਉਹ ਆਪਣੇ ਫਰਜ਼ ਇਸ ਜੀਵਨ ਵਿਚ, ਜੋ ਕਿ ਰੱਬ ਵੱਲੋਂ ਲਾਏ ਮੰਨੇ ਗਏ ਹਨ, ਬਿਨਾਂ ਹੀਲ ਹੁੱਜਤ ਕੀਤਿਆਂ, ਖੁਸ਼ੀ ਖੁਸ਼ੀ ਅਤੇ ਆਗਿਆ-ਪੂਰਵਕ ਨਿਭਾਏ ਤਾਂ ਉਹ ਸ਼ਾਇਦ ਆਪਣੇ ਅਗਲੇ ਜਨਮ ਵਿਚ ਕਿਸੇ ਉੱਚੀ ਜਾਤ ਵਿਚ ਪੈਦਾ ਹੋਣਗੇ।

ਇਸਲਾਮ ਅਤੇ ਇਸਾਈ ਧਰਮ ਫਿਰ ਵੀ ਅਲੱਗ ਕਿਸਮ ਦੇ ਸਨ। ਇਹ ਧਰਮ ਜੇਤੂਆਂ ਅਤੇ ਹਾਕਮਾਂ ਦੇ ਧਰਮਾਂ ਵਜੋਂ ਆਏ। ਇਹ ਧਰਮ ਉਤਸ਼ਾਹੀ ਅਤੇ ਆਪਣੇ ਵੱਲ ਦੂਜਿਆਂ ਨੂੰ ਖਿੱਚਣ ਵਾਲੇ ਸਨ। ਦੂਸਰੇ ਪਾਸੇ ਹਿੰਦੂਵਾਦ ਦਿਲਕਸ਼ ਨਹੀਂ ਹੈ। ਇਸਲਾਮ ਅਤੇ ਇਸਾਈ ਧਰਮ ਦੋਹਾਂ ਨੇ ਆਦਮੀ ਦੀ ਜਨਮ ਤੋਂ ਬਰਾਬਰੀ ਦਾ ਐਲਾਨ ਕੀਤਾ ਅਤੇ ਆਪਣੇ ਪੈਰੋਕਾਰਾਂ ਵਿਚ ਭਾਈਚਾਰੇ ਦੀ ਭਾਵਨਾ ਨੂੰ ਬੜਾਵਾ ਦਿੱਤਾ। ਇਸ ਲਈ ਹਿੰਦੂ ਧਰਮ ਲਈ ਮੁਸਲਮਾਨਾਂ ਅਤੇ ਇਸਾਈਆਂ ਨੂੰ ਆਪਣੇ ਵਿਚ ਸਮਾਉਣਾ ਸੰਭਵ ਨਹੀਂ ਸੀ ਜਿਵੇਂ ਕਿ ਇਸ ਨੇ ਹਮਲਾਵਰ ਹੂਨ, ਸ਼ਾਕਾਸ, ਯੂ-ਚੀ ਅਤੇ ਦੂਜੇ ਖ਼ਾਨਾਬਦੋਸ਼ ਕਬੀਲਿਆਂ, ਜੋ ਭਾਰਤ ਦੇ ਉੱਤਰ-ਪੱਛਮ ਵੱਲੋਂ ਦਾਖਲ ਹੋਏ, ਨੂੰ ਆਪਣੇ ਵਿਚ ਜਜ਼ਬ ਕਰ ਲਿਆ ਸੀ।

ਇਹਨਾਂ ਦੋਹਾਂ ਧਰਮਾਂ ਦੇ ਪ੍ਰਭਾਵ ਕਾਰਨ ਇਕ ਵਿਚਾਰਾਂ ਵਿਚ ਉਬਾਲ ਆਇਆ, ਜਿਸਨੇ ਅਨੇਕਾਂ ਰੋਸਪੂਰਨ ਲਹਿਰਾਂ ਨੂੰ ਸਿਰਜਿਆ, ਜਿਹਨਾਂ ਲਹਿਰਾਂ ਦਾ ਮੰਤਵ ਸਮਾਜਿਕ ਬਰਾਬਰੀ ਲਿਆਉਣਾ ਅਤੇ ਬ੍ਰਾਹਮਣਾਂ ਦੇ ਦਬਦਬੇ ਨੂੰ ਨਸ਼ਟ ਕਰਨਾ ਸੀ। ਬ੍ਰਾਹਮਣਵਾਦੀ ਢਾਂਚੇ ਦੇ ਖ਼ਿਲਾਫ਼, ਜਨਮ ਤੋਂ ਆਦਮੀ ਆਦਮੀ ਵਿਚਕਾਰ ਨਾਬਰਾਬਰੀ ਦੀ ਥਿਊਰੀ ਅਤੇ ਧਾਰਮਿਕ ਕਰਮ ਕਾਂਡਾਂ ਅਤੇ ਰਸਮਾਂ ਰਿਵਾਜਾਂ ਦੀ ਬਹੁਲਤਾ ਦੇ ਢਾਂਚੇ, ਜੋ ਸਾਰੇ ਬ੍ਰਾਹਮਣਾਂ ਦੀ ਸਮਾਜਿਕ ਵਿਵਸਥਾ ਨੂੰ ਕੱਸ ਕੇ ਸ਼ਿਕੰਜੇ ਵਿਚ ਰੱਖਣ ਵਿਚ ਮਦਦ ਕਰਦੇ ਹਨ, ਖ਼ਿਲਾਫ਼ ਪਹਿਲੋਂ ਵੀ ਬਗਾਵਤਾਂ ਹੋਈਆਂ।

ਇਤਿਹਾਸ ਵਿਚ ਕੋਈ ਅਜਿਹਾ ਯੁੱਗ ਨਹੀਂ ਹੋਇਆ ਜਿਸ ਵਿਚ ਇਸ ਪ੍ਰਬੰਧ ਦਾ ਵਿਰੋਧ ਜਾਂ ਬਗਾਵਤ ਨਾ ਹੋਈ ਹੋਵੇ। ਇਸ ਸੰਦਰਭ ਵਿਚ ਬੁੱਧ ਪਹਿਲ ਮਹਾਨ ਸਮਾਜਿਕ ਇਨਕਲਾਬੀ ਸਨ, ਜਿਹਨਾਂ ਨੇ ਕੁਝ ਸਮੇਂ ਸਫਲਤਾ ਪੂਰਵਕ ਬ੍ਰਾਹਮਣਾਂ ਦੀ ਉੱਚਤਾ ਨੂੰ ਵੰਗਾਰਿਆ ਅਤੇ ਔਖੇ ਚਾਲ-ਚਲਣ ਤੇ ਚੱਲਣ ਦਾ ਸਿੱਧੇ ਸਾਦੇ ਧਰਮ ਦਾ ਪ੍ਰਚਾਰ ਕੀਤਾ। ਫਿਰ ਵੀ ਸਮਾਜਿਕ ਆਧਾਰ ਅਜੇ ਤਿਆਰ ਨਹੀਂ ਸਨ ਜਾਂ ਸੰਗਠਿਤ ਨਾ ਕੀਤੇ ਜਾ ਸਕੇ, ਜੋ ਬੁੱਧ ਦੁਆਰਾ ਪੇਸ਼ ਕੀਤੇ ਕ੍ਰਾਂਤੀਕਾਰੀ ਵਿਚਾਰਾਂ ਨੂੰ ਤੋਰ ਸਕਦੇ। ਇਸ ਕਰਕੇ ਬ੍ਰਾਹਮਣਵਾਦ ਮੁੜ ਪੈਰ ਜਮਾਉਣ ਵਿਚ ਸਫਲ ਹੋ ਗਿਆ। ਬ੍ਰਾਹਮਣਵਾਦ ਅਜਿਹਾ ਹੌਲੀ-ਹੌਲੀ ਇਸ ਕਰਕੇ ਕਰ ਸਕਿਆ ਕਿ ਇਸ ਨੇ ਹਿੰਦੂ ਧਰਮ ਵਿਚ ਬੁੱਧ ਦੀਆਂ ਸਿੱਖਿਆਵਾਂ ਨੂੰ ਸ਼ਾਮਲ ਕਰ ਲਿਆ ਅਤੇ ਸ਼ੁੱਧ ਚਾਲ-ਚਲਣ ਤੇ ਚੱਲਣ 'ਤੇ ਜ਼ੋਰ ਦੇਣਾ ਸ਼ੁਰੂ ਕਰ ਦਿੱਤਾ ਅਤੇ ਇਸ ਤਰ੍ਹਾਂ ਬੁੱਧ ਨੂੰ ਹਿੰਦੂ ਅਵਤਾਰ ਮੰਨ ਕੇ ਉੱਚ ਸਥਾਨ ਦੇ ਕੇ ਅਜਿਹਾ ਕਰ ਸਕਿਆ। ਬ੍ਰਾਹਮਣਵਾਦ ਇਸ ਕਰਕੇ ਵੀ ਸਫਲ ਹੋਇਆ ਕਿਉਂਕਿ ਬੁੱਧਵਾਦ ਨੇ ਜੋ ਮਹੱਲ ਉਸਾਰਿਆ ਸੀ, ਉਹ ਬੁੱਧਵਾਦ ਦੇ ਕੁਝ ਜਮਾਂਦਰੂ ਸਵੈ-ਵਿਰੋਧਾਂ ਕਾਰਨ ਡਗਮਗਾਉਣਾ ਸ਼ੁਰੂ ਹੋ ਗਿਆ ਸੀ।

ਇਸ ਤੋਂ ਬਾਅਦ ਦੀਆਂ ਬਾਗੀ ਅਤੇ ਸੁਧਾਰਕ ਲਹਿਰਾਂ ਦੀ ਅਗਵਾਈ ਰਾਮਾਨੰਦ, ਸਤਿਗੁਰੂ ਕਬੀਰ, ਸਤਿਗੁਰੂ ਰਵਿਦਾਸ (ਰਾਇਦਾਸ), ਸਤਿਗੁਰੂ ਏਕਨਾਥ, ਸਤਿਗੁਰ ਤੁਕਾਰਾਮ, ਚੈਤੰਨਯ, ਸਤਿਗੁਰ ਨਾਨਕ ਅਤੇ ਅਨੇਕਾਂ ਹੋਰ ਸੰਤਾਂ ਨੇ ਕੀਤੀ। ਇਹਨਾਂ ਸੁਧਾਰਕਾਂ ਵਿਚੋਂ ਕਿਸੇ ਵੱਲੋਂ ਵੀ ਆਪਣਾ ਮਤ ਸਥਾਪਿਤ ਕਰਨ ਦਾ ਇਰਾਦਾ ਨਹੀਂ ਸੀ। ਹਿੰਦੂ ਸਮਾਜਿਕ ਵਿਵਸਥਾ ਦੀਆਂ ਨਾਬਰਾਬਰੀਆਂ, ਜਿਹਨਾਂ ਨੂੰ ਹੱਥੀਂ ਸਿਰਜਣਾ ਕਿਹਾ ਗਿਆ ਸੀ, ਸ਼ੋਸ਼ਣ ਅਤੇ ਅੱਤਿਆਚਾਰਾਂ, ਜਿਹਨਾਂ ਨੂੰ ਕਿਸਮਤਵਾਦ ਅਤੇ ਆਤਮਾ ਦੇ ਪੁਨਰ ਜਨਮ ਦੀ ਥਿਊਰੀ ਨਾਲ ਜਾਇਜ਼ ਸਿੱਧ ਕੀਤਾ ਜਾਂਦਾ ਰਿਹਾ ਅਤੇ ਸਮਾਜ ਦੇ ਵੱਖ-ਵੱਖ ਵਰਗਾਂ ਨੂੰ ਰੱਬ ਸਬੰਧੀ ਗਿਆਨ ਪ੍ਰਕਾਸ਼ ਜਾਣਣ ਤੋਂ ਇਨਕਾਰ ਕਰਨ ਨੇ, ਇਹਨਾਂ ਸਮਾਜ ਸੁਧਾਰਕਾਂ ਦੇ ਮਨ ਗੁੱਸੇ ਨਾਲ ਭਰ ਦਿੱਤੇ ਸਨ ਅਤੇ ਉਹ ਦੇਸ਼-ਵਾਸੀਆਂ ਦਾ ਸੁਧਾਰ ਕਰਕੇ ਉਹਨਾਂ ਵਿਚ 'ਰੱਬ ਅੱਗੇ ਸਭ ਬਰਾਬਰ ਹਨ' ਦਾ ਇਕ ਨਵਾਂ ਵਿਸ਼ਵਾਸ ਦਿਲੋ ਦਿਮਾਗ ਵਿਚ ਭਰ ਦੇਣਾ ਚਾਹੁੰਦੇ ਸਨ। ਪਰ ਲੋਕ ਮਾਨਸਿਕ ਗੁਲਾਮੀ ਵਿਚ ਏਨੇ ਸਮੇਂ ਤੋਂ ਜੀਅ ਰਹੇ ਸਨ ਅਤੇ ਪ੍ਰਚੱਲਿਤ ਬ੍ਰਾਹਮਣਵਾਦੀ ਕਰਮ ਕਾਂਡਾਂ ਵਿਚ ਇੰਨੇ ਗੜੁੱਚੇ ਹੋਏ ਸਨ ਕਿ ਇਹਨਾਂ ਸਮਾਜ ਸੁਧਾਰਕ ਸੰਤਾਂ ਦੇ ਉੱਦਮ ਹਮੇਸ਼ਾ ਨਵੇਂ ਮਤਾਂ ਦੇ ਸਿਰਜਣ ਵਿਚ ਮੁੱਕੇ, ਜਿਹਨਾਂ ਵਿਚੋਂ ਕੁਝ ਪ੍ਰਚੱਲਿਤ ਹਿੰਦੂ ਵਿਚਾਰਧਾਰਾ ਵੱਲ ਹੱਦੋਂ ਵੱਧ ਝੁਕ ਗਏ।

ਇਹਨਾਂ ਮੱਤਾਂ ਵਿਚੋਂ ਬਹੁਤੇ ਅਜੇ ਵੀ ਮੌਜੂਦ ਹਨ ਪਰ ਉਹ ਆਪਣੀ ਪਹਿਲੋਂ ਵਰਗੀ ਗਤੀਸ਼ੀਲਤਾ ਗੁਆ ਚੁੱਕੇ ਹਨ। ਬਹੁਤ ਸਾਰੇ ਦੂਸਰੇ ਮੱਤ ਲੋਕਾਂ ਦੁਆਰਾ ਆਮ ਵਰਤੋਂ 'ਚ ਲਿਆਂਦੇ ਹਿੰਦੂ ਧਰਮ ਨਾਲੋਂ ਵੱਖਰਾਪਣ ਗੁਆ ਚੁੱਕੇ ਹਨ। ਇਸ ਪਾਸੇ ਖਾਸ ਖਿਆਲ ਦੇ ਕੇ ਖੋਜ ਕਰਨੀ ਚਾਹੀਦੀ ਹੈ ਕਿ ਇਹ ਸਮਾਜ ਸੁਧਾਰਕ ਜਨ ਸਮੂਹ ਨੂੰ ਆਜ਼ਾਦ ਕਰਾਉਣ ਵਿਚ ਸਫਲ ਕਿਉਂ ਨਹੀਂ ਹੋ ਸਕੇ ਜੋ ਅਧਿਆਤਮਕ ਵਿਸ਼ਵਾਸਾਂ ਜੋ ਕਿ ਗੈਰ ਸਮਾਜਿਕ ਅਤੇ ਅੰਤਾਂ ਦੇ ਘਾਤਕ ਸਨ, ਦਾ ਗੁਲਾਮ ਬਣਿਆ ਹੋਇਆ ਸੀ।

ਇਹ ਧਿਆਨ ਯੋਗ ਹੈ ਕਿ ਇਹਨਾਂ ਵਿਚੋਂ ਬਹੁਤ ਸਾਰੇ ਮੱਤਾਂ ਨੇ ਉਸੇ ਤਰ੍ਹਾਂ ਦੇ ਬ੍ਰਾਹਮਣੀ ਰਹੱਸਵਾਦੀ ਧਾਰਮਿਕ ਕਰਮ ਕਾਂਡਾਂ ਅਤੇ ਰਸਮੋ ਰਿਵਾਜਾਂ ਵਿਚ ਗ੍ਰਸੇ ਸਨ, ਅਪਣਾ ਲਿਆ। ਅਜਿਹਾ ਕਰਨ ਦੇ ਪਿੱਛੇ ਬ੍ਰਾਹਮਣਾਂ ਦੀ ਬਰਾਬਰੀ ਕਰਨ ਦੀ ਦਰਦ ਭਰੀ ਭਾਵਨਾ ਸੀ। ਅਜਿਹੇ ਮੱਤ, ਜਿਹੜੇ ਹਿੰਦੂਵਾਦ ਦੀ ਮੁੱਖ ਧਾਰਾ 'ਚੋਂ ਨਿਕਲੀਆਂ ਸਹਾਇਕ ਨਦੀਆਂ ਵਾਂਗ ਸਨ, ਸੁੱਕ ਗਏ ਅਤੇ ਕੁਝ ਸਮੇਂ ਬਾਅਦ ਵਿਅਰਥ ਹੋ ਗਏ ਜਾਂ ਮੁੜ ਮੁੱਖ ਧਾਰਾ ਵਿਚ ਸ਼ਾਮਲ ਹੋ ਗਏ। ਪਰ ਫਿਰ ਵੀ ਉਹਨਾਂ ਨੇ ਆਪਣੇ ਸਮਰਥਕਾਂ (ਪੈਰੋਕਾਰਾਂ) ਨੂੰ ਵਿਸ਼ਵਾਸ ਅਤੇ ਦਿਲਾਸੇ ਦੀ ਇਕ ਨਵੀਂ ਸੋਝੀ ਦਿੱਤੀ ਅਤੇ ਉਹਨਾਂ ਨੂੰ ਉਹਨਾਂ ਕਦਰਾਂ ਕੀਮਤਾਂ ਦੀ ਰਾਖੀ ਲਈ ਖੜ੍ਹੇ ਕਰ ਦਿੱਤਾ ਜੋ ਮੁਸਲਮਾਨੀ ਧਰਮ ਦੇ ਲੋਕਤੰਤਰ ਵੱਲੋਂ ਸੁਝਾਈਆਂ ਸਨ। ਇਹਨਾਂ ਅਰਥਾਂ ਵਿਚ, ਇਹਨਾਂ ਮੱਤਾਂ ਨੇ ਬ੍ਰਾਹਮਣੀ ਹਿੰਦੂਵਾਦ ਦੇ ਥੰਮਾਂ ਦਾ ਕੰਮ ਕੀਤਾ ਅਤੇ ਹਿੰਦੂ ਧਰਮ ਨੂੰ ਵੱਡੇ ਪੱਧਰ ਦੀ ਤਬਾਹੀ ਤੋਂ ਬਚਾਇਆ। ਇਹਨਾਂ ਸੁਧਾਰਕ ਲਹਿਰਾਂ ਦੇ ਬਾਵਜੂਦ ਸ਼ੂਦਰਾਂ ਜਾਂ ਅਛੂਤਾਂ ਦੀ ਬਹੁਗਿਣਤੀ ਸਿੱਖ ਧਰਮ, ਇਸਲਾਮ ਅਤੇ ਇਸਾਈ ਧਰਮ ਵੱਲ ਖਿੱਚੀ ਗਈ। ਉਹ (ਸ਼ੂਦਰ) ਫਿਰ ਵੀ ਸਿੱਖ ਧਰਮ ਅਤੇ ਈਸਾਈ ਧਰਮ ਵਿਚ ਵੀ ਜਾਤ ਦੇ ਕਲੰਕ ਤੋਂ ਬਚ ਨਾ ਸਕੇ ਅਤੇ ਅਛੂਤ ਸਿੱਖਾਂ ਅਤੇ ਅਛੂਤ ਇਸਾਈਆਂ ਦਾ ਹੋਣਾ ਭਾਰਤ ਵਿਚ ਖਾਸ ਅਤੇ ਅਨੋਖੀ ਹਕੀਕਤ ਹੈ ਅਤੇ ਭਾਰਤੀ ਮਨਾਂ ਉੱਤੇ ਜਾਤੀਵਾਦ ਦੇ ਸ਼ਿਕੰਜੇ ਦਾ ਹੋਣਾ ਦੱਸਦੀ ਹੈ ਕਿ ਇਸਲਾਮ ਅਤੇ ਇਸਾਈ ਧਰਮ ਤੇ ਹਿੰਦੂ ਸਮਾਜਿਕ ਪ੍ਰਬੰਧ ਦਾ ਪ੍ਰਭਾਵ ਮਾਮੂਲੀ ਨਹੀਂ ਸੀ। ਜੋ ਇਹ ਦਾਅਵਾ ਕਰਦੇ ਹਨ ਕਿ ਇਸ ਵਿਸ਼ੇਸ਼ ਪ੍ਰਬੰਧ ਸਦਕੇ ਹੀ ਹਿੰਦੂ ਇਸਲਾਮ ਅਤੇ ਇਸਾਈ ਧਰਮ ਦੇ ਦਬਾਅ ਦਾ ਮੁਕਾਬਲਾ ਕਰ ਸਕੇ ਸਨ ਅਤੇ ਆਪਣੇ ਧਰਮ ਅਤੇ ਸਮਾਜ ਨੂੰ ਖੇਰੂੰ-ਖੇਰੂੰ ਹੋਣ ਤੋਂ ਬਚਾਅ ਸਕੇ ਸਨ, ਉਹ ਇਕ ਨਿਰਣਾਇਕ ਤੱਥ ਨੂੰ ਵਿਸਾਰ ਜਾਂਦੇ ਹਨ। ਉਹ ਭੁੱਲ ਜਾਂਦੇ ਹਨ ਕਿ ਇਹ ਵੱਖਰਾਪਣ ਕਮਜ਼ੋਰੀ ਦਾ ਸੋਮਾ ਸੀ ਅਤੇ ਇਸ ਨੇ ਸਮਾਜ ਦੀਆਂ ਪ੍ਰਾਪਤੀਆਂ ਨੂੰ ਸੀਮਤ ਕੀਤਾ। ਭਾਰਤ ਦੀਆਂ ਸਾਰੀਆਂ ਪ੍ਰਾਪਤੀਆਂ ਅਤੇ ਉਸ ਦੀਆਂ ਸਾਰੀਆਂ ਸਫਲਤਾਵਾਂ ਸਿਰਫ਼ ਉੱਚ ਜਾਤੀਆਂ ਤੱਕ ਸੀਮਤ ਰੱਖੀਆਂ ਗਈਆਂ। ਜਨ ਸਮੂਹ ਜੋ ਕਿ ਛੋਟੀਆਂ ਜਾਤਾਂ ਦਾ ਵਧੇਰੇ ਕਰਕੇ ਸੀ, ਨੂੰ ਸਮਾਜ ਦੀ ਤਰੱਕੀ ਲਈ ਕੰਮ ਕਰਨ ਲਈ ਮਜਬੂਰ ਕੀਤਾ ਗਿਆ ਪਰ ਉਹਨਾਂ ਨੂੰ ਇਤਿਹਾਸ ਨਿਰਮਾਣ ਦੀ ਪ੍ਰਕਿਰਿਆ ਦੇ ਸਾਂਝੀਵਾਲ ਹੋਣ ਤੋਂ ਵਾਂਝੇ ਰੱਖਿਆ ਗਿਆ। ਉਹਨਾਂ ਨੂੰ ਇਤਿਹਾਸ ਤੋਂ ਜਾਣ ਬੁੱਝ ਕੇ ਇਕ ਪਾਸੇ ਰੱਖਿਆ ਗਿਆ। ਇਸ ਕਰਕੇ ਉਹ ਰਚਨਾਤਮਕ ਕੌਮੀ ਉੱਦਮਾਂ ਤੋਂ ਬਾਹਰ ਸਨ।

ਉੱਚ ਜਾਤੀਆਂ ਅਜਿਹਾ ਕੁਝ ਇਸ ਕਰਕੇ ਕਰ ਸਕੀਆਂ ਕਿਉਂਕਿ ਉਹ ਸਮਾਜਿਕ ਤੌਰ 'ਤੇ ਤਾਕਤਵਰ ਸਨ ਅਤੇ ਉਹ ਛੋਟੀਆਂ ਜਾਤਾਂ ਦੀ ਬਹੁਤ ਵੱਡੀ ਤਾਦਾਦ ਨੂੰ, ਜਿਵੇਂ ਉਹ (ਉੱਚ ਜਾਤੀ) ਆਦੇਸ਼ ਕਰਨ, ਉਵੇਂ ਹੀ ਵਗਾਰ ਵਿਚ ਆਪਣੇ ਲਈ ਕੰਮ ਕਰਵਾ ਸਕਦੀਆਂ ਸਨ। ਪਰ ਹਕੀਕਤ ਇਹ ਹੈ ਕਿ ਆਬਾਦੀ ਦੇ ਬਹੁਤ ਵੱਡੇ ਵਰਗ ਨੂੰ ਲੋਕਾਂ ਅਤੇ ਦੇਸ਼ ਦੀ ਤਦਬੀਰ ਸੰਵਾਰਨ ਦਾ ਰਚਨਾਤਮਕ ਯੋਗਦਾਨ ਦੇਣ ਦੀ ਆਗਿਆ ਨਹੀਂ ਦਿੱਤੀ ਗਈ। ਇਸੇ ਸਭ ਕੁਝ ਨੇ ਨਾ ਸਿਰਫ਼ ਛੋਟੀਆਂ ਜਾਤੀਆਂ ਸਗੋਂ ਉੱਚ ਵਰਗਾਂ ਵਿਚ ਵੀ ਪਤਨ ਲਿਆਂਦਾ ਅਤੇ ਪੰਡਤ ਨਹਿਰੂ ਦੇ ਸ਼ਬਦਾਂ ਵਿਚ 'ਇਕ ਨਾਅਹਿਲਤਾ ਨੂੰ ਜਨਮਿਆ' ਜੋ ਭਾਰਤੀ ਆਰਥਿਕਤਾ ਅਤੇ ਜੀਵਨ 'ਚ ਇਕ ਹਾਣੀ ਲੱਛਣ ਬਣ ਗਿਆ।'' ਵੱਡੇ ਪੱਧਰ 'ਤੇ ਇੱਕਜੁਟਤਾ ਅਤੇ ਸ਼ਾਸਨ ਦੀ ਸਰਪ੍ਰਸਤੀ ਮਿਲਣ 'ਤੇ ਸ਼ਾਇਦ ਮੁਸਲਿਮ ਜਿੱਤ ਨਾ ਹੁੰਦੀ। ਇਸ ਲਈ ਹਕੀਕਤ ਇਹ ਸੀ ਕਿ ਲੰਮੇ ਸਮੇਂ ਤੋਂ ਭਾਰਤੀ ਸਮਾਜ ਮਰਨ ਕਿਨਾਰੇ ਸੀ ਅਤੇ ਸਾਮੰਤਸ਼ਾਹੀ ਪ੍ਰਬੰਧ ਅਜੋਕੇ ਸਮੇਂ ਤੱਕ ਰਾਹ ਦਾ ਰੋੜਾ ਬਣਿਆ ਰਿਹਾ ਅਤੇ ਉਤਸ਼ਾਹ 'ਤੇ ਆਵਿਸ਼ਕਰਤਾ ਦੀ ਭਾਵਨਾ, ਜਿਸ ਨੇ ਪੱਛਮ ਵਿਚ ਉਦਯੋਗਿਕ ਕ੍ਰਾਂਤੀ ਲਿਆਂਦੀ, ਦੀ ਭਾਰਤ ਵਿਚ ਘਾਟ ਸੀ, ਇਹ ਕਿਸੇ ਲਈ ਹੈਰਾਨੀਜਨਕ ਨਹੀਂ ਹੋਣਾ ਚਾਹੀਦਾ।

ਪਹਿਲੋਂ ਦੇ ਸੁਧਾਰਕਾਂ ਦੇ ਅਸਫਲ ਹੋਣ ਦਾ ਕਾਰਨ ਸ਼ਾਇਦ ਇਹ ਸੀ ਕਿ ਉਹਨਾਂ ਨੇ ਪ੍ਰਚੱਲਿਤ ਹਿੰਦੂ ਵਿਚਾਰਕ ਢਾਂਚੇ 'ਤੇ ਸਿੱਧਾ ਹਮਲੇ ਕੀਤੇ। ਸਮਾਜ ਅਜੇ ਸੁਧਾਰਕ ਲਹਿਰਾਂ ਵੱਲੋਂ ਪ੍ਰਚਾਰੀਆਂ ਨਵੀਂ ਕਦਰਾਂ ਕੀਮਤਾਂ ਨੂੰ ਵਡਿਆਉਣ ਜਾਂ ਅਪਣਾਉਣ ਯੋਗ ਨਹੀਂ ਹੋਇਆ ਸੀ। ਭਾਵੇਂ ਜਾਤ ਦੀ ਧਾਰਨਾ

(ਬਾਕੀ ਅਗਲੇ ਸਫੇ 'ਤੇ)



# ਜਾਤਪਾਤ ਦੀ ਉਤਪਤੀ, ਸਮੱਸਿਆਵਾਂ ਅਤੇ ਹੱਲ

ਅਤੇ ਪ੍ਰਚੱਲਣ ਅਮੀਰਾਨਾ ਸੋਚ 'ਤੇ ਆਧਾਰਿਤ ਸੀ ਅਤੇ ਲੋਕਤੰਤਰਿਕ ਧਾਰਨਾਵਾਂ ਦੇ ਵਿਰੁੱਧ ਸੀ, ਇਸ ਨੇ ਉਸ ਸਮੇਂ ਦੇ ਸਮਾਜ ਦੇ ਮਾਨਸਿਕ ਸੰਤੁਲਨ ਨੂੰ ਗਤੀਹੀਣਤਾ ਪ੍ਰਦਾਨ ਕੀਤੀ। ਜਾਤੀ ਪ੍ਰਥਾ ਦੀਆਂ ਹੱਦਾਂ ਦੇ ਅੰਦਰ-ਅੰਦਰ ਲੋਕ ਘੁੰਮਣ ਫਿਰਨ ਲਈ ਆਜ਼ਾਦ ਸਨ ਅਤੇ ਜਿਵੇਂ ਉਹ ਚਾਹੁਣ ਕਰ ਸਕਦੇ ਸਨ ਪਰ ਅਜਿਹੀ ਆਜ਼ਾਦੀ ਕੁਦਰਤੀ ਤੌਰ 'ਤੇ ਬਹੁਤ ਨਾਕਾਫ਼ੀ ਸੀ। ਇਸ ਵਿਵਸਥਾ ਦੇ ਅਧੀਨ ਹੀ ਭਾਰਤੀ ਪਿੰਡਾਂ ਦੀ ਸਵੈ-ਨਿਰਭਰ ਆਰਥਿਕਤਾ ਵਧੀ ਫੁੱਲੀ ਅਤੇ ਕ੍ਰਾਂਤੀਆਂ ਦੇ ਹਮਲਿਆਂ, ਨਿਯਮ ਭੰਗਾਂ, ਅੰਦਰੂਨੀ ਯੁੱਧਾਂ ਅਤੇ ਝਗੜਿਆਂ ਦੀ ਲੁੱਟਮਾਰ ਦੇ ਵਿਰੁੱਧ ਖੜ੍ਹੀ ਰਹੀ। ਪਿੰਡ ਜਾਇਦਾਦ ਨੂੰ ਇਕ ਹੱਥ ਤੋਂ ਦੂਜੇ ਹੱਥ ਕਰ ਸਕਦਾ ਸੀ ਪਰ ਪਿੰਡ ਦੇ ਅੰਦਰੂਨੀ ਜੀਵਨ ਜਾਂ ਇਸਦੀ ਆਰਥਿਕਤਾ ਵਿਚ ਕੋਈ ਤਬਦੀਲੀ ਨਹੀਂ ਹੋਵੇਗੀ। ਪਿੰਡਾਂ ਦੀ ਬਹੁਗਿਣਤੀ ਨੂੰ ਬੇਗਾਰੀ ਅਤੇ ਗੁਲਾਮ ਰਹਿਣਾ ਹੁੰਦਾ ਸੀ, ਚਾਹੇ ਕੋਈ ਵੀ ਸ਼ਾਸਕ ਹੋਵੇ। ਰਾਜਨੀਤੀ ਦਾ ਉਹਨਾਂ ਨਾਲ ਕੋਈ ਸਬੰਧ ਨਹੀਂ ਸੀ। ਜੁਲਾਹਿਆਂ, ਤਰਖਾਣਾਂ, ਚਮੜਾ ਰੰਗਣ ਵਾਲਿਆਂ, ਨਾਈਆਂ, ਧੋਬੀਆਂ ਅਤੇ ਦੂਜੇ ਦਸਤਕਾਰਾਂ ਦੀ ਖੁਸ਼ਹਾਲੀ ਆਪਣੀ ਰੋਜ਼ਾਨਾ ਮੁਸ਼ੱਕਤ ਦੀ ਨਿਰਭਰਤਾ ਰਾਜਨੀਤਿਕ ਦ੍ਰਿਸ਼ ਦੀਆਂ ਬਦਲੀਆਂ ਹਾਲਤਾਂ ਤੋਂ ਬਿਨਾਂ ਪ੍ਰਭਾਵਿਤ ਹੋਏ ਸੀ।

ਇਸ ਸਥਿਰ ਸੰਤੁਲਨ ਨੂੰ ਬਰਤਾਨਵੀ ਰਾਜ ਦੀ ਸ਼ੁਰੂਆਤ ਨਾਲ ਸਖ਼ਤ ਧੱਕਾ ਲੱਗਾ। ਭਾਰਤੀ ਆਰਥਿਕਤਾ ਅਤੇ ਇਸਦੀ ਥੋੜ੍ਹੀ ਬਹੁਤੀ ਸਵੈ-ਨਿਰਭਰਤਾ ਦੇ ਲੱਛਣ ਨੂੰ ਉਦੋਂ ਮਾਰੂ ਸੱਟ ਵੱਜੀ ਜਦੋਂ ਮਸ਼ੀਨ ਨਾਲ ਬਣੀਆਂ ਜਾਂ ਮਿੱਲਾਂ ਵਿਚ ਬਣੀਆਂ ਵਸਤਾਂ ਨੂੰ ਹੱਥਾਂ ਦੀਆਂ ਬਣੀਆਂ ਵਸਤਾਂ ਨਾਲ ਮੁਕਾਬਲਾ ਕਰਨਾ ਸ਼ੁਰੂ ਕਰ ਦਿੱਤਾ। ਜਦੋਂ ਉਦਯੋਗੀਕਰਨ ਵਧਣਾ ਸ਼ੁਰੂ ਹੋਇਆ ਅਤੇ ਖੇਤ ਮਜ਼ਦੂਰਾਂ ਜਾਂ ਕਿਸਾਨੀ ਅਤੇ ਇੱਥੋਂ ਤੱਕ ਕਿ ਕਾਰੀਗਰਾਂ ਨੂੰ ਵੀ ਕੰਗਾਲ ਬਣਾ ਕੇ ਉਦਯੋਗਿਕ ਕੇਂਦਰ ਵੱਲ ਧੱਕਿਆ ਗਿਆ। ਸਾਮਰਾਜਵਾਦੀ ਸ਼ੋਸ਼ਣ ਦੇ ਤੌਰ-ਤਰੀਕਿਆਂ ਦਾ ਮੰਤਵ ਸੀ ਕਿ ਪਿੰਡਾਂ ਵਿਚ ਉਦਯੋਗਿਕ ਵਸਤਾਂ ਲਈ ਕੱਚੇ ਮਾਲ ਵਜੋਂ ਵਰਤੀਆਂ ਜਾਂਦੀਆਂ ਮੁਢਲੀਆਂ ਵਸਤਾਂ ਤੋਂ ਬਿਨਾਂ ਕੁਝ ਵੀ ਉਤਪੰਨ ਨਾ ਕੀਤਾ ਜਾਵੇ। ਉਦਯੋਗਿਕ ਜੀਵਨ ਦੀ ਸ਼ੁਰੂਆਤ ਅਤੇ ਉਦਯੋਗੀਕਰਨ ਦੇ ਪ੍ਰਭਾਵ ਕਾਰਨ ਸ਼ਹਿਰਾਂ ਵਿਚ ਜਾਤੀ ਪ੍ਰਥਾ ਦੀ ਕਠੋਰਤਾ ਘਟਾਉਣ ਵਿਚ ਮਦਦ ਮਿਲੀ ਪਰ ਪਿੰਡ ਹਿੰਦੂ ਵਿਵਸਥਾ ਦੀ ਵਿਚਾਰਧਾਰਾ ਦੇ ਸ਼ਰਧਾਲੂ ਅਤੇ ਸਨਾਤਨੀ (ਰੂੜ੍ਹੀਵਾਦੀ) ਰਹੇ।

ਇਸ ਸੰਦਰਭ ਵਿਚ ਜਦੋਂ ਅਸੀਂ ਹਿੰਦੂ ਵਿਵਸਥਾ ਦੀ ਵਿਚਾਰਧਾਰਾ ਜਾਂ ਹਿੰਦੂ ਵਿਚਾਰਧਾਰਾ ਦੇ ਢਾਂਚੇ ਦੀ ਗੱਲ ਕਰਦੇ ਹਾਂ ਤਾਂ ਸਾਨੂੰ ਹਰ ਹਾਲਤ ਵਿਚ ਇਹ ਯਾਦ ਰੱਖਣਾ ਹੋਵੇਗਾ ਕਿ ਹਿੰਦੂ ਵਿਚਾਰਕ ਢਾਂਚਾ ਆਪਣੇ ਆਪ ਵਿਚ ਇਕ ਬਹੁਤ ਵੱਡੀ ਗੁੰਝਲ ਹੈ। ਹਿੰਦੂ ਫਿਲਾਸਫ਼ੀ ਵੱਖੋ ਵੱਖ ਅਤੇ ਅਕਸਰ ਵਿਚਾਰਕ ਵਿਰੋਧਾਂ ਦਾ ਵੱਟਿਆ ਹੋਇਆ ਰੱਸਾ ਹੈ। ਮਨੁੱਖ ਤਾਵਾਦੀ ਅਤੇ ਲੋਕਤੰਤਰਿਕ ਤਰਕ ਭਰਪੂਰ ਕਥਨ ਹੈ ਕਿ ਆਦਮੀ ਹੀ ਸਭ ਕੁਝ ਦਾ ਮਾਪਦੰਡ ਹੈ ਅਤੇ ਸਾਰੇ ਮਨੁੱਖ ਆਜ਼ਾਦ ਅਤੇ ਬਰਾਬਰ ਪੈਦਾ ਹੋਏ ਹਨ। ਮਨੁੱਖੀ ਵਿਅਕਤੀਤਵ ਹੀ ਦੈਵੀ ਅਤੇ ਅਦੁੱਤੀ ਹੈ। ਮਿਸ਼ਰਿਤ ਹਿੰਦੂ ਵਿਚਾਰਕ-ਢਾਂਚੇ ਵਿਚ ਅਜਿਹੇ ਵਿਚਾਰਕ ਪ੍ਰਵਾਹ ਹੀ ਹਿੰਦੂਵਾਦ ਨੂੰ ਬਹੁਤ ਉਦਾਰ ਸਮਝੇ ਜਾਣ ਵਾਲੇ ਧਰਮਾਂ 'ਚੋਂ ਹੋਣ ਦੇ ਦਾਅਵੇ ਨੂੰ ਸਿੱਧ ਕਰ ਸਕੇਗਾ। ਵੱਟੀ ਹੋਈ ਰੱਸੀ ਨੁਮਾ ਵੱਖਰੋ ਵੱਖਰਾ ਬਰਾਬਰ ਮਿਸ਼ਰਿਤ ਵਿਚਾਰਕ ਢਾਂਚਾ ਕੱਟੜ ਰੂੜ੍ਹੀਵਾਦੀ ਸਨਾਤਨ ਧਰਮੀਆਂ ਲਈ ਉਤਸ਼ਾਹ ਅਤੇ ਸਹਾਇਤਾ ਪ੍ਰਦਾਨ ਕਰਦਾ ਹੈ, ਜਿਹੜੇ ਪੱਕੇ ਤੌਰ 'ਤੇ ਵਿਸ਼ਵਾਸ ਰੱਖਦੇ ਹਨ ਕਿ ਚਤੁਰਵਰਨ ਰੱਬੀ ਪ੍ਰਬੰਧ ਹੈ। ਹਿੰਦੂਵਾਦ ਇਕ ਮੱਤ ਜਾਂ ਧਰਮ ਨਹੀਂ ਹੈ। ਇਹ ਮੱਤਾਂ ਅਤੇ ਧਰਮਾਂ ਦਾ ਦੋਸਤਪਣ ਹੈ।

ਚਤਰਵਰਨ ਦਾ ਆਧਾਰ ਅਸਲੀ ਅਤੇ ਮੁੱਢਲੀ ਕ੍ਰਿਆਤਮਕ ਵਿਚਾਰਧਾਰਾ ਦੀ ਬਹੁਤ ਲੰਮੀ ਉਮਰ ਕਹਾਣੀ ਹੈ। ਅਜੇ ਵੀ ਇਸ ਦਾ ਜਨ ਸਮੂਹ ਦੇ ਮਨਾਂ ਤੇ ਬਹੁਤ ਤਕੜਾ ਸ਼ਿਕੰਜਾ ਹੈ। ਪਰ ਆਧੁਨਿਕ ਜੀਵਨ ਦੇ ਹਾਲਾਤਾਂ ਦੇ ਪ੍ਰਭਾਵ ਸਦਕੇ ਇਹ ਹੌਲੀ ਹੌਲੀ ਆਪਣੇ ਪ੍ਰਭਾਵ ਘਟਾ ਰਹੀ ਹੈ। ਇਸ ਬਾਰੇ ਕੋਈ ਦੋ ਰਾਵਾਂ ਨਹੀਂ ਕਿ ਨਾ ਤਾਂ ਲੋਕਤੰਤਰ ਵਿਚਾਰ-ਧਾਰਾ ਅਤੇ ਵਿਸ਼ਵਾਸ ਅਤੇ ਨਾ ਹੀ ਭਾਰਤ ਦੀਆਂ ਸਮਾਜਿਕ ਆਰਥਿਕ ਲੋੜਾਂ ਦੇ ਸਬੰਧ ਵਿਚ ਇਸ (ਜਾਤੀਵਾਦੀ) ਵਿਚਾਰਧਾਰਾ ਨੇ ਕਿਸੇ ਵੀ ਨਿਆਂਪੂਰਨ ਕਦਮ ਉਠਾਉਣਾ ਬੰਦ ਰੱਖੀ ਰੱਖਿਆ ਹੈ। ਸਮਾਜ ਦਾ ਵਿਚਾਰਵਾਨ ਵਰਗ ਇੱਕਮਤ ਹੋ ਰਿਹਾ ਹੈ, ਬੀਤੇ ਜ਼ਮਾਨੇ ਦੀ ਇਸ ਘੁੱਟ ਕੇ ਫੜੀ ਲਾਸ਼ ਨੂੰ ਜਿੰਨੀ ਜਲਦੀ ਚੰਗੀ ਤਰ੍ਹਾਂ ਦਫ਼ਨਾਇਆ ਜਾਵੇ, ਉਨਾ ਹੀ ਭਾਰਤੀ ਸਮਾਜ ਲਈ ਬਿਹਤਰ ਰਹੇਗਾ।

ਭਾਵੇਂ ਇਸ ਦੇ ਖ਼ਾਤਮੇ ਲਈ ਇਕ ਸਹਿਮਤੀ ਹੈ ਪਰ ਸਾਧਨਾਂ ਦੀ ਵਰਤੋਂ ਸਬੰਧੀ ਇਕ ਵਿਚਾਰਨਯੋਗ ਅਸਹਿਮਤੀ ਹੈ। ਅਜਿਹੇ ਸਿਧਾਂਤਕ ਲੋਕਤੰਤਰਵਾਦੀ ਅਤੇ ਉਤਸ਼ਾਹੀ ਦੇਸ਼ ਭਗਤ ਹਨ, ਜੋ ਜਾਤ ਦੀ ਵਰਤੋਂ ਕਰਨੀ ਬੰਦ ਕਰ ਦੇਣਾ ਪਸੰਦ ਕਰਨਗੇ। ਉਹ ਇਸ ਖਿਆਲ ਦੇ ਹਨ ਕਿ ਜੇ ਲੋਕ ਜਾਤ ਦੀ ਗੱਲ ਹੀ ਨਾ ਕਰਨ, ਜੇ ਉਹ ਮਨੋਵਿਗਿਆਨਕ ਘੁਰਨਿਆਂ ਤੋਂ ਬਾਹਰ ਆ ਕੇ ਖੁੱਲ੍ਹੇ ਵਾਤਾਵਰਣ ਵਿਚ ਸਾਹ ਲੈਣ ਜਿੱਥੇ ਮਨੁੱਖ ਮਾਤਰ ਨੂੰ ਉਸ ਦੀ ਆਪਣੀ ਗੁਣਾਂ 'ਤੇ ਆਧਾਰਿਤ ਯੋਗਤਾ ਤੇ ਤੋਲਿਆ ਜਾਵੇ ਨਾ ਕਿ ਜਾਤ ਦੇ ਆਧਾਰ 'ਤੇ, ਇਸ ਤਰ੍ਹਾਂ ਜਾਤ ਪਾਤ ਅਤੇ ਛੂਆ ਛਾਤ ਦੀ ਸਮੱਸਿਆ ਖਤਮ ਹੋ ਜਾਵੇਗੀ।

ਇਸ ਤੋਂ ਬਾਅਦ ਉਹ ਲੋਕ ਹਨ ਜੋ ਕੌਮੀ ਅਖੰਡਤਾ ਨੂੰ ਵੱਧ ਮਹੱਤਤਾ ਦਿੰਦੇ ਹਨ ਅਤੇ ਸ਼ਖਸੀਅਤ ਨੂੰ ਘੱਟ ਮਹੱਤਤਾ ਦਿੰਦੇ ਹਨ ਜੋ ਇਸ (ਕੌਮੀ ਅਖੰਡਤਾ) ਨੂੰ ਸਮੂਹਿਕ ਤੌਰ ਤੇ ਸਿਰਜਦੇ ਹਨ। ਉਹ ਸੋਚਦੇ ਹਨ ਕਿ ਸੁਧਾਰਮਈ ਪੈਮਾਨਿਆਂ ਦਾ ਆਧਾਰ ਜਾਤ ਰੱਖਣ ਨਾਲ ਅਸੀਂ ਉਸ ਅਦਾਰੇ ਵਿਚ ਸਵਾਰਥੀ ਹਿਤ ਪੈਦਾ ਕਰ ਰਹੇ ਹਾਂ, ਜਿਸ ਅਦਾਰੇ ਖਿਲਾਫ ਅਸੀਂ ਲੜਨ ਦਾ ਦਾਅਵਾ ਕਰਦੇ ਹਾਂ ਅਤੇ ਇਸ ਤਰ੍ਹਾਂ ਅਣਜਾਣਪੁਣੇ ਵਿਚ ਅਸੀਂ ਜਾਤ ਪਾਤ ਨੂੰ ਇਕ ਨਵਾਂ ਜੀਵਨ ਦਿੰਦੇ ਹਾਂ। ਉਹ ਸੁਧਾਰਮਈ ਪੈਮਾਨੇ ਲਈ ਪਿਛੜੇਪਣ ਦਾ ਪੈਮਾਨਾ ਸਮਾਜਿਕ ਜਾਂ ਆਰਥਿਕ ਰੱਖਣ ਦੇ ਹਾਮੀ ਹਨ ਨਾ ਕਿ ਜਾਤ ਰੱਖਣ ਦੇ ਹਮਾਇਤੀ ਹਨ।

ਇਸ ਤੋਂ ਇਲਾਵਾ ਦੂਸਰੇ ਉਹ ਹਨ ਜੋ ਸਮਝਦੇ ਹਨ ਕਿ ਸਮੱਸਿਆ ਵੱਡੇ ਅਤੇ ਮੁੱਖ ਤੌਰ 'ਤੇ ਆਰਥਿਕ ਹੈ ਅਤੇ ਇਸ ਦੇ ਸਮਾਜਿਕ, ਸਭਿਆਚਾਰਕ ਅਤੇ ਦੂਸਰੇ ਪਹਿਲੂ ਆਪਣਾ ਖਿਆਲ ਆਪ ਕਰ ਲੈਣਗੇ ਤਾਂ ਜੋ ਆਰਥਿਕ ਸਮੱਸਿਆ ਨੂੰ ਠੀਕ ਤਰ੍ਹਾਂ ਸੁਲਝਾਇਆ ਜਾਵੇ। ਉਹ ਸੋਚਦੇ ਹਨ ਕਿ ਇਹ ਸਿਰਫ਼ ਸੁਧਾਰਮਈ ਤਰੀਕਾ ਹੀ ਹੈ ਕਿ ਜਾਤੀ ਪ੍ਰਥਾ ਦੀ ਤਾਕਤ ਅਤੇ ਇਕਮੁੱਠਤਾ ਨੂੰ ਕੌਮੀ ਏਕਤਾ ਅਤੇ ਸਮੁੱਚੇ ਕਿ ਇਹ ਸਿਰਫ਼ ਸੁਧਾਰਮਈ ਤਰੀਕਾ ਹੀ ਹੈ ਕਿ ਜਾਤੀ ਪ੍ਰਥਾ ਦੀ ਤਾਕਤ ਅਤੇ ਇਕਮੁੱਠਤਾ ਨੂੰ ਕੌਮੀ ਏਕਤਾ ਅਤੇ ਸਮੁੱਚੇ ਤੌਰ 'ਤੇ ਸਾਂਝੇ ਉੱਦਮਾਂ ਵਿਚ ਬਦਲਿਆ ਜਾਵੇ। ਅਜਿਹੇ ਵਿਚਾਰਾਂ ਵਾਲੇ ਵਿਅਕਤੀ ਖਾਸ ਸੁਰੱਖਿਆਵਾਂ ਜਿਵੇਂ ਕਿ ਰਾਖਵਾਂਕਰਨ ਜਾਂ ਛੋਟਾਂ ਦੇ ਖਿਲਾਫ ਹਨ, ਕਿਉਂਕਿ ਉਹ ਸਮਝਦੇ ਹਨ ਕਿ ਰਾਖਵਾਂਕਰਨ ਅਤੇ ਛੋਟਾ ਜਾਤੀਵਾਦੀ ਸੋਚ ਅਤੇ ਜਾਤੀ ਪ੍ਰਤੀ ਵਫ਼ਾਦਾਰੀ ਨੂੰ ਪੀਡਿਆਂ ਕਰਨਗੀਆਂ ਅਤੇ ਵਡੇਰੀਆਂ ਵਫ਼ਾਦਾਰੀਆਂ ਅਤੇ ਵਡੇਰੀ ਸਮਾਜਿਕ ਇਕਮੁੱਠਤਾ ਦੀ ਪ੍ਰਗਤੀ ਨੂੰ ਧੀਮੀ ਕਰਨਗੀਆਂ। ਅਜਿਹੇ ਨੇਕਨੀਅਤ ਵਾਲੇ ਲੋਕ ਅਣਜਾਣਪੁਣੇ ਵਿਚ ਆਪਣੇ ਆਪ ਨੂੰ ਪੱਛੜੇ ਵਰਗਾਂ ਦੇ ਪਰਉਪਕਾਰੀ ਰਖਵਾਲੇ ਹੋਣ ਦੇ ਰੋਲ ਕਰਨ ਦਾ ਝੂਠਾ ਦਾਅਵਾ ਕਰਦੇ ਹਨ ਅਤੇ ਸਮਝਦੇ ਹਨ ਕਿ ਉਹਨਾਂ ਨੂੰ ਉਹਨਾਂ ਲੱਖਾਂ ਅੱਧ-ਡੁੱਬਿਆਂ ਲੋਕਾਂ ਪ੍ਰਤੀ ਨੈਤਿਕ ਕਰਜ਼ ਇਸ ਤਰ੍ਹਾਂ ਮੋੜਿਆ ਜਾਵੇ ਕਿ ਜੋ ਕੌਮ ਦੀ ਬਿਹਤਰੀ ਲਈ ਬਹੁਤ ਸਹਾਇਕ ਹੋ ਸਕੇ। ਮੈਨੂੰ ਡਰ ਹੈ ਕਿ ਅਜਿਹੀ ਸੋਚਣੀ ਅਤੇ ਅਜਿਹੀ ਮਨੋਬਿਰਤੀ ਜਾਂ ਤਾਂ ਅਸਲੀਅਤਾਂ ਤੋਂ ਅਣਜਾਣ ਹੋਣ ਦਾ ਪਹਾੜ ਜਿੱਡਾ ਵਿਸ਼ਵਾਸਘਾਤ ਹੈ ਜਾਂ ਉਹਨਾਂ ਤੋਂ ਮੂੰਹ ਲੁਕਾਉਣ ਦੀ ਭਾਵਨਾ ਹੈ।

ਜਾਤੀ ਪ੍ਰਥਾ ਜਾਨਲੇਵਾ ਅਤੇ ਗੈਰ ਮਨੁੱਖੀ ਸੰਸਥਾ ਹੈ, ਕਹਿਣਾ ਹੀ ਕੋਈ ਬੁੱਧੀਵਾਦੀ ਧਾਰਨਾ ਨਹੀਂ ਹੈ। ਅਜਿਹੇ ਵਿਚਾਰ ਹੀ ਰੱਖਣਾ ਕੋਈ ਬਹੁਤੀ ਮਹੱਤਤਾ ਦੀ ਗੱਲ ਨਹੀਂ ਹੈ। ਇਹ ਤਾਂ ਅਜਿਹੀਆਂ ਜਾਤਾਂ ਪ੍ਰਤੀ ਸਲੂਕ ਹੀ ਮਹੱਤਤਾ ਰੱਖਦਾ ਹੈ ਅਤੇ ਇੱਥੋਂ ਤੱਕ ਕਿ ਪੜ੍ਹੇ ਲਿਖੇ ਲੋਕਾਂ ਦਾ ਵਰਤੋਂ ਵਿਹਾਰ ਕੁਝ ਖਾਸ ਪੱਖਪਾਤਾਂ ਤੇ ਨਿਰਭਰ ਕਰਦਾ ਹੈ ਜੋ ਹਿੰਦੂ ਵਿਚਾਰਕ ਢਾਂਚੇ ਵਿਚ ਬਹੁਤ ਮਹੱਤਵਪੂਰਨ ਸਥਾਨ ਰੱਖਦੇ ਹਨ। ਸਰੀਰਕ ਮਿਹਨਤ ਦੇ ਪੇਸ਼ੇਵਰਾਂ ਨੂੰ ਮੁਢਲੇ ਪੱਖਪਾਤ ਅਨੁਸਾਰ ਘਿਰਣਾ ਨਾਲ ਦੇਖਿਆ ਜਾਂਦਾ ਹੈ ਅਤੇ ਅਜਿਹੀ ਮਜ਼ਦੂਰੀ ਨਾਲ ਸਬੰਧਤ ਲੋਕਾਂ ਨੂੰ ਹੇਠੀ ਨਾਲ ਵੇਖਣਾ ਅਜੇ ਵੀ ਮੌਜੂਦ ਹੈ। ਸਮਾਜਿਕ ਮਾਣ ਅਜੇ ਵੀ ਉਸ ਵਿਅਕਤੀ ਨੂੰ ਮਿਲਦਾ ਹੈ ਜੋ ਆਪਣੇ ਹੱਥਾਂ ਨਾਲ ਕੰਮ ਨਹੀਂ ਕਰਦਾ।

ਉੱਚ ਜਾਤੀ ਬੁੱਧੀਮਾਨਾਂ ਦੇ ਵਰਤੋਂ ਵਿਹਾਰ ਵਿਚ ਵਿਰਸੇ ਵਿਚ ਮਿਲੀਆਂ ਆਦਤਾਂ ਅਤੇ ਸਜਾਤੀ ਵਿਆਹ ਦੇ ਵਿਚਾਰ ਅਤੇ ਜਾਤੀ ਪ੍ਰਥਾ ਦਾ ਤਾਣਾ ਬਾਣਾ ਬਹੁਤਾ ਕਰਕੇ ਫੈਸਲਾਕੁੰਨ ਹੁੰਦਾ ਹੈ, ਚਾਹੇ ਉਹਨਾਂ ਦੀਆਂ ਆਪਣੀਆਂ ਧਾਰਨਾਵਾਂ ਹੀ ਕਿਉਂ ਨਾ ਹੋਣ। ਇਹ ਪੱਖਪਾਤ ਸਮਾਜਿਕ ਢਾਂਚੇ ਦਾ ਹਿੱਸਾ ਹਨ (ਇਹ ਪੱਖਪਾਤ) ਸਾਡੇ ਜਿਸਮ ਦੇ ਧੁਰ ਅੰਦਰ ਘਰ ਕਰ ਚੁੱਕੇ ਹਨ। ਇਹੀ ਵਜ੍ਹਾ ਹੈ ਕਿ ਅਸੀਂ ਕਿੱਤੇ ਅਤੇ ਵਰਤੋਂ ਵਿਹਾਰ ਵਿਚ ਇਹ ਸਪਸ਼ਟ ਭੇਦਭਾਵ ਦੇਖਦੇ ਹਾਂ। ਇਹੋ ਕਾਰਨ ਹੈ ਕਿ ਸਾਨੂੰ ਅਖੌਤੀ ਬੁੱਧੀਮਾਨਾਂ ਵਿਚ ਬਹੁਤੇ ਆਜ਼ਾਦ ਖਿਆਲੀ ਵਿਅਕਤੀ ਨਹੀਂ ਮਿਲਦੇ।

ਦੰਭਪਰਣ ਵਿਸ਼ਵਾਸਾਂ ਅਤੇ ਪ੍ਰਚੱਲਿਤ ਵਰਤੋਂ ਵਿਹਾਰਾਂ ਵਿਚਕਾਰ ਅੰਤਰ ਨੂੰ ਕਿਵੇਂ ਕਾਬੂ ਕੀਤਾ ਜਾਵੇ? ਪੱਛੜੇ ਵਰਗਾਂ ਨੂੰ ਕਿਵੇਂ ਯਕੀਨ ਦਿਵਾਇਆ ਜਾਵੇ ਕਿ ਜੇ ਉਹਨਾਂ ਰਿਜ਼ਰਵੇਸ਼ਨ ਹੈ ਤਾਂ ਉਹਨਾਂ ਦੇ ਹਿੱਤ ਉੱਚ ਜਾਤੀਆਂ ਦੇ ਨੇਕ-ਨੀਅਤ ਬੁੱਧੀਮਾਨਾਂ ਦੇ ਹੱਥਾਂ ਵਿਚ ਸੁਰੱਖਿਅਤ ਰਹਿਣਗੇ? ਉੱਚ ਜਾਤੀ ਲੋਕ ਅੱਛੇ ਇਰਾਦਿਆਂ ਅਤੇ ਬੁੱਧੀਵਾਦੀ ਵਿਸ਼ਵਾਸਾਂ ਦੇ ਬਾਵਜੂਦ ਅਜੇ ਇਰਾਦਿਆਂ ਅਤੇ ਬੁੱਧੀਵਾਦੀ ਵਿਸ਼ਵਾਸਾਂ ਦੇ ਬਾਵਜੂਦ ਅਜੇ ਜਾਤੀਵਾਦੀ ਪੱਖਪਾਤਾਂ ਅਤੇ ਵਰਤੋਂ ਵਿਹਾਰਾਂ ਤੋਂ ਉਪਰ ਉੱਠਣ ਦੇ ਯੋਗ ਨਹੀਂ ਹੋਏ। ਇਹੀ ਇਕ ਨਿਰਣਾਇਕ ਸਮੱਸਿਆ ਹੈ ਜੋ ਇਮਾਨਦਾਰੀ ਅਤੇ ਗੰਭੀਰਤਾ ਨਾਲ ਵਿਚਾਰੀ ਜਾਣੀ ਚਾਹੀਦੀ ਹੈ।

ਇਹ ਸਮੱਸਿਆ ਆਪਣੇ ਆਪ ਵਿਚ ਜਾਤੀਵਾਦ ਅਤੇ ਛੂਆਛਾਤ ਨੂੰ ਜੜ੍ਹੋਂ ਪੁੱਟਣ ਲਈ ਨਾਂਹ ਪੱਖੀ ਸਮੱਸਿਆ ਵਜੋਂ ਮੇਰੇ ਲਈ ਘਬਰਾਉਣ ਯੋਗ ਨਹੀਂ। ਨਿੱਜੀ ਤੌਰ 'ਤੇ ਮੈਂ ਸਮੱਸਿਆ ਨੂੰ ਸਾਡੇ ਲੋਕਾਂ (ਭਾਰਤੀਆਂ) ਦੇ ਸੋਚਣ ਢੰਗ ਨੂੰ ਬਦਲਣ ਅਤੇ ਚਿਰੋਂ ਪੁਰਾਣੀ ਹਿੰਦੂ ਵਿਚਾਰਧਾਰਾ ਦੀ ਬਣਤਰ ਅਤੇ ਚਿਰੋਂ ਪੁਰਾਣੀ ਹਿੰਦੂ ਵਿਚਾਰਧਾਰਾ ਦੀ ਬਣਤਰ ਅਤੇ ਤਾਣੇ ਬਾਣੇ ਵਿਚ ਤਬਦੀਲੀ ਲਿਆਉਣ ਦਾ ਪੱਖੀ ਹਾਂ। ਸਮੱਸਿਆ ਪੁਨਰ ਜਾਗਰਣ ਦੀ ਪ੍ਰਕਿਰਿਆ ਨੂੰ ਸੰਪੂਰਨ ਕਰਨ ਦੀ ਹੈ ਅਤੇ ਸਮਾਜ ਸੁਧਾਰ ਜੋ ਬਹੁਤ ਸਾਰੇ ਮਹਾਨ ਸੰਤਾਂ ਨੇ ਸ਼ੁਰੂ ਕੀਤਾ ਅਤੇ ਜੋ ਕਦੀ ਵੀ ਪੂਰੀ ਤਰ੍ਹਾਂ ਨਾ ਹੋਇਆ, ਨੂੰ ਸੰਪੂਰਨ ਕਰਨ ਦੀ। ਹਰ ਇਕ ਨੂੰ ਯੂਰਪ ਦੀ ਤਰੱਕੀ ਦੀ ਅਵਸਥਾ ਦਾ ਪਤਾ ਹੋਵੇਗਾ, ਜਿਸ ਨੂੰ ਪੁਨਰ ਜਾਗਰਣ ਕਿਹਾ ਗਿਆ। ਇਸ ਨੇ ਲੋਕਾਂ ਦੇ ਬੁੱਧੀਵਾਦੀ ਅਤੇ ਨੈਤਿਕ ਮਨੋਬਿਰਤੀ ਵਿਚ ਹੀ ਤਬਦੀਲੀ ਨਹੀਂ ਲਿਆਂਦੀ ਸਗੋਂ ਇਸ ਨੇ ਨਵਾਂ ਸਮਾਜਿਕ ਅਤੇ ਆਰਥਿਕ ਆਧਾਰ ਵੀ ਦਿੱਤਾ ਜੋ ਇਹਨਾਂ ਨਵੇਂ ਵਿਚਾਰਾਂ ਨੂੰ ਚਿਰਸਥਾਈ ਕਰ ਸਕਦੇ ਸਨ। ਇਸ ਦੇ ਪ੍ਰਭਾਵ ਅਤੇ ਉਤਸ਼ਾਹ ਸਦਕੇ ਯੂਰਪੀਨ ਕੌਮਾਂ ਮਹੱਤਵਪੂਰਨ ਕਦਮ ਉਠਾਉਣ ਦੀ ਨਵੀਂ ਸਥਿਤੀ 'ਚ ਹੋਈਆਂ। ਪੁਨਰ ਜਾਗਰਣ ਨੇ ਰਚਨਾਤਮਕ ਸਰਗਰਮੀਆਂ ਨੂੰ ਬਹੁਤ ਤੇਜ਼ੀ ਬਖਸ਼ੀ ਨਾ ਕਿ ਬੁੱਧੀਵਾਦੀ ਹਲਕਿਆਂ ਵਿਚ ਹੀ ਸਗੋਂ ਹੋਰਨਾਂ ਹਲਕਿਆਂ ਵਿਚ ਵੀ।

ਇਹ ਸਭ ਕੁਝ ਕਿਵੇਂ ਵਾਪਰਿਆ? ਇਸ (ਪੁਨਰ ਜਾਗਰਣ) ਨੇ ਆਦਮੀ ਨੂੰ ਧਰਮ ਸ਼ਾਸ਼ਤਰਾਂ ਦੀ ਗੁਲਾਮੀ ਤੋਂ ਆਜ਼ਾਦ ਕੀਤਾ ਅਤੇ ਆਦਮੀ ਨੂੰ ਸੰਤਤਾਈ ਦੀ ਸਪਸ਼ਟ ਪ੍ਰਵਾਨਗੀ ਵੱਲ ਵਧਾਇਆ। ਆਦਮੀ ਦੇ ਆਪਣੇ ਗੁਣਾਂ ਦੇ ਆਧਾਰ 'ਤੇ ਆਦਮੀ ਅਤੇ ਉਸਦੇ ਜੀਵਨ ਦੀ ਮਹੱਤਤਾ ਦਾ ਨਵਾਂ ਸਿਧਾਂਤ ਹੀ ਸੀ ਜੋ ਸੱਚਮੁੱਚ ਇਕ ਚਮਤਕਾਰ ਹੋ ਨਿੱਬੜਿਆ। ਨਾਲ ਦੀ ਨਾਲ ਇਸ ਨੇ ਪਿਛੋਕੜ ਨਾਲੋਂ ਨਾਤਾ ਨਾ ਤੋੜਿਆ। ਇਸ ਨੇ ਮੱਧਯੁੱਗੀ ਵਿਚਾਰਾਂ ਵਿਚਲੀ ਮੌਲਿਕਤਾ ਨੂੰ ਉਭਾਰਿਆ ਅਤੇ ਧਾਰਮਿਕ ਆਜ਼ਾਦੀ ਤੋਂ ਬਾਅਦ ਆਦਮੀ ਦੇ ਤਾਜ਼ੇ ਉੱਦਮਾਂ ਨਾਲ ਇਤਿਹਾਸ ਦੀ ਰਵਾਨਗੀ ਨੂੰ ਤੇਜ਼ੀ ਬਖ਼ਸ਼ੀ ਅਤੇ ਮਨੁੱਖੀ ਸੁਭਾਅ ਦੀ ਪਛਾਣ ਨੂੰ ਨਿਖਾਰਿਆ। ਇਸ ਨੇ ਮੱਧਯੁੱਗੀ ਕੱਟੜਤਾ ਦੀਆਂ ਠੋਸੀਆਂ ਤੰਗਦਿਲੀ ਰੁਕਾਵਟਾਂ ਨੂੰ ਚਰਮਰਾ ਦਿੱਤਾ। ਧਾਰਮਿਕ ਅੱਤਿਆਚਾਰਾਂ ਅਤੇ ਰਾਜਨੀਤਿਕ ਕੱਟੜਤਾ ਦੀ ਲੰਮੀ ਗੁਲਾਮੀ ਤੋਂ ਬਾਅਦ ਮਨੁੱਖੀ ਮਨ ਲਈ ਆਜ਼ਾਦੀ ਦੀ ਇਸ ਪੁਨਰ ਪ੍ਰਾਪਤੀ ਨੇ ਅਜੋਕੀਆਂ ਸਿਵਲ ਸਰਕਾਰਾਂ ਦੇ ਉਭਾਰ ਲਈ ਰਸਤਾ ਸਾਫ ਕੀਤਾ। ਨਾਂ ਸਿਰਫ਼ ਆਰਥਿਕ ਜੀਵਨ ਅਤੇ ਵਿਚਾਰਕ ਢਾਂਚੇ ਹੀ ਸਗੋਂ ਧਾਰਮਿਕ ਵਿਸ਼ਵਾਸ਼ ਵੀ ਪ੍ਰਭਾਵਿਤ ਹੋਏ ਅਤੇ ਧਰਮ ਆਪ ਵੀ ਇਸ ਮਹਾਨ ਤਬਦੀਲੀ ਦੀ ਮਾਰ ਹੇਠ ਆ ਗਿਆ। ਬਦਕਿਸਮਤੀ ਨਾਲ ਭਾਰਤ ਵਿਚ ਇਹ ਲਹਿਰ ਕਦੇ ਵੀ ਪੂਰੀ ਰਫ਼ਤਾਰ ਨਾਲ ਨਹੀਂ ਚੱਲੀ। ਬੁੱਧ ਇਸ ਕਰਕੇ ਅਸਫਲ ਰਹੇ ਕਿਉਂਕਿ ਉਹ ਆਪਣੇ ਸਮੇਂ ਤੋਂ ਬਹੁਤ ਜ਼ਿਆਦਾ ਅਗਾਂਹ ਦੇ ਸੁਧਾਰਕ ਸਨ। ਦੂਸਰੇ ਸੰਤਾਂ ਵੱਲੋਂ ਕੀਤੇ ਸੁਧਾਰਾਂ ਦੇ ਅਸਫਲ ਹੋਣ ਦਾ ਕਾਰਨ ਸੀ ਕਿ ਉਹਨਾਂ ਦੇ ਪੈਰੋਕਾਰ ਖਿੱਲਰ ਗਏ ਅਤੇ ਸੁਧਾਰਾਂ ਦਾ ਸਿੱਟਾ ਜਾਤ ਨੂੰ ਮਿਟਾਉਣ ਦੀ ਬਜਾਏ ਉਹਨਾਂ ਸੰਤਾਂ ਦੇ ਪੈਰੋਕਾਰਾਂ ਦੀ ਨਵੀਂ ਜਾਤ ਬਣਨ ਵਿਚ ਨਿਕਲਿਆ। ਇਸ ਤਰ੍ਹਾਂ ਵੱਖਰੇ ਮਨੁੱਖੀ ਵਿਅਕਤੀਤਵ ਲਈ ਵੱਡੇ ਪੱਧਰ 'ਤੇ ਪ੍ਰਵਾਨਗੀ ਅਤੇ ਸਤਿਕਾਰ ਪ੍ਰਾਪਤ ਕਰਨ ਦਾ, ਇਹਨਾਂ ਸੁਧਾਰਾਂ ਪਿੱਛੇ ਛੁਪਿਆ ਪੂਰਾ ਸੁਪਨਾ ਹੀ ਅਸਫਲ ਹੋ ਗਿਆ।

ਪੁਰਾਣੀ ਵਿਵਸਥਾ ਨੂੰ ਸਭ ਤੋਂ ਅਖੀਰ 'ਚ ਅਤੇ ਸਭ ਤੋਂ ਵੱਧ ਸ਼ਕਤੀਸ਼ਾਲੀ ਸੱਟ ਮਹਾਤਮਾ ਗਾਂਧੀ ਨੇ ਮਾਰੀ। ਉਹ ਪਕਿਆਈ, ਲੜਾਕੇਪਣ, ਦ੍ਰਿੜ੍ਹਤਾ ਪਰ ਸਾਵਧਾਨੀ ਨਾਲ ਵਧੇ। ਉਹਨਾਂ ਭਾਰਤੀ ਸਮਾਜ ਦੀ ਚਤੁਰਵਰਨੀ ਵੰਡ ਦੇ ਪਿੱਛੇ ਮੁਢਲੀਆਂ ਪੂਰਵ ਧਾਰਨਾਵਾਂ ਨੂੰ ਵੰਗਾਰੇ ਬਿਨਾਂ ਸ਼ੁਰੂਆਤ ਕੀਤੀ ਅਤੇ ਫਿਰ ਵੀ ਵਿਵਸਥਾ ਦੇ ਆਧਾਰਾਂ ਨੂੰ ਵਿਚਾਰਨਯੋਗ ਹੱਦ ਤੱਕ ਹਿਲਾਉਣ ਵਿਚ ਸਫਲ ਹੋਏ। ਉਹਨਾਂ ਦੁਆਰਾ ਚਲਾਏ ਕੰਮ ਨੂੰ ਜਾਰੀ ਰੱਖਣਾ ਚਾਹੀਦਾ ਹੈ। ਇਹ ਅਮਲ 'ਚ ਲਿਆਉਣਯੋਗ ਹੈ ਕਿ ਆਦਮੀ ਦੀ ਜੀਵਨ ਯਾਤਰਾ ਦਾ ਅਸਲ ਮਨੋਰਥ ਆਜ਼ਾਦੀ ਹੈ। ਜੋ ਵੀ ਸ਼ੈਅ ਮਨੁੱਖੀ ਗੌਰਵ ਤੇ ਬੰਦਿਸ਼ ਲਾਉਂਦੀ ਜਾਂ ਜ਼ਖਮੀ ਕਰਦੀ ਹੈ, ਉਹ ਅਜ਼ਾਦੀ ਤੇ ਬੰਦਿਸ਼ ਲਾਉਂਦੀ ਹੈ। ਇਸਦਾ ਅਹਿਸਾਸ ਹੋਣਾ ਚਾਹੀਦਾ ਹੈ ਕਿ ਛੂਆਛਾਤ ਅਤੇ ਜਾਤ ਪਾਤ ਦੇ ਖ਼ਾਤਮੇ ਦਾ ਸਵਾਲ ਹੋਰ ਕੁਝ ਨਹੀਂ ਬੱਸ ਇਹ ਮਨੁੱਖੀ ਉਤਸ਼ਾਹ ਦੇ ਫੈਲਾਅ ਦੇ ਵਿਸ਼ੇ ਅਤੇ ਇਸ ਦੇ ਆਜ਼ਾਦੀ ਪ੍ਰਾਪਤੀ ਦਾ ਵਿਰੋਧੀ ਪੱਖ ਹੀ ਹੈ।

ਇਹ ਅਹਿਸਾਸ ਕਰਨਯੋਗ ਹੈ ਕਿ ਸ਼ਖ਼ਸੀ ਗੌਰਵ ਅਤੇ ਸੁਰੱਖਿਅਤਾ ਦਾ ਵਿਚਾਰ ਮੌਜੂਦਾ ਹਿੰਦੂ ਵਿਚਾਰਕ ਢਾਂਚੇ ਦੇ ਦਾਇਰੇ ਵਿਚ ਪੂਰੀ ਤਰ੍ਹਾਂ ਚੱਲਣਯੋਗ ਨਹੀਂ ਕਿਉਂਕਿ ਜਿੰਨੀ ਦੇਰ ਤੱਕ ਇਹ ਵਿਚਾਰਕ-ਢਾਂਚਾ ਕੰਮ ਕਰਦਾ ਰਹੇਗਾ, ਹਿੰਦੂਆਂ ਦੇ (ਸ਼ੂਦਰਾਂ ਪ੍ਰਤੀ) ਵਿਵਹਾਰ ਦਾ ਇਸ ਤੋਂ ਪ੍ਰਭਾਵਿਤ ਹੋਣ ਦੀ ਸੰਭਾਵਨਾ ਹੈ।

ਇਹ ਇਕ ਬਹੁਤ ਦਮਨਕਾਰੀ ਤਾਕਤ ਹੈ। ਭਾਵੇਂ ਇਹ ਅਤਿ ਸੂਖਮ ਹੈ ਪਰ ਇਹ ਹਿੰਦੂ ਨੂੰ ਵੱਸ ਵਿਚ ਕਰਕੇ ਇਸ ਦੇ ਸੰਪੂਰਨ ਹਾਮੀ ਬਣਨ ਦੇ ਹਾਲਾਤ ਬਣਾ ਦਿੰਦੀ ਹੈ। ਇਸ ਦੀ ਬੌਧਿਕ ਪਕੜ ਅਧੀਨ ਉਹ ਪ੍ਰਸਥਿਤੀਆਂ ਨੂੰ ਲਲਕਾਰ ਨਹੀਂ ਸਕਦਾ। ਉਹ ਇਸ (ਜਾਤੀ ਪ੍ਰਥਾ) ਨੂੰ ਪ੍ਰਵਾਨ ਕਰਦਾ ਹੈ ਅਤੇ ਸਭ ਤੋਂ ਵਧੀਆ ਖੂਬੀਆਂ ਅਤੇ ਮਨੁੱਖੀ ਮਹੱਤਵ ਅਤੇ ਵਿਸ਼ੇਸ਼ਾਧਿਕਾਰ ਆਜ਼ਾਦ ਹੋਣ ਤੋਂ ਵੀ ਹੱਥ ਧੋ ਬੈਠਦਾ ਹੈ। ਇਹ ਰਜ਼ਾਮੰਦੀ ਅਤੇ ਸਵੈ-ਇੱਛੁਤ ਗੁਲਾਮੀ ਦੀ ਭਾਵਨਾ ਹੀ ਪਹਿਲੀ ਰੁਕਾਵਟ ਹੈ ਜਿਸ ਨੂੰ ਇਕ ਸੁਧਾਰਕ ਲਹਿਰ ਵੱਲੋਂ ਨਜਿੱਠਣਾ ਹੋਵੇਗਾ। ਜਾਤ ਦੇ ਘੇਰੇ ਦੇ ਅੰਦਰ-ਅੰਦਰ ਸੁਰੱਖਿਅਤਾ ਅਤੇ ਮਾਨਤਾ ਲੱਭਣ ਦਾ ਅਹਿਸਾਸ ਬੇਵਸੀ ਦੀ ਭਾਵਨਾ ਤੋਂ ਪੈਦਾ ਹੁੰਦਾ ਹੈ, ਇਕ ਬੱਚੇ ਵੱਲੋਂ ਮਾਪਿਆਂ ਦੀ ਸਹਾਇਤਾ ਚਾਹੁਣ ਦੀ ਮਨੋਬਿਰਤੀ ਵਾਂਗ। ਇਸ ਵਿਵਸਥਾ (ਜਾਤੀ ਪ੍ਰਥਾ) ਦਾ ਅਸਰ ਇੰਨਾ ਘਾਤਕ ਅਤੇ ਸਰਵ-ਵਿਆਪਕ ਹੈ ਕਿ ਇਸ ਦੇਸ਼ ਦੀ ਆਬਾਦੀ ਦੀ ਬਹੁਗਿਣਤੀ, ਜੋ ਪੱਛੜੀਆਂ ਬਰਾਦਰੀਆਂ ਦਾ ਮਿਸ਼ਰਣ ਹੈ, ਉੱਚ ਜਾਤੀਆਂ ਦੇ ਰਸਮਾਂ ਅਤੇ ਤੌਰ ਤਰੀਕਿਆਂ ਦੀ ਨਕਲ ਕਰਨ ਬਾਰੇ ਜ਼ਿਆਦਾ ਸੋਚਦੇ ਹਨ ਅਤੇ ਬੰਧਨਾਂ ਤੋਂ ਮੁਕਤ ਹੋਣ ਬਾਰੇ ਘੱਟ। ਛੋਟੀਆਂ ਬਰਾਦਰੀਆਂ ਦੇ ਆਦਮੀਆਂ ਵੱਲੋਂ ਸਨਮਾਨਿਤ ਸਮਝੇ ਜਾਂਦੇ ਗੋਤਾਂ ਨੂੰ ਅਪਣਾਉਣ ਦੀਆਂ ਜਾਂ ਵਿਧਵਾਵਾਂ ਦੇ ਪੁਨਰ ਵਿਆਹ ਨੂੰ ਨਾ ਅਪਣਾਉਣ ਦੀਆਂ ਜਾਂ ਵਿਧਵਾਵਾਂ ਦੇ ਪੁਨਰ ਵਿਆਹ ਨੂੰ ਨਾ ਪਸੰਦ ਕਰਨ, ਕਿਉਂਕਿ ਇਹਨਾਂ ਸਾਰਿਆਂ ਨੂੰ ਸਮਾਜਿਕ ਉਨਤੀ ਦੇ ਚਿੰਨ੍ਹ ਸਮਝਿਆ ਜਾਂਦਾ ਹੈ, ਦੀਆਂ ਅਣਗਿਣਤ ਉਦਾਹਰਣਾਂ ਹਨ। ਜੋ ਅਛੂਤ ਆਪਣੀਆਂ ਬਰਾਦਰੀਆਂ ਵਿਚ ਹੀ ਇਕ ਹੈਰਾਨੀਜਨਕ ਹੱਦ ਤੱਕ ਛੂਆਛਾਤ ਕਰਦੇ ਹਨ, ਇਸ ਦੀ ਇਸ ਤੱਕ ਰਾਹੀਂ ਸਫਾਈ ਦਿੱਤੀ ਜਾ ਸਕਦੀ ਹੈ ਕਿ ਇਹ ਬ੍ਰਾਹਮਣਾਂ ਦੀ (ਛੂਆਛਾਤ ਕਰਨ ਦੀ ਆਦਤ ਦੀ) ਇਮਾਨਦਾਰਾਨਾ ਪਰ ਘਟੀਆ ਨਕਲ ਹੈ, ਉਹਨਾਂ ਬ੍ਰਾਹਮਣਾਂ ਦੀ ਜੋ ਬਹੁਤ ਛੋਟੀਆਂ ਅਤੇ ਆਜ਼ਾਦ ਉਪ-ਵੰਡਾਂ ਦੀ ਬਹੁਤ ਅਸਮਾਨ ਤੱਤਾਂ ਦੇ ਇਕੱਠ ਨੂੰ ਕਾਇਮ ਕਰਦੇ ਹਨ ਜਿਸ ਨੇ ਸਦਾ ਹੀ ਇਕ ਆਮ ਆਦਮੀ ਨੂੰ ਦੁੱਖ ਪਹੁੰਚਾਇਆ ਹੈ। ਸਮੱਸਿਆ ਦਾ ਮਹੱਤਵ ਸਪਸ਼ਟ ਹੋ ਜਾਂਦਾ ਹੈ ਜਦੋਂ ਇਕ ਵਾਰ ਇਹ ਅਹਿਸਾਸ ਹੋ ਜਾਵੇ ਕਿ ਭਾਰਤ ਦਾ ਰਾਸ਼ਟਰਵਾਦ ਅਜਿਹੀਆਂ ਅਜੀਬੋ ਗਰੀਬ ਸ਼ਕਤੀਸ਼ਾਲੀ ਸਮਾਜਿਕ ਸੰਸਥਾਵਾਂ ਦੇ ਰਸਮੋ ਰਿਵਾਜ਼ ਅਤੇ ਸਭਿਆਚਾਰਕ ਰਵਾਇਤਾਂ ਜਾਣੇ ਜਾਂਦੇ ਵਿਚੋਂ ਦੀ ਹੋ ਕੇ ਉੱਭਰਿਆ ਅਤੇ ਪ੍ਰਚੱਲਿਤ ਸਮਾਜਿਕ ਅਤੇ ਮਾਨਸਿਕ ਢਾਂਚਾ ਇਹਨਾਂ ਕਾਰਨਾਂ ਕਰਕੇ ਰਾਸ਼ਟਰਵਾਦ ਦੇ ਵਾਧੇ ਲਈ ਜਾਂ ਲੋਕਤੰਤਰ ਦੇ ਵਾਧੇ ਲਈ ਸੱਚੀ ਮੁੱਚੀ ਅਯੋਗ ਹੈ।

*(ਕਾਸਟ ਚੈਲੇਂਜ਼ ਇਨ ਇੰਡੀਆ ਵਿਚੋਂ)*

*(ਧੰਨਵਾਦ ਸਹਿਤ- ਕੌਮੀ ਉਡਾਰੀਆਂ, ਜਲੰਧਰ)*

# ਬਰਤਾਨਵੀ ਡਿਪਟੀ ਹਾਈ ਕਮਿਸ਼ਨਰ ਕੈਰੋਲੀਨ ਰੋਵੇਟ ਵਲੋਂ ਭਗਵੰਤ ਮਾਨ ਨਾਲ ਮੁਲਾਕਾਤ

**ਚੰਡੀਗੜ੍ਹ** – ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਨੇ ਮੰਗਲਵਾਰ ਨੂੰ ਬ੍ਰਿਟਿਸ਼ ਡਿਪਟੀ ਹਾਈ ਕਮਿਸ਼ਨਰ ਚੰਡੀਗੜ੍ਹ ਕੈਰੋਲੀਨ ਰੋਵੇਟ ਨੂੰ ਕਿਹਾ ਕਿ ਉਹ ਲੰਡਨ ਤੋਂ ਚੰਡੀਗੜ੍ਹ ਲਈ ਸਿੱਧੀਆਂ ਉਡਾਨਾਂ ਨੂੰ ਪ੍ਰਮੁੱਖ ਤਰਜੀਹ ਦੇ ਆਧਾਰ 'ਤੇ ਸ਼ੁਰੂ ਕਰਨ ਲਈ ਭਾਰਤ ਵਿੱਚ ਬ੍ਰਿਟਿਸ਼ ਹਾਈ ਕਮਿਸ਼ਨਰ ਕੋਲ ਮੁੱਦਾ ਉਠਾਉਣ। ਅੱਜ ਦੁਪਹਿਰ ਮੁੱਖ ਮੰਤਰੀ ਨਾਲ ਉਨ੍ਹਾਂ ਦੀ ਸਰਕਾਰੀ ਰਿਹਾਇਸ਼ 'ਤੇ ਸ਼ਿਸ਼ਟਾਚਾਰ ਮੁਲਾਕਾਤ ਕਰਨ ਮੌਕੇ ਵਿਚਾਰ-ਵਟਾਂਦਰੇ ਦੌਰਾਨ, ਕੈਰੋਲਿਨ ਰੋਵੇਟ ਨੇ ਕਿਹਾ ਕਿ ਉਹ ਯਕੀਨੀ ਤੌਰ 'ਤੇ ਉਡਾਨਾਂ ਸ਼ੁਰੂ ਕਰਨ ਦਾ ਇਹ ਮਾਮਲਾ ਬਰਤਾਨਵੀ ਹਾਈ ਕਮਿਸ਼ਨਰ ਕੋਲ ਉਠਾਉਣਗੇ ਤਾਂ ਜੋ ਤਾਂ ਜੋ ਯੂ।ਕੇ। ਵਿੱਚ ਵੱਸਦੇ ਪੰਜਾਬੀ ਪ੍ਰਵਾਸੀ ਲੋਕਾਂ ਤੋਂ ਇਲਾਵਾ ਯੂ।ਕੇ। ਦੇ ਗੁਆਂਢੀ ਰਾਜਾਂ ਵਸਦੇ ਲੋਕ ਵੀ ਪੰਜਾਬ ਅਤੇ ਯੂ।ਕੇ ਦੀ ਨਿਰਵਿਘਨ ਯਾਤਰਾ ਕਰ ਸਕਣ।

ਉਹਨਾਂ ਨੇ ਭਗਵੰਤ ਮਾਨ ਨੂੰ ਉਹਨਾਂ ਦੀ ਅਗਵਾਈ ਹੇਠ ਸੂਬੇ ਵਿੱਚ ਸਰਕਾਰ ਬਣਾਉਣ ਲਈ ਭਾਰੀ ਫਤਵਾ ਹਾਸਿਲ ਕਰਨ ਲਈ ਵੀ ਵਧਾਈ ਦਿੱਤੀ।

ਚੰਡੀਗੜ੍ਹ ਅਤੇ ਲੰਡਨ ਵਿਚਕਾਰ ਤੁਰੰਤ ਸਿੱਧੇ ਹਵਾਈ ਸੰਪਰਕ ਦੀ ਲੋੜ 'ਤੇ ਜ਼ੋਰ ਦਿੰਦਿਆਂ ਭਗਵੰਤ ਮਾਨ ਨੇ ਕੈਰੋਲਿਨ ਰੋਵੇਟ ਨੂੰ ਦੱਸਿਆ ਕਿ ਚੰਡੀਗੜ੍ਹ ਅੰਤਰਰਾਸ਼ਟਰੀ ਹਵਾਈ ਅੱਡਾ ਯੂ।ਟੀ ਚੰਡੀਗੜ੍ਹ ਤੋਂ ਇਲਾਵਾ ਗੁਆਂਢੀ ਰਾਜਾਂ ਹਰਿਆਣਾ, ਪੰਜਾਬ, ਹਿਮਾਚਲ ਪ੍ਰਦੇਸ਼ ਅਤੇ ਜੰਮੂ-ਕਸ਼ਮੀਰ ਦੇ ਲੋਕਾਂ ਦੀ ਵਧਦੀ ਮੰਗ ਨੂੰ ਪੂਰਾ ਕਰਦਾ ਹੈ।ਉਨ੍ਹਾਂ ਕਿਹਾ ਕਿ ਚੰਡੀਗੜ੍ਹ ਹਵਾਈ ਅੱਡੇ ਵਿਖੇ ਬੋਇੰਗ 777 ਵਰਗੇ ਵੱਡੇ ਅਤੇ ਚੌੜੇ ਹਵਾਈ ਜਹਾਜ਼ਾਂ ਨੂੰ ਸੰਭਾਲਣ ਲਈ ਬੁਨਿਆਦੀ ਸਹੂਲਤਾਂ ਕੈਟ-ਆਈ।ਆਈ।ਬੀ ਇੰਸਟਰੂਮੈਂਟ ਲੈਂਡਿੰਗ ਸਿਸਟਮ ਹੋਣ ਤੋਂ ਇਲਾਵਾ ਅੰਤਰਰਾਸ਼ਟਰੀ ਉਡਾਣਾਂ ਦੇ ਪ੍ਰਬੰਧਨ ਲਈ ਨਵੀਨਤਮ ਹਵਾਈ ਅੱਡੇ ਦਾ ਬੁਨਿਆਦੀ ਢਾਂਚਾ ਨਾਲ ਲੈਸ ਹੈ।

ਮੁੱਖ ਮੰਤਰੀ ਨੂੰ ਪਰਾਲੀ ਸਾੜਨ ਅਤੇ ਬਾਇਓਮਾਸ ਪ੍ਰਬੰਧਨ ਦੇ ਖਤਰੇ ਨਾਲ ਨਜਿੱਠਣ ਲਈ ਨਵੀਨਤਮ ਤਕਨਾਲੋਜੀਆਂ ਬਾਰੇ ਜਾਣੂ ਕਰਵਾਉਂਦਿਆਂ ਕੈਰੋਲੀਨ ਰੋਵੇਟ ਨੇ ਇਨ੍ਹਾਂ ਖੇਤਰਾਂ ਵਿੱਚ ਤਕਨਾਲੋਜੀ ਪ੍ਰਦਾਨ ਲਈ ਡੂੰਘੀ ਦਿਲਚਸਪੀ ਜ਼ਾਹਰ ਕੀਤੀ ਕਿਉਂਕਿ ਯੂਕੇ ਕੋਲ ਇਨ੍ਹਾਂ ਅਹਿਮ ਮੁੱਦਿਆਂ ਨੂੰ ਪ੍ਰਭਾਵਸ਼ਾਲੀ ਢੰਗ ਨਾਲ ਨਜਿੱਠਣ ਲਈ ਸਭ ਤੋਂ ਉੱਨਤ ਮੁਹਾਰਤ ਹੈ। ਉਨ੍ਹਾਂ ਨੇ ਭਗਵੰਤ ਮਾਨ ਨੂੰ ਇਹ ਵੀ ਦੱਸਿਆ ਕਿ ਯੂਕੇ ਵਿੱਚ ਕੁਝ ਉੱਨਤ ਪੀ।ਜੀ ਕੋਰਸ ਹਨ ਜੋ ਕੁਝ ਸਥਾਨਕ ਯੂਨੀਵਰਸਿਟੀਆਂ ਅਤੇ ਉੱਚ ਸਿੱਖਿਆ ਦੀਆਂ ਵੱਕਾਰੀ ਸੰਸਥਾਵਾਂ ਦੇ ਸਹਿਯੋਗ ਨਾਲ ਚਲਾਏ ਜਾ ਸਕਦੇ ਹਨ ਤਾਂ ਜੋ ਸੂਬੇ ਦੇ ਨੌਜਵਾਨਾਂ ਨੂੰ ਵਿਸ਼ਵ ਭਰ ਵਿੱਚ ਲਾਹੇਵੰਦ ਰੁਜ਼ਗਾਰ ਦੇ ਯੋਗ ਬਣਾਇਆ ਜਾ ਸਕੇ।

ਇਸੇ ਤਰ੍ਹਾਂ, ਉਨਾਂ ਨੇ ਸੂਬਾ ਖੇਡ ਯੂਨੀਵਰਸਿਟੀ ਨਾਲ ਆਪਸੀ ਅਧਾਰ 'ਤੇ ਕੁਝ ਨਵੇਂ ਕੋਰਸ ਸ਼ੁਰੂ ਕਰਨ ਲਈ ਆਪਣੀ ਇੱਛਾ ਜ਼ਾਹਰ ਕੀਤੀ ਤਾਂ ਜੋ ਦੋਵਾਂ ਪਾਸਿਆਂ ਦੇ ਵਿਦਿਆਰਥੀਆਂ ਨੂੰ ਵਧੀਆ ਅੰਤਰਰਾਸ਼ਟਰੀ ਅਭਿਆਸਾਂ ਰਾਹੀਂ ਖੇਡ ਵਿਗਿਆਨ ਨੂੰ ਅਪਣਾ ਕੇ ਖੇਡ ਸਿੱਖਿਆ, ਖੇਡ ਤਕਨਾਲੋਜੀ, ਖੇਡ ਪ੍ਰਬੰਧਨ ਅਤੇ ਖੇਡ ਕੋਚਿੰਗ ਨੂੰ ਉਤਸ਼ਾਹਿਤ ਕੀਤਾ ਜਾ ਸਕੇ ਅਤੇ ਵਿਦਿਆਰਥੀਆਂ ਨੂੰ ਖੇਡਾਂ ਦੇ ਉੱਨਤ ਕੋਰਸਾਂ ਨਾਲ ਲੈਸ ਕੀਤਾ ਜਾ ਸਕੇ।

ਮੁੱਖ ਮੰਤਰੀ ਭਗਵੰਤ ਮਾਨ ਨੇ ਦੌਰੇ 'ਤੇ ਆਏ ਵਫ਼ਦ ਨੂੰ ਪੂਰਨ ਸਹਿਯੋਗ ਦਾ ਭਰੋਸਾ ਦਿਵਾਉਂਦਿਆਂ ਕਿਹਾ ਕਿ ਸੂਬਾ ਸਰਕਾਰ ਸਾਰਥਕ ਢੰਗ ਨਾਲ ਪੰਜਾਬ ਦੇ ਸਰਵਪੱਖੀ ਵਿਕਾਸ ਨੂੰ ਯਕੀਨੀ ਬਣਾਉਣ ਲਈ ਇਨ੍ਹਾਂ ਪਹਿਲਕਦਮੀਆਂ ਦਾ ਸਵਾਗਤ ਕਰੇਗੀ। ਮੁੱਖ ਮੰਤਰੀ ਅਤੇ ਕੈਰੋਲਿਨ ਰੋਵੇਟ ਦੋਵਾਂ ਨੇ ਆਪਸੀ ਹਿੱਤ ਦੇ ਕਈ ਹੋਰ ਮੁੱਦਿਆਂ 'ਤੇ ਵੀ ਚਰਚਾ ਕੀਤੀ। ਮੀਟਿੰਗ ਵਿੱਚ ਮੁੱਖ ਮੰਤਰੀ ਦੇ ਵਧੀਕ ਮੁੱਖ ਸਕੱਤਰ ਏ। ਵੇਣੂ ਪ੍ਰਸਾਦ ਤੋਂ ਇਲਾਵਾ ਮਿਸ਼ਨ ਦੇ ਉਪ ਮੁਖੀ ਅਮਨਦੀਪ ਗਰੇਵਾਲ ਵੀ ਸ਼ਾਮਲ ਸਨ।

# ਸਮਾਜ ਦਾ ਇੱਕ ਹੋਰ ਸਿਤਾਰਾ ਵਿਛੜ ਗਿਆ

## ਲੋਕ ਦਿਲਾਂ 'ਚ ਰਾਜ ਕਰ ਗਿਆ ਸ਼ਿੰਗਾਰਾ ਰਾਮ ਸਹੂੰਗੜਾ

## ਪੰਜਾਬ 'ਚ ਬਸਪਾ ਦਾ ਦੋ ਵਾਰ ਰਿਹਾ ਇਕਲੋਤਾ ਵਿਧਾਇਕ

## ਸਮਾਜ ਲਈ ਸੰਘਰਸ਼ਾਂ ਦਾ ਸਿਰਤਾਜ ਸ਼ਿੰਗਾਰਾ ਰਾਮ ਸਹੂੰਗੜਾ



ਸੰਤੋਖ ਸਿੰਘ ਜੱਸੀ
91-70876–19800



**ਬਹੁਜਨ ਸਮਾਜ ਪਾਰਟੀ ਤੇ ਡੀ.ਐਸ.ਫੋਰ ਦੀ ਆਰੰਭਤਾ ਸਮੇਂ ਉਹ ਪੰਜਾਬ, ਹਿਮਾਚਲ, ਹਰਿਆਣਾ, ਜੰਮੂ ਕਸ਼ਮੀਰ ਤੇ ਉਤਰ ਪ੍ਰਦੇਸ ਆਦਿ ਵਿੱਚ ਸਮਾਜ ਦੀ ਲੜਾਈ ਲੜਦਾ ਰਿਹਾ। ਜ਼ਿੰਦਗੀ 'ਚ ਕਈ ਵਾਰ ਪੁਲਿਸ, ਕਈ ਵਾਰ ਜਗੀਰਦਾਰੂ ਸੋਚ ਤੇ ਮਨੂੰਵਾਦੀ ਵਿਚਾਰਧਾਰਾ ਦੇ ਧਾਰਨੀ ਲੋਕਾਂ ਨਾਲ ਕਈ ਵਾਰ ਝਗੜਾ ਵੀ ਹੋਇਆ ਪਰੰਤੂ ਉਹ ਸਮਾਜ ਦੇ ਹਿਤਾ ਖਾਤਰ ਆਖਰੀ ਸਾਹਾਂ ਤਕ ਲਗਾਤਾਰ ਲੜਨ ਲਈ ਸੰਘਰਸ਼ੀਲ ਆਗੂ ਸਾਬਤ ਹੋਇਆ।**

**ਮੇਰਾ ਜਿੰਨੀ ਵਾਰ ਵੀ ਵਾਸਤਾ ਪਿਆ, ਹਮੇਸ਼ਾਂ ਤਰਕ ਦਲੀਲਾਂ ਵਾਲਾ ਰਿਹਾ।ਉਸ ਨਾਲ ਆਖਰੀ ਮੁਬਾਇਲ ਵਾਰਤਾ ਗੱਲਬਾਤ ਫਰਫਰੀ 2022 ਨੂੰ ਵੋਟਾਂ ਦੇ ਦਰਮਿਆਨ ਹੋਈ। ਭਾਵੇਂ ਮਾਮਲਾ ਸਮਾਜਿਕ ਤੇ ਬਹੁਜਨ ਹਿੱਤਾਂ ਵਾਰੇ ਸੀ ਪਰ ਬੈਠ ਕੇ ਵਿਚਾਰਾਂ ਹੋਈਆਂ ਸਨ, ਪਰ ਉਹ ਸਾਥੋਂ ਸਾਰਿਆਂ ਤੋਂ ਵਿਛੜ ਗਿਆ। ਹੁਣ ਉਸ ਨੇ ਸਾਡੇ ਮਹਾਂਪੁਰਸ਼ਾਂ ਵਾਂਗ ਵਾਪਸ ਨਹੀਂ ਆਉਣਾ, ਸਰਧਾਂਜਲੀ ਸਮਾਗਮ ਹੋਣਗੇ,ਪਰ ਯਾਦਾਂ ਆਉਣਗੀਆਂ, ਤਾਜਾ ਹੋਣਗੀਆਂ ਕਿ ਇੱਕ ਵਰਕਰ ਤੋਂ ਲੀਡਰ ਬਣਨ ਲਈ ਕਿਵੇਂ ਤਪਦੇ ਮਾਰੂਥਲਾਂ ਚ ਚੱਲਣ ਫਿਰਨ ਬਰਾਬਰ ਹੁੰਦਾ ਹੈ। ਉਸ ਨੇ ਮੁੜ ਨਹੀਂ ਆਉਣਾ। ਮਨ ਦੁਖੀ, ਪਰੇਸ਼ਾਨ ਤੇ ਕਈ ਬੇਬਸ ਵੀ ਹਨ ਪਰ ਬਹੁਤੇ ਸਾਰੇ ਸਮਾਜ ਨੂੰ ਇੱਕਮੁੱਠ ਹੋਣ ਲਈ ਅਪੀਲਾਂ ਕਰਦੇ ਹਨ।ਸਮੇਂ ਦੀ ਹਕੀਕਤ ਹੈ ਕਿ ਜੇ ਸੱਚਮੁੱਚ ਸਮਾਜ ਦੇ ਦੁੱਖਾਂ ਦਾ ਨਾਸ ਕਰਨਾ ਹੈ ਤਾਂ ਤੁਹਾਨੂੰ ਇਕੱਠੇ ਹੋਣਾ ਹੀ ਪਵੇਗਾ।**

**ਹਰ ਇਕ ਵਿਅਕਤੀ ਇਨਸਾਨੀਅਤ ਪਸੰਦ ਜਿੱਥੇ ਉਹਨਾਂ ਨੂੰ ਹਮੇਸ਼ਾਂ ਚੇਤਿਆਂ 'ਚ ਰੱਖੇਗਾ। ਉਥੇ ਅਮਰੀਕਾ ਤੋਂ ਮਨੁੱਖੀ ਹੱਕਾਂ ਲਈ ਲੜਨ ਵਾਲੇ ਮਹਾਂਪੁਰਸ਼ਾਂ ਦੇ ਵਿਚਾਰਾਂ ਦੇ ਧਾਰਨੀ ਸ਼੍ਰੀ ਪ੍ਰੇਮ ਕੁਮਾਰ ਚੁੰਬਰ ਮੁੱਖ ਸੰਪਾਦਕ ਅਦਾਰਾ 'ਦੇਸ਼ ਦੁਆਬਾ' ਤੇ 'ਅੰਬੇਦਕਰ ਟਾਈਮਜ਼' 'ਤੇ ਚੈਨਲ ਹੋਰਾਂ ਨੇ ਵੀ ਪਰਿਵਾਰ ਦੇ ਨਾਲ ਹਮਦਰਦੀ ਪ੍ਰਗਟ ਕਰਦਿਆਂ ਸਮਾਜ ਨੂੰ ਏਕੇ ਲਈ ਅਪੀਲ ਕੀਤੀ। ਸ਼੍ਰੀ ਸਹੂੰਗੜਾ ਜੀ ਦੀ ਮੌਤ ਭਾਵੇ ਜਲੰਧਰ ਦੇ ਇੱਕ ਹਸਪਤਾਲ 'ਚ ਮਿਤੀ 02 ਅਪ੍ਰੈਲ 2022 ਨੂੰ ਹੋ ਗਈ ਸੀ, ਪਰ ਭਰਾ ਵਿਦੇਸ਼ ਤੋਂ ਆਉਣ ਕਰਕੇ ਸੰਸਕਾਰ ਗੜ੍ਹਸ਼ੰਕਰ ਦੀ ਕਚਹਿਰੀਆਂ ਪਾਸ ਪੈਂਦੀ ਸ਼ਮਸ਼ਾਨਘਾਟ ਵਿੱਚ ਹੋਇਆ।**

ਮੈਂ ਸ਼ਿੰਗਾਰਾ ਰਾਮ ਸਹੂੰਗੜਾ ਨੂੰ ਉਦੋਂ ਤੋਂ ਜਾਣਦਾ ਹਾਂ ਜਦੋਂ ਉਹ ਚੜਦੀ ਜਵਾਨੀ 'ਚ ਆਪਣੇ ਸਾਥੀਆਂ ਨਾਲ ਦਲਿਤ ਸਮਾਜ ਲਈ ਚਲਾਈ ਜਾ ਰਹੀ ਸਾਹਿਬ ਕਾਸ਼ੀ ਰਾਮ ਜੀ ਦੁਆਰਾ ਡੀ. ਐਸ.ਫੋਰ. ਦੀ ਸ਼ੁਰੂ ਕੀਤੀ ਜੰਗ ਏ ਐਲਾਨ 'ਚ ਸ਼ਾਮਿਲ ਹੋ ਗਿਆ। ਉਚਾ ਲੰਮਾ ਕੱਦ,ਇੱਕ ਯੋਧੇ ਵਾਂਗ ਬੁਲੰਦ ਅਵਾਜ ਚ ਇੰਨਾਂ ਦਮ ਸੀ ਕਿ ਉਹ ਸੁੱਤਿਆਂ ਨੂੰ ਉਠਾਉਣ ਦਾ ਮਾਦਾ ਰੱਖਣ ਵਾਲਾ ਅਨਮੋਲ ਹੀਰਾ ਸੀ।ਅੱਜ ਜਦੋਂ ਉਹ 60ਕੁ ਸਾਲਾ ਦੀ ਉਮਰ ਚ ਫਾਨੀ ਦੁਨੀਆਂ ਤੋਂ ਕੂਚ ਕਰ ਗਿਆ ਜਦੋਂ ਅਜੇ ਸਮਾਜ ਪੈਰਾਂ ਤੇ ਖੜਨ ਲਈ ਜੂਝ ਰਿਹਾ ਹੈ।

1992 ਚ ਜਦੋਂ ਉਹ ਵਿਧਾਇਕ ਬਣਿਆਂ,ਜਦੋਂ ਉਸ ਸਮੇਤ 9 ਵਿਧਾਇਕ ਚੁਣੇ ਗਏ ਸਨ।ਸਾਲ 1997 ਵਿੱਚ ਉਹ ਬੀ.ਐਸ.ਪੀ ਦਾ ਇੱਕ ਪਹਿਲਾ ਇਕਲੋਤਾ ਵਿਧਾਇਕ ਸੀ ਜੋ ਲਗਾਤਾਰ ਦੋ ਵਾਰ ਜਿੱਤਣ ਵਾਲਾ ਪਹਿਲਾ ਵਿਧਾਇਕ ਬਣਿਆਂ।ਉਹ ਹਮੇਸ਼ਾਂ ਭਾਸ਼ਣ ਚ ਉਚੀ ਸੁਰ 'ਚ ਬੋਲਦਾ ਸੀ।ਉਸ ਅੰਦਰ ਹਜਾਰਾਂ ਸਾਲਾਂ ਤੋਂ ਹੋਏ ਗੈਰ ਮਨੁੱਖੀ ਕਾਰਿਆਂ ਦਾ ਦਰਦ ਝਲਕਦਾ ਸੀ। ਸ਼੍ਰੀ ਸਵ: ਸਹੂੰਗੜਾ ਜਿੱਥੇ ਇੱਕ ਆਗੂ ਸੀ,ਵਧੀਆ ਬੁਲਾਰਾ ਸੀ,ਉਥੇ ਇੱਕ ਜਗਿਆਸੂ ਮਨੁੱਖ ਸੀ। ਕਿਤਾਬਾਂ ਨੂੰ ਪੜ੍ਹਨਾਂ ਉਸ ਦਾ ਸ਼ੌਕ ਸੀ ਤੇ ਸਟੇਜਾਂ ਤੇ ਲੋਕਾਂ ਨੂੰ ਤਲਖ ਹਕੀਕਤਾਂ ਤੋਂ ਜਾਣੂ ਕਰਵਾਉਂਦਾ ਅਤੇ ਭਵਿੱਖ ਲਈ ਸੇਧਤ ਹੋਣਾ ਉਹਨਾਂ ਦਾ ਮੁੱਖ ਵਿਸ਼ਾ ਰਿਹਾ।ਪਾਰਟੀ ਚ ਕਈ ਵਾਰ ਉਥਲ ਪੁੱਥਲ ਹੋਈ ਤੇ ਉਹ ਵੀ ਕਈ ਵਾਰ ਪਾਰਟੀਆਂ ਭਾਵੇਂ ਹਾਲਾਤਾਂ ਦੀਆਂ ਮਜਬੂਰੀਆਂ ਕਾਰਨ ਬਦਲੀਆਂ ਪਰ ਸਮਾਜ ਦਾ ਦਰਦ ਉਹ ਗੁਲਾਮੀ ਸਹਿ ਨਹੀਂ ਸਕਦਾ ਸੀ, ਉਸ ਦੀ ਜਿੰਦਗੀ 'ਚ ਆਏ ਕਈ ਵਾਰ ਵਾਮਰੋਲਿਆਂ ਦੇ ਬਾਵਜੂਦ ਦਰਅਸਲ ਜਦ ਉਸ ਦੀ ਸਮੁੱਚੀ ਜਿੰਦਗੀ ਤੇ ਝਾਤ ਮਾਰੀਏ ਤਾਂ ਉਹ ਸਮਾਜੀ ਸੰ ਦਾ ਸਿਰਤਾਜ ਸੀ।

ਸਵ: ਸਹੂੰਗੜਾ ਨੇ ਸਾਹਿਬ ਕਾਂਸ਼ੀ ਰਾਮ ਜੀ ਤੋਂ ਪ੍ਰੇਰਨਾ ਲੈ ਕੇ ਬਾਬਾ ਸਾਹਿਬ ਤੇ ਹੋਰ ਮਹਾਂਪੁਰਸ਼ਾਂ ਵਾਰੇ ਡੂਘੀ ਤੇ ਆਤਮ ਸਨਮਾਨ ਦੀ ਲੜਾਈ ਦਾ ਪਤਾ ਲੱਗਾ ਹੈ, ਉਹ ਬਹੁਜਨ ਸਮਾਜ ਪਾਰਟੀ ਦਾ ਇੱਕ ਜੁਝਾਰੂ, ਬੇਖੌਫ ਆਗੂ ਵੀ ਰਿਹਾ।ਕਈ ਵਾਰ ਚਿੰਤਾ ਤੇ ਬਾਵਜੂਦ ਉਹ ਚਿੰਤਕ ਵੀ ਰਿਹਾ।ਜਿੱਥੋ ਤੱਕ ਯਾਦਅਸਤ ਹੈ ਕਿ ਉਹ ਦੁਆਬੇ ਦੇ ਪਿੰਡ ਚ ਸਮਾਜ ਨੂੰ ਜਾਗਦੇ ਰਹੋ ਦਾ ਹੋਕਾ ਦਿੰਦਾ ਰਿਹਾ। ਉਹ ਮਾਝੇ ਤੇ ਮਾਲਵੇ ਵਿੱਚ ਵੀ ਵਿਚਰਦਾ ਰਿਹਾ।ਸਾਰੇ ਉਸ ਦੀ ਬੁਲੰਦ ਆਵਾਜ ਦੇ ਫੈਨ ਸਨ ਅਤੇ ਹਨ।

ਬਹੁਜਨ ਸਮਾਜ ਪਾਰਟੀ ਤੇ ਡੀ.ਐਸ.ਫੋਰ ਦੀ ਆਰੰਭਤਾ ਸਮੇਂ ਉਹ ਪੰਜਾਬ, ਹਿਮਾਚਲ, ਹਰਿਆਣਾ, ਜੰਮੂ ਕਸ਼ਮੀਰ ਤੇ ਉਤਰ ਪ੍ਰਦੇਸ ਆਦਿ ਵਿੱਚ ਸਮਾਜ ਦੀ ਲੜਾਈ ਲੜਦਾ ਰਿਹਾ। ਜ਼ਿੰਦਗੀ ਚ ਕਈ ਵਾਰ ਪੁਲਿਸ, ਕਈ ਵਾਰ ਜਗੀਰਦਾਰੂ ਸੋਚ ਤੇ ਮਨੂੰਵਾਦੀ ਵਿਚਾਰਧਾਰਾ ਦੇ ਧਾਰਨੀ ਲੋਕਾਂ ਨਾਲ ਕਈ ਵਾਰ ਝਗੜਾ ਵੀ ਹੋਇਆ ਪਰੰਤੂ ਉਹ ਸਮਾਜ ਦੇ ਹਿਤਾ ਖਾਤਰ ਆਖਰੀ ਸਾਹਾਂ ਤਕ ਲਗਾਤਾਰ ਲੜਨ ਲਈ ਸੰਘਰਸ਼ੀਲ ਆਗੂ ਸਾਬਤ ਹੋਇਆ।

ਮੇਰਾ ਜਿੰਨੀ ਵਾਰ ਵੀ ਵਾਸਤਾ ਪਿਆ, ਹਮੇਸ਼ਾਂ ਤਰਕ ਦਲੀਲਾਂ ਵਾਲਾ ਰਿਹਾ।ਉਸ ਨਾਲ ਆਖਰੀ ਮੁਬਾਇਲ ਵਾਰਤਾ ਗੱਲਬਾਤ ਫਰਫਰੀ 2022 ਨੂੰ ਵੋਟਾਂ ਦੇ ਦਰਮਿਆਨ ਹੋਈ। ਭਾਵੇਂ ਮਾਮਲਾ ਸਮਾਜਿਕ ਤੇ ਬਹੁਜਨ ਹਿੱਤਾਂ ਵਾਰੇ ਸੀ ਪਰ ਬੈਠ ਕੇ ਵਿਚਾਰਾਂ ਹੋਈਆਂ ਸਨ, ਪਰ ਉਹ ਸਾਥੋਂ ਸਾਰਿਆਂ ਤੋਂ ਵਿਛੜ ਗਿਆ। ਹੁਣ ਉਸ ਨੇ ਸਾਡੇ ਮਹਾਂਪੁਰਸ਼ਾਂ ਵਾਂਗ ਵਾਪਸ ਨਹੀਂ ਆਉਣਾਂ, ਸਰਧਾਂਜਲੀ ਸਮਾਗਮ ਹੋਣਗੇ,ਪਰ ਯਾਦਾਂ ਆਉਣਗੀਆਂ, ਤਾਜਾ ਹੋਣਗੀਆਂ ਕਿ ਇੱਕ ਵਰਕਰ ਤੋਂ ਲੀਡਰ ਬਣਨ ਲਈ ਕਿਵੇਂ ਤਪਦੇ ਮਾਰੂਥਲਾਂ ਚ ਚੱਲਣ ਫਿਰਨ ਬਰਾਬਰ ਹੁੰਦਾ ਹੈ। ਉਸ ਨੇ ਮੁੜ ਨਹੀਂ ਆਉਣਾ।ਮਨ ਦੁਖੀ, ਪਰੇਸ਼ਾਨ ਤੇ ਕਈ ਬੇਬਸ ਵੀ ਹਨ ਪਰ ਬਹੁਤੇ ਸਾਰੇ ਸਮਾਜ ਨੂੰ ਇੱਕਮੁੱਠ ਹੋਣ ਲਈ ਅਪੀਲਾਂ ਕਰਦੇ ਹਨ।ਸਮੇਂ ਦੀ ਹਕੀਕਤ ਹੈ ਕਿ ਜੇ ਸੱਚਮੁੱਚ ਸਮਾਜ ਦੇ ਦੁੱਖਾਂ ਦਾ ਨਾਸ ਕਰਨਾ ਹੈ ਤਾਂ ਤੁਹਾਨੂੰ ਇਕੱਠੇ ਹੋਣਾ ਹੀ ਪਵੇਗਾ।

ਹਰ ਇਕ ਵਿਅਕਤੀ ਇਨਸਾਨੀਅਤ ਪਸੰਦ ਜਿੱਥੇ ਉਹਨਾਂ ਨੂੰ ਹਮੇਸ਼ਾਂ ਚੇਤਿਆਂ ਚ ਰੱਖਾਂਗਾ। ਉਥੇ ਅਮਰੀਕਾ ਤੋਂ ਮਨੁੱਖੀ ਹੱਕਾਂ ਲਈ ਲੜਨ ਵਾਲੇ ਮਹਾਂਪੁਰਸ਼ਾਂ ਦੇ ਵਿਚਾਰਾਂ ਦੇ ਧਾਰਨੀ ਸ਼੍ਰੀ ਪ੍ਰੇਮ ਕੁਮਾਰ ਚੁੰਬਰ ਮੁੱਖ ਸੰਪਾਦਕ ਅਦਾਰਾ ਦੇਸ਼ ਦੁਆਬਾ ਤੇ ਅੰਬੇਡਕਰ ਟਾਈਮਜ਼ ਤੇ ਚੈਨਲ ਹੋਰਾਂ ਨੇ ਵੀ ਪਰਿਵਾਰ ਦੇ ਨਾਲ ਹਮਦਰਦੀ ਪ੍ਰਗਟ ਕਰਦਿਆਂ ਸਮਾਜ ਨੂੰ ਏਕੇ ਲਈ ਅਪੀਲ ਕੀਤੀ। ਸ਼੍ਰੀ ਸਹੂੰਗੜਾ ਜੀ ਦੀ ਮੌਤ ਭਾਵੇ ਜਲੰਧਰ ਦੇ ਇੱਕ ਹਸਪਤਾਲ ਚ ਮਿਤੀ 02 ਅਪ੍ਰੈਲ 2022 ਨੂੰ ਹੋ ਗਈ ਸੀ, ਪਰ ਭਰਾ ਵਿਦੇਸ਼ ਤੋਂ ਆਉਣ ਕਰਕੇ ਸੰਸਕਾਰ ਗੜ੍ਹਸ਼ੰਕਰ ਦੀ ਕਚੈਰੀਆਂ ਪਾਸ ਪੈਂਦੀ ਸ਼ਮਸ਼ਾਨਘਾਟ ਵਿੱਚ ਹੋਇਆ।

ਪੰਜਾਬ ਦੇ ਇਤਿਹਾਸ ਵਿੱਚ ਸ਼ਾਇਦ ਇਹ ਪਹਿਲੀ ਵਾਰ ਹੋਇਆ ਕਿ ਪੰਜਾਬ ਭਰ ਤੋਂ ਬਸਪਾ ਵਰਕਰ/ ਸਮਰਥਕ ਹਜਾਰਾਂ ਦੀ ਗਿਣਤੀ ਵਿੱਚ ਪਹੁੰਚੇ ਹੋਏ ਸਨ। ਆਮ ਵਰਕਰਾਂ ਅਤੇ ਆਗੂਆਂ ਅੰਦਰ ਇੱਕ ਦਰਦ ਸੀ, ਚੀਸ ਸੀ। ਦੂਜੇ ਪਾਸੇ ਨਵਾਂਸ਼ਹਿਰ ਮੋਰਚ ਹੀ ਤੋਂ ਸ਼ੁਰੂ ਹੋਈ ਸਵਾ ਯਾਤਰਾ ਦੀ ਉਹਨਾਂ ਦੇ ਜੱਦੀ ਪਿੰਡ ਸਹੂੰਗੜਾ ਤੋਂ ਗੜ੍ਹਸ਼ੰਕਰ ਘਰ ਤੱਕ ਪੁੱਜੀ। ਇਸ ਮੌਕੇ ਪੰਜਾਬ ਬਸਪਾ ਦੇ ਪ੍ਰਧਾਨ ਸ. ਜਸਵੀਰ ਸਿੰਘ ਗੜ੍ਹੀ ਡਾ. ਨਛੱਤਰ ਪਾਲ ਵਿਧਾਇਕ ਨਵਾਂਸ਼ਹਿਰ, ਡਾ. ਸੁਖਵਿੰਦਰ ਕੁਮਾਰ ਸੁੱਖੀ ਵਿਧਾਇਕ ਬੰਗਾ, ਮਾ. ਜਗਦੀਸ਼ ਸਿੰਘ ਹਵੇਲੀ, ਜਰਨੈਲ ਨੰਬਰਦਾਰ, ਰਸ਼ਪਾਲ ਰਾਜੂ, ਮੱਖਣ ਲਾਲ ਚੌਹਾਨ, ਸੰਜੀਵ ਭੌਰਾ, ਐਡਵੋਕੇਟ ਚਰਨਜੀਤ ਸਿੰਘ ਘਈ, ਐਡਵੋਕੇਟ ਕੁਲਦੀਪ ਭੱਟੀ, ਸੁਰਿੰਦਰ ਸਿੰਘ ਭੁੱਲੇਵਾਲ ਰਾਠਾਂ, ਅਕਾਲੀ ਦਲ ਸਾਬਕਾ ਵਿਧਾਇਕ, ਮਨੋਹਰ ਲਾਲ ਨਵਾਂਸ਼ਹਿਰ, ਰਾਮ ਪ੍ਰਕਾਸ ਮੰਗੂਵਾਲ, ਦਵਿੰਦਰ ਬੇਗਮਪੁਰੀ, ਵਿਜੈ ਗੁਣਾਂਚੌਰ, ਜਤਿੰਦਰ ਖਮਾਚੋਂ, ਲਾਲੀ ਬੰਗਾ, ਸਤਨਾਮ ਸਿੰਘ ਸੁੱਜੋਂ ਆਦਿ ਹਾਜਰਾਂ ਸਮਰਥਕਾਂ ਨੇ ਅੰਤਿਮ ਦਰਸ਼ਨ ਕੀਤੇ। ਇਸ ਮੌਕੇ ਸਿਖਾ ਨੂੰ ਅੱਗ ਉਹਨਾਂ ਦੇ ਲੜਕਿਆਂ ਤੇ ਸਮਾਜ ਦਰਦੀਆਂ ਵਲੋਂ ਸਾਂਝੇ ਤੌਰ ਤੇ ਦਿੱਤੀ ਗਈ। ਉਹਨਾਂ ਦਾ ਸ਼ਰਧਾਂਜਲੀ ਸਮਾਗਮ 17 ਅਪ੍ਰੈਲ 2022 ਨੂੰ ਹੋਵੇਗਾ।

# ਦਿਗਜ ਆਗੂ ਜੋ ਸਫਲਤਾ ਤੋਂ ਦੂਰ ਰਹੇ

ਪੰਜਾਬ ਵਿੱਚ ਇੱਕ ਸਮਾਂ ਸੀ ਜਦੋਂ ਉੱਘੇ ਵਿਦਵਾਨ ਤੇ ਆਗੂ ਸ: ਬਲਵੰਤ ਸਿੰਘ ਰਾਮੂਵਾਲੀਆ ਨੇ ਲੋਕ ਭਲਾਈ ਪਾਰਟੀ ਬਣਾਈ ਤੇ ਕਈ ਵਾਰ ਮੁੜ ਸੁਰਜੀਤ ਕੀਤੀ। ਸ਼੍ਰੋਮਣੀ ਅਕਾਲੀ ਦਲ ਤੋਂ ਕਿਨਾਰਾ ਕਰਕੇ ਸਾਬਕਾ ਖਜਾਨਾ ਮੰਤਰੀ ਸ: ਮਨਪ੍ਰੀਤ ਸਿੰਘ ਬਾਦਲ ਨੇ ਪੰਜਾਬ ਪੀਪਲਜ਼ ਪਾਰਟੀ ਬਣਾਈ। ਜਿਸ ਨੇ ਪਹਿਲੀ ਵੱਡੀ ਤੋਂ ਆਖਰੀ ਕਾਨਫਰੰਸ ਪਿੰਡ ਖਟਕੜ੍ਹ ਕਲਾਂ ਵਿਖੇ ਹੀ ਰੱਖੀ ਸੀ। ਜਿਸ ਵਿੱਚ ਮੌਜੂਦਾ ਮੁੱਖ ਮੰਤਰੀ ਭਗਵੰਤ ਮਾਨ ਵੀ ਸ਼ਾਮਿਲ ਸਨ। ਉਸ ਤੋਂ ਪਹਿਲਾਂ ਭਗਵੰਤ ਮਾਨ ਨੇ ਲੋਕ ਲਹਿਰ ਫਾਊਂਡੇਸ਼ਨ' ਖੜ੍ਹੀ ਕੀਤੀ ਸੀ। ਸ਼੍ਰੋਮਣੀ ਅਕਾਲੀ ਦਲ ਤੋਂ ਵੱਖ ਹੋ ਕੇ ਮਰਹੂਮ ਪੰਥ ਰਤਨ ਸ: ਗੁਰਚਰਨ ਸਿੰਘ ਟੌਹੜਾ ਨੇ ਸਰਬ ਹਿੰਦ ਪਾਰਟੀ' ਬਣਾਈ ਸੀ। ਮੌਜੂਦਾ ਕਾਂਗਰਸੀ ਵਿਧਾਇਕ ਤੇ ਸਾਬਕਾ ਆਮ ਆਦਮੀ ਪਾਰਟੀ ਦੇ ਵਿਰੋਧੀ ਧਿਰ ਦੇ ਆਗੂ ਸ: ਸੁਖਪਾਲ ਸਿੰਘ ਖਹਿਰਾ ਨੇ ਪੰਜਾਬ ਲੋਕ ਏਕਤਾ ਪਾਰਟੀ', ਬਹੁਜਨ ਸਮਾਜ ਪਾਰਟੀ ਤੋਂ ਵੱਖ ਹੋ ਕੇ ਦੋ ਵਾਰ ਬਹੁਜਨ ਸਮਾਜ ਮੋਰਚੇ ਦਾ ਗਠਨ ਸ: ਸਤਨਾਮ ਸਿੰਘ ਕੈਂਥ ਨੇ ਕੀਤਾ। ਇਸੇ ਪਾਰਟੀ ਦੇ ਹੀ ਬਹੁਜਨ ਸਮਾਜ ਪਾਰਟੀ ਅੰਬੇਦਕਰ ਬਣਾਉਣ ਵਾਲੇ ਸ੍ਰੀ ਮਰਹੂਮ ਦੇਵੀ ਦਾਸ ਨਾਹਰ ਨੂੰ ਵੀ ਸਫਲਤਾ ਨਾ ਮਿਲੀ। ਪਟਿਆਲੇ ਤੋਂ ਆਮ ਆਦਮੀ ਪਾਰਟੀ ਦੇ ਸੰਸਦ ਰਹੇ ਧਰਮਵੀਰ ਗਾਂਧੀ ਤੇ ਹੋਰਾਂ ਨੇ 'ਨਵਾਂ ਪੰਜਾਬ ਪਾਰਟੀ' ਬਣਾਈ। ਇਸ ਵਾਰ ਚੱਲੇ ਕਿਸਾਨੀ ਸੰਘਰਸ਼ ਦੀ ਜਿੱਤ ਉਪਰੰਤ ਕਿਸਾਨ ਮਜਦੂਰ ਆਗੂਆਂ ਨੇ ਸੰਯੁਕਤ ਸਮਾਜ ਮੋਰਚਾ' ਦਾ ਗਠਨ ਕੀਤਾ। ਉੱਘੇ ਖੇਤੀਬਾੜੀ ਮਾਹਰ ਸਰਦਾਰਾ ਸਿੰਘ ਜੌਹਲ ਹੋਰਾਂ ਦੀ ਅਗਵਾਈ 'ਚ ਲੋਕ ਅਧਿਕਾਰ ਲਹਿਰ ਖੜ੍ਹੀ ਕੀਤੀ ਗਈ। ਪੰਜਾਬ ਦੇ ਸਾਬਕਾ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਵਲੋਂ ਪੰਜਾਬ ਲੋਕ ਕਾਂਗਰਸ ਤੇ ਬਹੁਜਨ ਸਮਾਜ ਪਾਰਟੀ ਤੋਂ ਵੱਖ ਹੋ ਕੇ ਸਾਬਕਾ ਪੰਜਾਬ ਪ੍ਰਧਾਨ ਸ੍ਰੀ ਰਛਪਾਲ ਸਿੰਘ ਰਾਜੂ ਵਲੋਂ ਪੰਜਾਬ ਬਹੁਜਨ ਸਮਾਜ ਪਾਰਟੀ ' ਬਣਾਈ ਗਈ। ਸ਼੍ਰੋਮਣੀ ਅਕਾਲੀ ਦਲ ਦੇ ਥੰਮ ਰਹੇ ਜਾਣ ਵਾਲੇ ਸ: ਸੁਖਦੇਵ ਸਿੰਘ ਢੀਂਡਸਾ ਨੇ ਸੰਯੁਕਤ ਅਕਾਲੀ ਦਲ ' ਦਾ ਗਠਨ ਕੀਤਾ।

ਅਜਾਦ ਖਿੱਤੇ ਦੀ ਲਗਾਤਾਰ ਮੰਗ ਕਰਨ ਵਾਲੇ ਤੇ 1989 'ਚ ਮੁੱਖ ਸੁਰਖੀਆਂ 'ਰਹੇ ਸ: ਸਿਮਰਨਜੀਤ ਸਿੰਘ ਮਾਨ ਨੇ ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਬਣਾਇਆ। ਸਾਰਿਆਂ ਨੇ ਆਪੋ ਆਪਣੇ ਤਰੀਕੇ ਨਾਲ ਸਿਆਸਤ ਵਿੱਚ ਸਥਾਪਤ ਹੋਣ ਲਈ ਜੋਰ ਅਜਮਾਈ ਕੀਤੀ ਪ੍ਰੰਤੂ ਬਹੁਤੀ ਸਫਲਤਾ ਨਾ ਮਿਲ ਸਕੀ। ਬੈਂਸ ਭਰਾਵਾਂ ਦੁਆਰਾ ਵੀ ਅਕਾਲੀ ਦਲ ਤੋਂ ਕਿਨਾਰਾ ਕਰਕੇ ਲੋਕ ਇਨਸਾਫ ਪਾਰਟੀ ਬਣਾਈ ਗਈ। ਕਾਫੀ ਸਮਾਂ ਲੁਧਿਆਣਾ ਵਿੱਚ ਬਹੁਤ ਚੜ੍ਹਤ ਰਹੀ ਪਰ ਇਸ ਵਾਰ ਬਾਕੀ ਪਾਰਟੀਆਂ ਵਾਂਗ ਹਾਸ਼ੀਏ ਤੇ ਆ ਗਏ। ਇਸ ਵਾਰ ਹੈਰਾਨੀ ਵਾਲੀ ਗੱਲ ਹੈ ਕਿ ਸੀਪੀਐਮ ਤੇ ਸੀਪੀਆਈ ਦੀ ਸਰਗਰਮੀ ਕਿੱਧਰੇ ਨਜਰ ਨਹੀਂ ਆਈ। ਇਸੇ ਤਰ੍ਹਾਂ ਪੰਜਾਬ ਦੇ ਸੀਨੀਅਰ ਸੇਵਾ ਮੁਕਤ ਆਈ.ਏ.ਐਸ ਅਫਸਰ ਹੋਰਾਂ ਨਾਲ ਹੋਈ ਪਹਿਲਾ ਸਾਰੇ ਪੰਜਾਬ ਕਿਰਤੀ ਕਿਸਾਨ ਮੋਰਚੇ ਦਾ ਗਠਨ ਕੀਤਾ। ਆਖਰ ਭਾਰਤੀ ਜਨਤਾ ਪਾਰਟੀ 'ਚ ਸ਼ਾਮਲ ਹੋ ਗਏ।

# ਕ੍ਰਾਂਤੀਕਾਰੀ ਲਹਿਰ ਤੇ ਦੇਸ਼ ਭਗਤੀ ਦਾ ਡੂੰਘਾ ਹੁੰਗਾਰਾ ਭਰਦੀਆਂ ਪੰਜਾਬੀ ਫ਼ਿਲਮਾਂ




ਭੀਮ ਰਾਜ ਗਰਗ
91-98765-45157

ਮੇਰਾ ਰੰਗ ਦੇ ਬਸੰਤੀ ਚੋਲਾ.. ਮਾਏ ਰੰਗ ਦੇ... ਬਸੰਤੀ ਚੋਲਾ..


ਦੇਸ਼ ਲਈ ਆਪਣੀ ਜਾਨ ਕੁਰਬਾਨ ਕਰਨ ਵਾਲੇ ਪ੍ਰਸਿੱਧ ਆਜ਼ਾਦੀ ਘੁਲਾਟੀਏ ਸ਼ਹੀਦ ਸਰਦਾਰ ਭਗਤ ਸਿੰਘ ਨੂੰ ਪੰਜਾਬ ਹੀ ਨਹੀਂ ਸਗੋਂ ਸਾਰਾ ਦੇਸ਼ ਸਤਿਕਾਰ ਨਾਲ ਵੇਖਦਾ ਹੈ. ਸਰਦਾਰ ਭਗਤ ਸਿੰਘ, ਭਾਰਤ ਦੀ ਆਜ਼ਾਦੀ ਦੇ ਅੰਦੋਲਨ ਦੇ ਇਤਿਹਾਸ ਵਿਚ ਇਕ ਮਹੱਤਵਪੂਰਨ ਅਹੁਦਾ ਰੱਖਦਾ ਹੈ ਅਤੇ ਉਨ੍ਹਾਂ ਦੀ ਕਥਾ ਸਮਕਾਲੀ ਭਾਰਤ ਦੇ ਨੌਜਵਾਨਾਂ ਨੂੰ ਪ੍ਰੇਰਿਤ ਕਰਦੀ ਰਹੀ ਹੈ. ਭਗਤ ਸਿੰਘ ਨੂੰ ਉਦੋਂ ਫਾਂਸੀ ਚਾੜਿਆ ਗਿਆ ਜਦੋਂ ਉਹ 23 ਸਾਲ ਦਾ ਸੀ. ਸਰਦਾਰ ਭਗਤ ਸਿੰਘ ਦਾ ਅਟੁੱਟ ਵਿਸ਼ਵਾਸ ਸੀ ਕਿ ਕ੍ਰਾਂਤੀ ਉਦੋਂ ਵਾਪਰਦੀ ਹੈ ਜਦੋਂ ਵਿਚਾਰਾਂ ਨੂੰ ਆਲੇ ਦੁਆਲੇ ਦੇ ਲੋਕਾਂ ਨਾਲ ਸਾਂਝਾ ਕੀਤਾ ਜਾਵੇ ਤੇ ਬਹਿਸ ਕਰਕੇ ਉਨ੍ਹਾਂ ਨੂੰ ਅਮਲੀ ਜਾਮਾ ਪਹਿਨਾਇਆ ਜਾਵੇ. ਉਨ੍ਹਾਂ ਨੇ ਲਿਖਿਆ ਸੀ: 'ਇਨਕਲਾਬ ਦੀ ਤਲਵਾਰ ਵਿਚਾਰਾਂ ਦੇ ਘੁਰਨੇ ਪੱਥਰਾਂ 'ਤੇ ਤਿੱਖੀ ਹੁੰਦੀ ਹੈ.' ਭਗਤ ਸਿੰਘ ਜੀ ਦਾ ਇਕ ਹੋਰ ਬਹੁਤ ਮਸ਼ਹੂਰ ਹਵਾਲਾ ਹੈ: ਜ਼ਿੰਦਗੀ ਤਾਂ ਆਪਣੇ ਦਮ ਪਰ ਜੀ ਜਾਤੀ ਹੈ, ਦੂਜਿਆਂ ਦੇ ਮੋਢਿਆਂ 'ਤੇ ਤਾਂ ਸਿਰਫ ਜਨਾਜ਼ੇ ਉਠਾਏ ਜਾਤੇ ਹੈਂ. ਲੋਕ ਆਮ ਤੌਰ 'ਤੇ ਸਥਾਪਤ ਹੁਕਮਾਂ ਦੇ ਆਦੀ ਹੋ ਜਾਂਦੇ ਹਨ ਅਤੇ ਬਦਲਾਅ ਦੇ ਵਿਚਾਰ' ਤੇ ਡਰਾਉਣਾ ਸ਼ੁਰੂ ਕਰਦੇ ਹਨ. ਇਹ ਬੇਚੈਨੀ ਦੀ ਭਾਵਨਾ ਹੈ ਜਿਸਨੂੰ ਕ੍ਰਾਂਤੀਕਾਰੀ ਆਤਮਾ ਦੁਆਰਾ ਬਦਲਣ ਦੀ ਜ਼ਰੂਰਤ ਹੈ. ਨਹੀਂ ਤਾਂ ਹਾਰਾਂ ਅਤੇ ਉਪਰੋਕਤ ਮਨੁੱਖਤਾ ਨੂੰ ਪ੍ਰਤੀਕਰਮ ਸ਼ਕਤੀਆਂ ਦੁਆਰਾ ਕਰਾਹੇ ਪਾਇਆ ਜਾਂਦਾ ਹੈ. ਅਜਿਹੀਆਂ ਅਵਸਥਾਵਾਂ ਦੀ ਸਥਿਤੀ ਮਨੁੱਖੀ ਤਰੱਕੀ ਵਿਚ ਠੱਗੇ ਅਤੇ ਅਧਰੰਗ ਨੂੰ ਜਨਮ ਦਿੰਦੀ ਹੈ.

ਸਰਦਾਰ ਭਗਤ ਸਿੰਘ ਦਾ ਜਨਮ 28 ਸਿਤੰਬਰ, 1907 ਨੂੰ ਜਰਾਂਵਾਲਾ ਤੋਂ 12 ਕਿਲੋਮੀਟਰ ਦੂਰ ਪਿੰਡ ਨੰਬਰ 107, ਜੀ.ਬੀ. ਬੰਗਾ, ਜ਼ਿਲਾ ਲਾਇਲਪੁਰ (ਹੁਣ ਪਾਕਿਸਤਾਨ) ਵਿਖੇ ਹੋਇਆ ਸੀ. ਉਨ੍ਹਾਂ ਦਾ ਜੱਦੀ ਪਿੰਡ ਖੱਟਕੜ ਕਲਾਂ ਜ਼ਿਲਾ ਨਵਾਂਸ਼ਹਿਰ (ਪੰਜਾਬ) ਹੈ. ਉਨ੍ਹਾਂ ਦੇ ਪਿਤਾ ਦਾ ਨਾਂ ਸਰਦਾਰ ਕਿਸ਼ਨ ਸਿੰਘ ਸੰਧੂ ਅਤੇ ਮਾਤਾਜੀ ਦਾ ਨਾਂ ਸ੍ਰੀਮਤੀ ਵਿਦਿਆਵਤੀ ਸੀ. ਭਗਤ ਸਿੰਘ ਦੇ ਪੂਰਵਜ ਮਹਾਰਾਜਾ ਰਣਜੀਤ ਸਿੰਘ ਦੀ ਫੌਜ ਵਿਚ ਸਨ. ਉਸ ਦੇ ਪਿਤਾ ਅਤੇ ਚਾਚਾ ਬ੍ਰਿਟਿਸ਼ ਰਾਜ ਦੇ ਵਿਰੁੱਧ ਇਨਕਲਾਬੀ ਲਹਿਰ ਚਲਾ ਰਹੀ ਗਦਰ ਪਾਰਟੀ ਦੇ ਮੈਂਬਰ ਸਨ. ਪਰਵਾਰ ਨੇ ਭਗਤ ਸਿੰਘ ਦਾ ਨਾਂ ਭਾਗਾਂ ਵਾਲਾ ਰੱਖਿਆ ਸੀ, ਕਿਉਂਕਿ ਭਗਤ ਸਿੰਘ ਦੇ ਜਨਮ ਵੇਲੇ ਉਸਦੇ ਚਾਚਾ ਅਜੀਤ ਸਿੰਘ ਅਤੇ ਪਿਤਾ ਸਰਦਾਰ ਕਿਸ਼ਨ ਸਿੰਘ ਜੇਲ੍ਹ ਵਿਚੋਂ ਛੁਟਕੇ ਘਰ ਪਰਤੇ ਸਨ. ਪਿਤਾ ਅਤੇ ਚਾਚਿਆਂ ਤੋਂ ਪ੍ਰੇਰਿਤ ਹੋ ਕੇ, ਉਨ੍ਹਾਂ ਨੇ ਆਪਣੀ ਜ਼ਿੰਦਗੀ ਨੂੰ ਆਜ਼ਾਦੀ ਅੰਦੋਲਨ ਵਾਸਤੇ ਸਮਰਪਿਤ ਕਰਨ ਦਾ ਫੈਸਲਾ ਕੀਤਾ. ਭਗਤ ਸਿੰਘ ਨੇ ਬਚਪਨ ਤੋਂ ਹੀ, ਆਪਣਾ ਸ਼ਹੀਦੀ ਚੋਲਾ ਬਸੰਤੀ ਰੰਗ ਲਿਆ ਸੀ. ਉਨ੍ਹਾਂ ਨੇ ਆਰਿਆ ਸਮਾਜੀ ਸੰਸਥਾ ਦਯਾਨੰਦ ਐਂਗਲੋ ਵੈਦਿਕ ਹਾਈ ਸਕੂਲ ਤੋਂ ਆਪਣੀ ਮੁਢਲੀ ਸਿੱਖਿਆ ਪ੍ਰਾਪਤ ਕੀਤੀ. ਵੱਡੇ ਹੋਣ ਤੇ ਸ਼ਹੀਦ ਕਰਤਾਰ ਸਿੰਘ ਸਰਾਭਾ ਦਾ ਭਗਤ ਸਿੰਘ ਦੇ ਜੀਵਨ ਤੇ ਬਹੁਤ ਅਸਰ ਪਿਆ. ਉਹ 1923 ਵਿਚ ਲਾਹੌਰ ਦੇ ਨੈਸ਼ਨਲ ਕਾਲਜ ਵਿਚ ਦਾਖਲ ਹੋ ਗਏ ਸਨ. ਇਸ ਸਮੇਂ ਦੌਰਾਨ ਆਜ਼ਾਦੀ ਦੇ ਸੰਘਰਸ਼ ਵਿਚ ਉਹਨਾਂ ਦੀ ਭਾਗੀਦਾਰੀ ਤੇਜ਼ ਹੋ ਗਈ ਸੀ.

ਉਹ ਗਾਂਧੀ ਜੀ ਦੇ ਅਹਿੰਸਾ ਦੇ ਦਰਸ਼ਨ ਤੋਂ ਨਿਰਾਸ਼ ਹੋ ਗਏ ਅਤੇ ਯੰਗ ਰਿਵੋਲਯੂਸ਼ਨਰੀ ਮੂਵਮੈਂਟ ਵਿਚ ਸ਼ਾਮਲ ਹੋ ਗਏ. ਉਹ ਹਿੰਦੋਸਤਾਨ ਰਿਪਬਲਕਿਨ ਐਸੋਸੀਏਸ਼ਨ (ਐਚ.ਆਰ.ਏ) ਸਮੇਤ ਕਈ ਇਨਕਲਾਬੀ ਸੰਗਠਨਾਂ ਦੇ ਮੈਮਬਰ ਬਣ ਗਏ. ਉਨ੍ਹਾਂ ਨੇ ਸਾਈਮਨ ਕਮਿਸ਼ਨ ਦੇ ਵਿਰੁੱਧ ਇਕ ਵਿਰੋਧ ਰੈਲੀ ਵਿਚ ਜ਼ਖਮੀ ਹੋਏ ਲਾਲਾ ਲਾਜਪਤ ਰਾਏ ਜੀ ਦੀ ਮੌਤ ਦਾ ਬਦਲਾ ਲੈਣ ਦਾ ਫੈਸਲਾ ਕੀਤਾ ਅਤੇ ਬਰਤਾਨਵੀ ਪੁਲਿਸ ਅਫ਼ਸਰ ਜੌਨ ਸਾਂਡਰਸ ਦੀ ਹੱਤਿਆ ਕਰ ਦਿੱਤੀ ਸੀ. 8 ਅਪ੍ਰੈਲ 1929 ਨੂੰ, ਭਗਤ ਸਿੰਘ ਨੇ ਬਟੁਕੇਸ਼ਵਰ ਦੱਤ ਦੇ ਨਾਲ ਮਿਲਕੇ ਜਨਤਕ ਗੈਲਰੀ ਤੋਂ ਦੋ ਬੰਬ ਵਿਧਾਨ ਸਭਾ ਦੇ ਚੈਂਬਰ ਵਿਚ ਸੁੱਟ ਦਿੱਤੇ. ਧਮਾਕੇ ਤੋਂ ਬਾਅਦ, ਨੌਜਵਾਨਾਂ ਨੇ "ਇਨਕਲਾਬ ਜ਼ਿੰਦਾਬਾਦ" ਨਾਅਰੇ ਲਾਉਣੇ ਸ਼ੁਰੂ ਕਰ ਦਿੱਤੇ. ਫਿਰ ਉਹਨਾਂ ਨੇ ਗ੍ਰਿਫਤਾਰੀਆਂ ਲਈ ਆਪਣੇ ਆਪ ਨੂੰ ਪੇਸ਼ ਕੀਤਾ. ਭਗਤ ਸਿੰਘ ਨੂੰ ਬੰਬਾਰੀ ਲਈ ਉਮਰ ਕੈਦ ਦੀ ਸਜ਼ਾ ਦਿੱਤੀ ਗਈ ਸੀ. ਜਦੋਂ ਤਕ ਸੈਂਡਰਜ਼ ਕੇਸ ਦਾ ਫੈਸਲਾ ਨਹੀਂ ਹੋ ਗਿਆ ਉਸ ਨੂੰ ਦਿੱਲੀ ਦੀ ਜੇਲ ਤੋਂ ਮੀਆਂਵਾਲੀ ਦੀ ਕੇਂਦਰੀ ਜੇਲ੍ਹ ਭੇਜਿਆ ਗਿਆ.

ਜੇਲ੍ਹ ਵਿਚ ਉਨ੍ਹਾਂ ਨੇ ਦੇਖਿਆ ਕਿ ਯੂਰਪੀ ਕੈਦੀਆਂ ਅਤੇ ਭਾਰਤੀ ਕੈਦੀਆਂ ਵਿਚਕਾਰ ਪੱਖਪਾਤ ਵਾਲਾ ਬਰਤਾਓ ਕੀਤਾ ਜਾਂਦਾ ਸੀ. ਇਸ ਲਈ ਉਨ੍ਹਾਂ ਨੇ ਖਾਣੇ ਦੇ ਮਿਆਰ, ਕੱਪੜੇ, ਟਾਇਲੈਟਰੀਜ਼ ਅਤੇ ਹੋਰ ਸਿਹਤ-ਸੰਬੰਧੀ ਲੋੜਾਂ ਵਿਚ ਸਮਾਨਤਾ ਦੀ ਮੰਗ ਅਤੇ ਕਿਤਾਬਾਂ ਤੇ ਇਕ ਰੋਜ਼ਾਨਾ ਅਖ਼ਬਾਰ ਆਦਿ ਦੀ ਪੂਰਤੀ ਲਈ ਭੁੱਖ ਹੜਤਾਲ ਅਰੰਭ ਕੀਤੀ. ਉਨ੍ਹਾਂ ਦੀ ਵਧ ਰਹੀ ਹਰਮਨਪਿਆਰੀ ਨੇ ਬ੍ਰਿਟਿਸ਼ ਅਧਿਕਾਰੀਆਂ ਨੂੰ ਬਹੁਤ ਪਰੇਸ਼ਾਨ ਕੀਤਾ ਅਤੇ ਸਰਕਾਰ ਨੇ ਸੌਂਡਰਜ਼ ਦੇ ਕਤਲ ਦੇ ਮੁਕੱਦਮੇ ਵਿਚ ਭਗਤ ਸਿੰਘ, ਸੁਖਦੇਵ ਅਤੇ ਰਾਜਗੁਰੂ ਨੂੰ ਮੌਤ ਦੀ ਸਜ਼ਾ ਸੁਣਾ ਦਿੱਤੀ ਸੀ. 23 ਮਾਰਚ 1931 ਨੂੰ ਲਾਹੌਰ ਜੇਲ੍ਹ ਵਿਚ ਇਨ੍ਹਾਂ ਤਿੰਨਾਂ ਨੌਜਵਾਨ ਕ੍ਰਾਂਤੀਕਾਰੀਆਂ ਨੂੰ ਫਾਂਸੀ ਦਿੱਤੀ ਗਈ ਸੀ. ਉਸ ਸਮੇਂ ਲਾਸ਼ਾਂ ਨੂੰ ਗੁਪਤ ਰੂਪ ਵਿਚ ਗੰਡਾ ਸਿੰਘ ਵਾਲਾ ਪਿੰਡ ਦੇ ਬਾਹਰ ਸਸਕਾਰ ਕੀਤਾ ਗਿਆ. ਇਸ ਘਟਨਾ ਨੇ ਪੂਰੇ ਦੇਸ਼ ਨੂੰ ਹਿਲਾਕੇ ਰੱਖ ਦਿੱਤਾ ਸੀ.

ਆਜ਼ਾਦੀ ਦੀ ਜੰਗ 'ਚ ਜਿਥੇ ਅਖ਼ਬਾਰਾਂ ਨੇ ਚੰਗਿਆੜੀ ਦਾ ਕੰਮ ਕੀਤਾ ਸੀ, ਓਥੇ ਦੇਸ਼-ਭਗਤੀ ਦੀਆਂ ਫ਼ਿਲਮਾਂ ਨੇ ਸੁਤੰਤਰਤਾ ਅੰਦੋਲਨ ਨੂੰ ਭਾਂਬੜ 'ਚ ਤਬਦੀਲ ਕਰਨ ਦੀ ਅਹਿਮ ਭੂਮਿਕਾ ਨਿਭਾਈ ਸੀ. ਫ਼ਿਲਮ ਨਿਰਮਾਤਾਵਾਂ ਨੇ ਅੰਗਰੇਜ਼ੀ ਹਕੂਮਤ ਦੇ ਖ਼ਿਲਾਫ ਭਾਰਤੀ ਲੋਕਾਂ ਨੂੰ ਪ੍ਰੇਰਿਤ ਕਰਨ ਲਈ ਮਿਥਿਹਾਸਿਕ ਕਹਾਣੀਆਂ ਦੇ ਪਿਛੋਕੜ ਫ਼ਿਲਮਾਂ ਬਣਾਈਆਂ. ਸਟੰਟ/ਐਕਸ਼ਨ ਫ਼ਿਲਮਾਂ ਦੇ ਸਿਰਲੇਖ ਅਜ਼ਾਦੀ, ਹਿੰਦ ਕੇਸਰੀ, ਵੀਰ ਭਾਰਤ, ਬਾਗ਼ੀ ਸਿਪਾਹੀ ਆਦਿ ਨਾ ਸਿਰਫ ਭੜਕਾਊ ਸਨ ਬਲਕਿ ਅਜਿਹੀਆਂ ਫ਼ਿਲਮਾਂ ਵਿਚ ਦੇਸ਼-ਭਗਤੀ ਦਾ ਗੁਪਤ ਸੰਦੇਸ਼/ਉਤਸ਼ਾਹ ਵੇਖਣ ਨੂੰ ਮਿਲਦਾ ਸੀ. ਕਈ ਫਿਲਮਾਂ ਜਿਵੇਂ: 'ਪੇਸ਼ਵਾ ਕੀ ਮੌਤ, ਸਿੰਘਗੜ੍ਹ, ਭਗਤ ਵਿਦੁਰ, ਵੰਦੇ ਮਾਤਰਮ ਆਸ਼ਰਮ, ਸਵਰਾਜ ਤੋਰਨ (ਉਦੈ ਕਾਲ), ਮਹਾਤਮਾ, ਰਜ਼ੀਆ ਸੁਲਤਾਨ, ਸਿਕੰਦਰ ਅਤੇ ਕਿਸਮਤ ਆਦਿ ਅਜਿਹੀਆਂ ਸਨ ਜਿਨ੍ਹਾਂ ਨੇ ਦ੍ਰਿਸ਼ਾਂ ਅਤੇ ਸੰਵਾਦਾਂ ਰਾਹੀਂ ਦੇਸ਼ਭਗਤੀ ਦੇ ਉਤਸ਼ਾਹ ਨੂੰ ਲੁਕਾਊ ਤਰੀਕੇ ਨਾਲ ਸੰਬੋਧਨ ਕੀਤਾ ਗਿਆ ਸੀ. ਫ਼ਿਲਮ ਭਗਤ ਵਿਦੁਰ(1921) ਵਿਚ ਵਿਦਰ ਦੇ ਚਰਿੱਤਰ ਨੂੰ ਬਹੁਤ ਨਜ਼ਦੀਕੀ 'ਤੇ ਮਹਾਤਮਾ ਗਾਂਧੀ ਵਰਗਾ ਨਜਿੱਠਣਾ ਕੀਤਾ ਗਿਆ ਸੀ. ਫਿਲਮ 'ਮਹਾਤਮਾ' ਦਾ ਨਾਂ ਬਦਲ ਕੇ 'ਧਰਮਾਤਮਾ' ਰੱਖਿਆ ਗਿਆ ਅਤੇ ਕਈ ਦ੍ਰਿਸ਼ ਅਤੇ ਡਾਇਲਾਗ ਹਟਾ ਦਿੱਤੇ ਗਏ. 'ਇਮਾਨ ਫਰਾਮੋਸ਼' ਦੇ ਨਿਰਮਾਤਾ ਨੂੰ ਫਿਲਮ ਚੋਂ "ਇਨਕਲਾਬ ਜ਼ਿੰਦਾਬਾਦ" ਦੇ ਨਾਰੇ ਹਟਾਉਣ ਲਈ ਕਿਹਾ ਗਿਆ ਸੀ. ਫਿਲਮ ਕਿਸਮਤ (1943) ਦੇ ਗੀਤ 'ਦੂਰ ਹਟੋ ਐ ਦੁਨੀਆ ਵਾਲੋ...' ਦੇ ਵਿਜ਼ੁਅਲਸ ਵਿਚ ਹੀਰੋਇਨ ਮੁਮਤਾਜ਼ ਸ਼ਾਂਤੀ ਨੂੰ ਸੰਯੁਕਤ ਭਾਰਤ ਦੇ ਨਕਸ਼ੇ ਦੀ ਪਿੱਠਭੂਮੀ ਉਤੇ ਭਾਰਤੀ ਝੰਡੇ ਨੂੰ ਲਹਿਰਾਉਂਦੇ ਵਿਖਾਇਆ ਗਿਆ ਸੀ. ਆਜ਼ਾਦੀ ਤੋਂ ਬਾਅਦ ਵੀ ਰਾਸ਼ਟਰਵਾਦੀ ਵਿਚਾਰਧਾਰਾ ਵਾਲਿਆਂ ਬਹੁਤ ਸਾਰੀਆਂ ਫ਼ਿਲਮਾਂ ਜਿਵੇਂ ਝਾਂਸੀ ਕੀ ਰਾਣੀ, ਜਾਗ੍ਰਿਤੀ, ਹਕੀਕਤ, ਸ਼ਹੀਦ, ਉਪਕਾਰ, ਸਾਤ ਹਿੰਦੁਸਤਾਨੀ, ਹਿੰਦੁਸਤਾਨ ਕੀ ਕਸਮ, ਬਾਰਡਰ ਆਦਿ ਬਣਾਈਆਂ ਗਈਆਂ ਹਨ. ਇਕੋ ਵਰ੍ਹੇ 2002 ਵਿਚ ਸ਼ਹੀਦ ਭਗਤ ਸਿੰਘ ਦੇ ਜੀਵਨ 'ਤੇ ਅਧਾਰਤ ਇਕਠਿਆਂ 6 ਫ਼ਿਲਮਾਂ ਬਣਾਈਆਂ ਗਈਆਂ ਸਨ.




ਭਗਤ ਸਿੰਘ ਦੇ ਚਾਚਾ ਅਤੇ ਪਗੜੀ ਸੰਭਾਲ ਜੱਟਾ ਮੂਵਮੈਂਟ ਦੇ ਹੀਰੋ ਸ੍ਰੀ ਅਜੀਤ ਸਿੰਘ ਨੇ 3 ਮਾਰਚ, 1907 ਨੂੰ ਲਾਇਲਪੁਰ ਵਿਖੇ ਇਕ ਵਿਸ਼ਾਲ ਰੈਲੀ ਵਿਚ, ਝੰਗ ਸਿਆਲ ਅਖ਼ਬਾਰ ਦੇ ਸੰਪਾਦਕ, ਬਾਂਕੇ ਦਿਆਲ ਦੇ ਲਿਖੇ ਕ੍ਰਾਂਤੀਕਾਰੀ ਗੀਤ 'ਪਗੜੀ ਸੰਭਾਲ ਜੱਟਾ ਪਗੜੀ ਸੰਭਾਲ ਓਏ...ਜ਼ਾਲਿਮਾਂ ਤੇਰਾ ਲੁੱਟ ਲਿਆ ਮਾਲ ਓਏ...' ਨੂੰ ਪੇਸ਼ ਕੀਤਾ ਸੀ. ਸਰਦਾਰ ਅਜੀਤ ਸਿੰਘ ਹੁਰਾਂ ਨੇ ਬਰਤਾਨਵੀ "ਭੌਂ ਪ੍ਰਾਪਤੀ ਕਾਨੂੰਨ" ਦਾ ਵਿਰੋਧ ਕਰ ਦੀਆਂ 'ਪਗੜੀ ਸੰਭਾਲ ਜੱਟਾ...' ਦਾ ਨਾਅਰਾ ਦਿੱਤਾ, ਜਿਹੜਾ ਕਿ ਇਹ ਦਰਸਾਉਂਦਾ ਸੀ ਕਿ ਕਿਵੇਂ ਕਿਸਾਨਾਂ ਦੀ ਜ਼ਮੀਨ ਦਾ ਉਨ੍ਹਾਂ ਕੋਲੋਂ ਖੁੱਸਣਾ ਉਨ੍ਹਾਂ ਦੇ ਮਾਨ/ਇਜ਼ਜਤ ਦੀ ਘਾਟ ਹੈ. ਇਸ ਗੀਤ ਦੀ ਇੰਨੀ ਜ਼ਿਆਦਾ ਪ੍ਰਸ਼ੰਸਾ ਹੋਈ ਕਿ ਛੇਤੀ ਕੁ ਇਹ ਅੰਦੋਲਨ ਦਾ ਚਿੰਨ੍ਹ ਅਤੇ ਆਤਮਾ ਬਣ ਗਿਆ ਸੀ. ਕੁੱਝ ਲੋਕਾਂ ਦਾ ਕਹਿਣਾ ਹੈ ਕਿ ਇਸ ਕ੍ਰਾਂਤੀਕਾਰੀ ਗੀਤ ਨੂੰ ਪਗੜੀ ਸੰਭਾਲ ਲਹਿਰ ਦੇ ਇੱਕ ਆਗੂ ਚੌਧਰੀ ਸ਼ਾਹਬੁੱਦੀਨ ਨੇ ਲਿਖਿਆ ਸੀ.

ਇਹ ਕ੍ਰਾਂਤੀਕਾਰੀ ਗੀਤ ਹਿੰਦੀ, ਪੰਜਾਬੀ ਅਤੇ ਹੋਰਨਾਂ ਭਾਸ਼ਾਵਾਂ ਦੀਆਂ ਫ਼ਿਲਮਾਂ ਵਿਚ ਬਹੁਤ ਵਾਰੀ ਪੇਸ਼ ਕਿੱਤਾ ਗਿਆ ਹੈ. ਸਭ ਤੋਂ ਪਹਿਲਾਂ ਇਹ ਗੀਤ ਪੰਜਾਬੀ ਫ਼ਿਲਮ ਗਵਾਂਢੀ (1942) 'ਚ ਪੇਸ਼ ਕਿੱਤਾ ਗਿਆ ਸੀ. ਇਸ ਗੀਤ ਨੂੰ ਸੋਹਨ ਲਾਲ ਸਾਹਿਰ ਨੇ ਲਿਖਿਆ ਸੀ ਅਤੇ ਸ਼ਿਵ ਦਿਆਲ ਬਾਤਿਸ਼ ਤੇ ਪੰਡਤ ਅਮਰ ਨਾਥ ਨੇ ਗਾਇਆ ਸੀ. ਸਨ 1960 ਵਿਚ ਈਸਟ ਐਂਡ ਵੈਸਟ ਮੂਵੀਜ਼, ਬੰਬਈ ਨੇ 'ਪਗੜੀ ਸੰਭਾਲ ਜੱਟਾ' ਨਾਂਅ ਦੀ ਫ਼ਿਲਮ ਬਣਾਈ ਸੀ. ਵਰਮਾ ਮਲਿਕ ਦੇ ਲਿਖੇ ਟਾਈਟਲ ਗੀਤ ਨੂੰ ਮੁਹੰਮਦ ਰਫ਼ੀ ਨੇ ਗਾਇਆ ਸੀ. ਇਕ ਵਾਰੀ ਫੇਰ ਦੇਸ਼-ਭਗਤੀ ਦਾ ਇਹ ਤਰਾਨਾ ਸਨ 1974 'ਚ ਬਣੀ ਫ਼ਿਲਮ 'ਸ਼ਹੀਦ-ਏ-ਆਜ਼ਮ ਸਰਦਾਰ ਭਗਤ ਸਿੰਘ' ਵਿਚ ਵਰਤਿਆ ਗਿਆ ਸੀ. ਇਸ ਫ਼ਿਲਮ ਦੇ ਗੀਤ 'ਪਗੜੀ ਸੰਭਾਲ ਜੱਟਾ, ਪਗੜੀ ਸੰਭਾਲ ਓਏ..' ਉਤੇ ਦੇਵ ਕੁਮਾਰ ਨੇ ਲਾਜਵਾਬ ਐਕਟਿੰਗ ਕਿੱਤੀ ਸੀ. ਜਦਕਿ 'ਰੰਗ ਦੇ ਬਸੰਤੀ ਚੋਲਾ ਮਾਂ ਮੇਰਾ ਰੰਗ ਦੇ ਬਸੰਤੀ ਚੋਲਾ...' ਸੋਮ ਦੱਤ ਤੇ ਪਰੇਸ਼ ਨੰਦਾ 'ਤੇ ਫ਼ਿਲਮਾਇਆ ਗਿਆ ਸੀ. 'ਸਰਫ਼ਰੋਸ਼ੀ ਕੀ ਤਮੰਨਾ ਅਬ ਹਮਾਰੇ ਦਿਲ ਮੇਂ ਹੈ..' ਆਜ਼ਾਦੀ ਦੇ ਪਰਵਾਨੇ ਬਿਸਮਿਲ ਨੇ ਲਿਖਿਆ ਸੀ. ਜਜ਼ਬਾਤੀ ਗਾਣਾ 'ਵੇਖੋ ਲੋਕੋ ਖਿੜਣ ਤੋਂ ਪਹਿਲੋਂ ਟਹਿਣੀਆਂ ਤੋਂ ਫੁੱਲ ਝੜਦੇ ਨੇ ...' ਮੁਹੰਮਦ ਰਫ਼ੀ ਨੇ ਸੋਮ ਦੱਤ ਲਈ ਗਾਇਆ ਸੀ. ਇਸ ਤੋਂ ਬਾਅਦ ਸਨ 1992 ਵਿਚ, ਇਕਬਾਲ ਚੰਨਾ ਨੇ 'ਪੱਗੜੀ ਸੰਭਾਲ ਜੱਟਾ ਨਾਂ ਦੀ ਫ਼ਿਲਮ ਬਣਾਈ, ਜਿਸਦੇ ਸਿਰਲੇਖ ਗੀਤ 'ਪੱਗੜੀ ਸੰਭਾਲ ਜੱਟਾ...' ਨੂੰ ਸੰਤ ਰਾਮ ਉਦਾਸੀ ਨੇ ਲਿਖਿਆ ਸੀ. ਫੇਰ ਸਾਲ 2002 ਵਿਚ ਪ੍ਰੋਡੂਸਰ ਇਕਬਾਲ ਢਿੱਲੋਂ ਨੇ 'ਸ਼ਹੀਦ-ਏ-ਆਜ਼ਮ' ਫ਼ਿਲਮ ਬਣਾਈ, ਜਿਸਦਾ ਟਾਈਟਲ ਗੀਤ 'ਪੱਗੜੀ ਸੰਭਾਲ ਜੱਟਾ...' ਰੂਪ ਕੁਮਾਰ ਰਾਠੌੜ ਨੇ ਗਾਇਆ ਸੀ.

ਫ਼ਿਲਮ 'ਦੁੱਲਾ ਭੱਟੀ' (1940) ਦਾ ਗੀਤ 'ਕੋਇਲ ਨੂੰ ਪਿੰਜਰੇ ਵਿਚ ਪਾਕੇ...' ਗੁਲਾਮੀ ਦਾ ਪ੍ਰਤੀਕ ਸੀ. ਦੁੱਲੇ ਨੇ ਲਾਹੌਰ ਦੇ ਹਾਕਿਮ ਤੋਂ ਆਪਣੇ ਪਿਤਾ ਦੇ ਕਤਲ ਦਾ ਬਦਲਾ ਲੈਣ ਵਾਸਤੇ ਪਿੰਡ ਦੇ ਨੌਜਵਾਨਾਂ ਨੂੰ ਇੱਕੋਠੇ ਕਰਕੇ ਜੱਥਾ ਬਣਾਇਆ ਅਤੇ ਉਸ ਨੇ ਹਾਕਿਮ ਦੀ ਇੱਟ ਨਾਲ ਇੱਟ ਵਜਾ ਦਿੱਤੀ ਸੀ. ਫ਼ਿਲਮ 'ਇੱਕ ਮੁਸਾਫ਼ਿਰ' (1940) ਦੇ ਦੋ ਗੀਤ "ਪੰਛੀ ਦੇ ਖੰਭ ਝੜ ਗਏ, ਹੁਣ ਉਡਕੇ ਜਾ ਨਹੀਂ ਸਕਦਾ..." ਤੇ "ਟੁਰ ਜਾ ਏਥੋਂ ਦੂਰ ਮੁਸਾਫ਼ਿਰ...ਤੇਰੀ ਸ਼ਾਨ ਵਤਨ ਹੈ ਤੇਰਾ..." ਵੀ ਆਜ਼ਾਦੀ ਦੀ ਤੜਪ ਨੂੰ ਬਿਆਨ ਕਰਦੇ ਹਨ. ਉਸ ਵੇਲ੍ਹੇ ਦੇ ਕੁਝ ਹੋਰ ਗੀਤ ਜਿਵੇਂ: 'ਉਡ ਦੇ ਪੰਛੀ ਪਿੰਜਰੇ ਪਾਏ..' (ਮੇਰਾ ਮਾਹੀ); ਗਾਉਣੇ ਛੱਡ ਦੇ ਗੀਤ ਪੰਛੀਆਂ.., ਉਠ ਜਾਗ ਮੁਸਾਫ਼ਿਰ ਭੋਰ ਪਈ..., ਵੇ ਲਲਾਰੀਆ ਰੰਗ ਦੇ ਚੀਰਾ ਮੇਰੇ ਵੀਰ ਦਾ..'(ਰਾਵੀ ਪਾਰ) ਆਦਿ ਜੰਗ-ਏ-ਆਜ਼ਾਦੀ ਦੇ ਤਰਾਨੇ ਵਜੋਂ ਪਹਿਚਾਣੇ ਗਏ ਸਨ. ਗੁਲਾਮੀ ਦੀਆਂ ਜ਼ੰਜੀਰਾਂ ਨੂੰ ਤੋੜਣ ਦਾ ਸੁਨੇਹਾ ਦਿੰਦਾ ਹੋਇਆ ਪੰਜਾਬੀ ਫ਼ਿਲਮ 'ਮੰਗਤੀ' ਦਾ ਗੀਤ "ਇਥੋਂ ਉਡ ਜਾ ਭੋਲਿਆ ਪੰਛੀਆ..." ਨੰਦ ਲਾਲ ਨੂਰਪੁਰੀ ਨੇ ਲਿਖਿਆ ਸੀ. ਨੂਰਪੁਰੀ ਨੇ 'ਮੰਗਤੀ'ਫ਼ਿਲਮ ਤੋਂ ਇਲਾਵਾ 'ਖੇਡਣ ਦੇ ਦਿਨ ਚਾਰ' ਅਤੇ 'ਵਲਾਇਤ ਪਾਸ' ਆਦਿ ਪੰਜਾਬੀ ਫ਼ਿਲਮਾਂ ਦੇ ਵੀ ਗੀਤ ਲਿਖੇ ਸਨ. ਦੇਸ਼ ਦੇ ਵੰਡਾਰੇ ਦੀ ਤ੍ਰਾਸਦੀ ਨੂੰ ਝੇਲਦੇ ਹੋਏ ਲੱਖਾਂ ਪੰਜਾਬੀਆਂ ਦਾ ਦਰਦ ਨੂਰਪੁਰੀ ਨੇ 'ਰਾਵੀ ਛੱਡ ਚਲੇ ਆਂ ਝਨਾਂ ਛੱਡ ਚੱਲੇ ਆਂ...' (ਖੇਡਣ ਦੇ ਦਿਨ ਚਾਰ) ਗੀਤ ਰਾਹੀਂ ਬਿਆਨ ਕਿੱਤਾ ਸੀ.

ਰਾਸ਼ਟਰੀ ਏਕਤਾ, ਫ਼ਿਰਕੂ ਸਦਭਾਵਨਾ, ਮਾਤ-ਭੂਮੀ ਪ੍ਰਤੀ ਸ਼ਰਧਾ ਵਰਗੇ ਵਿਸ਼ੇ ਤੇ ਬਣੀ ਫਿਲਮ 'ਕਿੱਕਲੀ' (1964), ਇਕ ਅਜਿਹੇ ਪੰਜਾਬੀ ਨੌਜਵਾਨ ਦੀ ਕਹਾਣੀ ਹੈ ਜੋ ਦੇਸ਼ ਦੀ ਰੱਖਿਆ ਕਰਨ ਵਾਸਤੇ ਆਪਣੇ ਹਨੀਮੂਨ ਦੀ ਪੂਰਵ ਸੰਧਿਆ' ਤੇ ਲੜਾਈ ਦੇ ਮੈਦਾਨ 'ਚ ਮੋਰਚਾ ਸੰਭਾਲ ਲੈਂਦਾ ਹੈ. ਫ਼ਿਲਮ 'ਧਰਤੀ ਸਾਡੀ ਮਾਂ' (1976) ਵਿਚ ਹੀਰੋ ਰਣਬੀਰ ਆਪਣੀ ਨਵੀਂ ਨਵੇਕਲੀ ਵੌਹਟੀ ਨੂੰ ਛੱਡ ਕੇ ਧਰਤੀ ਮਾਂ ਦੀ ਰਖਵਾਲੀ ਲਈ ਸਰਹੱਦ ਤੇ ਚਲਾ ਜਾਂਦਾ ਹੈ. ਭਾਰਤ ਪਾਕਿਸਤਾਨ ਦੀ ਜੰਗ ਦੇ ਬੈਕਗਰਾਉਂਡ ਤੇ ਬਣੀ ਹੋਈ ਫ਼ਿਲਮ 'ਧਰਤੀ ਵੀਰਾਂ ਦੀ' (1965) ਦਾ ਗੀਤ 'ਕਫ਼ਨ ਲੈਕੇ ਨਿਕਲੇ ਵਤਨ ਦੇ ਸਿਪਾਹੀ...' ਦੇਸ਼ ਵਾਸਤੇ ਮਰ ਮਿਟਣ ਦਾ ਸੁਨੇਹਾ ਦਿੰਦਾ ਹੈ. ਫ਼ਿਲਮ 'ਸੱਸੀ ਪੁੰਨੂੰ' (1965) ਦਾ ਜੰਗੀ ਨਗ਼ਮਾ 'ਗੱਜਦੇ ਨੇ ਲਾਲ ਬੱਦਲ ਜੰਗ ਦੇ..' ਦੇਸ਼ ਭਗਤੀ ਦੇ ਜਜ਼ਬੇ ਦਾ ਹੁੰਗਾਰਾ ਭਰਦਾ ਹੈ. ਸਾਲ 1966 ਵਿਚ ਰਿਲੀਜ਼ ਹੋਈ ਫ਼ਿਲਮ 'ਗੱਭਰੂ ਦੇਸ਼ ਪੰਜਾਬ ਦੇ' ਦਾ ਸਿਰਲੇਖ ਗੀਤ 'ਪੰਜਾਬ ਦੀ ਕੁਰਬਾਨੀ ਨੂੰ ਤੱਕ ਕੇ .. ਉਠ ਪੰਜਾਬ ਦੇ ਸ਼ੇਰਾ..' ਭਾਰਤ-ਚੀਨ ਯੁੱਧ ਦੇ ਸਮੇ ਪੰਜਾਬੀ ਗੱਭਰੂਆਂ ਵਲੋਂ ਦੇਸ਼ 'ਤੇ ਕੁਰਬਾਨ ਹੋਣ ਦੀ ਲਲਕਾਰ ਸੀ. ਪਾਕਿਸਤਾਨ ਨਾਲ 1965 ਦੀ ਜੰਗ ਦੇ ਸ਼ਹੀਦਾਂ ਅਤੇ ਸਾਬਕਾ ਪ੍ਰਧਾਨ ਮੰਤਰੀ ਲਾਲ ਬਹਾਦਰ ਸ਼ਾਸਤਰੀ ਨੂੰ ਸ਼ਰਧਾਂਜਲੀ ਵਜੋਂ ਜੋਗਿੰਦਰ ਸਮਰਾ ਨੇ 'ਖੇਡ ਪ੍ਰੀਤਾਂ ਦੀ' (1967) ਫ਼ਿਲਮ ਬਣਾਈ ਸੀ. "ਹੋ ਜਾਗ ਉੱਠੇ ਧਰਤੀ ਦੇ ਲਾਲ....ਜੈ ਜਵਾਨ ਜੈ ਕਿਸਾਨ." ਅਤੇ "ਮਰ ਕੇ ਅਮਨ ਦੇ ਲਈ ਬਹਾਦਰ ਲਾਲ." ਗੀਤਾਂ ਨੂੰ ਚਮਨ ਲਾਲ ਸ਼ੁਗਲ ਨੇ ਲਿਖਿਆ ਸੀ.

ਫ਼ਿਲਮ 'ਜੱਗਾ' (1964) ਦੇਸ਼ ਸੇਵਾ ਦੇ ਜਜ਼ਬੇ ਦਾ ਪ੍ਰਗਟਾਵਾ ਕਰਦੀ ਸੀ. ਇਸ ਦੇ ਸਿਰਲੇਖ ਗੀਤ 'ਮੇਰਾ ਬਾਂਕਾ ਦੇਸ਼ ਪੰਜਾਬ ਬੇਲੀਆ... ' ਨੂੰ ਮਹਿੰਦਰ ਕਪੂਰ, ਬਲਬੀਰ, ਮੁਹੰਮਦ ਰਫ਼ੀ ਨੇ ਉਸਤਾਦ ਅੱਲਾਹ ਰੱਖਾ ਕੁਰੈਸ਼ੀ ਦੇ ਸੰਗੀਤ ਨਿਰਦੇਸ਼ਨ 'ਚ ਗਾਇਆ ਸੀ. ਫ਼ਿਲਮ ਦੇ ਦੋ ਹੋਰ ਗੀਤ 'ਮੈਂ ਜੱਟ ਦੇਸ਼ ਪੰਜਾਬ ਦਾ..' ਅਤੇ 'ਜੇ ਮੈਂ ਜਾਣਦੀ ਜੱਗੇ ਨੇ ਮਰ ਜਾਣਾ..' ਦੇਸ਼ ਭਗਤੀ ਦੀ ਭਾਵਨਾਵਾਂ ਨੂੰ ਜਾਗ੍ਰਤ ਕਰਦੇ ਹਨ. ਇਸੇ ਤਰ੍ਹਾਂ ਫ਼ਿਲਮ ਗੀਤ ਬਹਾਰਾਂ ਦੇ (1964) ਦੀ ਕੱਵਾਲੀ 'ਸੋਹਣੇ ਰੱਬ ਦੀਆਂ ਸਿਫ਼ਤਾਂ ਕੀ ਕਰੀਏ...' ਤੇ 'ਕਦਮ ਵੱਧਾ ਲੈ ਹਾਣੀਆ..' ਗੀਤ ਦੇਸ਼ ਪਿਆਰ ਦੀ ਤਰਜ਼ਮਾਨੀ ਕਰਦੇ ਹਨ.

ਜਦੋਂ ਵੀ ਸਾਡੇ ਦੇਸ਼ ਨੂੰ ਚੁਣੌਤੀ ਦਿੱਤੀ ਗਈ ਤਾਂ ਸਾਡੇ ਦੇਸ਼-ਪਿਆਰ ਤੇ ਉਤਸ਼ਾਹ ਦਾ ਲਾਵਾ ਫੁੱਟਿਆ. ਇਨ੍ਹਾਂ ਜਜ਼ਬਾਤਾਂ ਨੂੰ ਫ਼ਿਲਮ 'ਲਾਵਾ ਫੁੱਟਿਆ' (1967) ਦੇ ਗੀਤਾਂ 'ਹੁਣ ਛੱਡ ਹਲ ਪੰਜਾਲੀ ਓ ਜੱਟਾ...', 'ਤੋਪ ਵਿਚ ਗੋਲਾ ਕਮਾਨ ਵਿੱਚ ਤੀਰ... 'ਚ ਪੇਸ਼ ਕੀਤਾ ਗਿਆ ਸੀ. ਧਰਤੀ ਮਾਂ ਦੀ ਅਣਥੱਕ ਸੇਵਾ ਵਿਚ ਡੁੱਬੀਆਂ ਪੰਜਾਬੀ ਮੁਟਿਆਰਾਂ ਫ਼ਿਲਮ 'ਮੁੱਖੜਾ ਚੰਨ ਵਰਗਾ' (1969) ਦੇ ਗੀਤ 'ਅਸੀਂ ਧੀਆਂ ਭਾਰਤ ਮਾਂ ਦੀਆਂ...' ਆਪਣੀ ਦੇਸ਼ ਭਗਤੀ ਦਾ ਇਜ਼ਹਾਰ ਕਰਦਿਆਂ ਹਨ. 'ਇਹ ਧਰਤੀ ਪੰਜਾਬ ਦੀ... ਇਸਨੂੰ ਸ਼ੀਸ਼ ਨਿਵਾਈਏ..'(ਜੀਤੋ-1972) ਅਤੇ 'ਤੂੰ ਧਰਤੀ ਦਾ ਲਾਲ.. ਮੇਰੇ ਹਾਣੀਆਂ..' (ਪਟੋਲਾ-1973) ਗੀਤਾਂ ਨੂੰ ਮਹਿੰਦਰ ਕਪੂਰ ਤੇ ਸਾਥੀਆਂ ਨੇ ਗਾਇਆ ਸੀ.

ਮੁਗ਼ਲ ਰਾਜ ਦੇ ਅਤਿਆਚਾਰਾਂ ਤੋਂ ਤੰਗ ਆਕੇ ਪੰਜਾਬੀ ਸੂਰਮਿਆਂ ਨੇ 'ਸਵਾ ਲਾਖ ਸੇ ਇਕ ਲੜਾਊਂ ਤਬੀ ਗੋਬਿੰਦ ਸਿੰਘ ਨਾਮ ਕਹਾਊਂ' ਦੇ ਵਾਕ ਨੂੰ ਯਾਦ ਕਰਕੇ ਦੁਸ਼ਮਣ ਦੇ ਦਲਾਂ ਵਿਚ ਭਾਜੜਾਂ ਪਾ ਦਿਤੀਆਂ ਸਨ. ਕਾਹਨੂਆਣੇ ਛੰਬ ਦਾ ਛੋਟਾ ਘਲੂਘਾਰਾ ਵਾਪਰਿਆ. ਇਸ ਇਤਿਹਾਸਕ ਘਟਨਾ ਤੇ ਅਧਾਰਿਤ ਫ਼ਿਲਮ 'ਸਵਾ ਲਾਖ ਸੇ ਇਕ ਲੜਾਊਂ ' (1976) ਵਿਚ ਬਹੁਤੇ ਗਾਣੇ 'ਜਿਹੜੇ ਦੇਸ਼ ਤੇ ਜਾਨ ਗਵਾ ਜਾਂਦੇ..., ਜਿਹੜੀਆਂ ਕੌਮਾਂ ਮਰਨ ਤੋਂ ਡਰ ਜਾਨ ,, ਖਾਲਸਾ ਅਕਾਲ ਪੁਰਖ ਕੀ ਫੌਜ..' ਦੇਸ਼ ਪਿਆਰ ਦੇ ਜਜ਼ਬੇ ਨਾਲ ਭਰੇ ਹੋਏ ਸਨ.

13 ਅਪ੍ਰੈਲ 1919 ਨੂੰ ਜਲਿਆਂਵਾਲੇ ਬਾਗ਼ ਅੰਮ੍ਰਿਤਸਰ ਵਿਖੇ ਜਨਰਲ ਡਾਇਰ ਨੇ ਸ਼ਾਂਤਮਈ ਹਜੂਮ ਦੀਆਂ ਖੁਸ਼ੀਆਂ ਦੀ ਹੋਲੀ ਖੇਡਣ ਲਈ ਬਦੂੰਕਾਂ ਤੇ ਸਟੇਨਗੰਨਾਂ ਨਾਲ ਗੋਲੀਆਂ ਦਾ ਮੀਂਹ ਵਰ੍ਹਾ ਦਿੱਤਾ ਸੀ. ਨੌਜਵਾਨ ਉਧਮ ਨੇ ਇਹ ਖ਼ੌਫ਼ਨਾਕ ਦ੍ਰਿਸ਼ ਆਪਣੀ ਅੱਖੀਂ ਤੱਕਿਆ ਸੀ. ਉਸਦਾ ਅੰਦਰ ਰੋ ਉਠਿਆ, ਬਦਲੇ ਦੀ ਅੱਗ ਉਸਦੇ ਅੰਦਰ ਭਾਂਬੜ ਵਾਂਗੂ ਬਲਦੀ ਰਹੀ. ਆਖਿਰਕਾਰ 13 ਮਾਰਚ, 1940 ਨੂੰ ਉਸਨੇ ਮਾਈਕਲ ਔਡਵਾਯਰ ਨੂੰ ਲੰਡਨ ਵਿਚ ਗੋਲੀ ਮਾਰਕੇ ਬਦਲਾ ਲੈ ਹੀ ਲਿੱਤਾ. 'ਸ਼ਹੀਦੀ ਯਾਰ ਦੀ, ਸਾਨੂੰ ਲਲਕਾਰ ਦੀ' ਜਜ਼ਬੇ ਨੂੰ ਨਿਰਦੇਸ਼ਕ ਪ੍ਰੋਫੈਸਰ ਨਰੂਲਾ ਨੇ ਆਪਣੀ ਫ਼ਿਲਮ 'ਸ਼ਹੀਦ ਉਧਮ ਸਿੰਘ' (1977) ਰਾਹੀਂ ਬਾਖੂਬੀ ਵੱਡੇ ਪਰਦੇ 'ਤੇ ਉਤਾਰਿਆ ਸੀ. ਨਿਰਮਾਤਾ ਇਕਬਾਲ ਢਿੱਲੋਂ ਨੇ ਸਾਲ 1999 ਵਿਚ ਮਲਟੀ ਸਟਾਰ ਕਾਸਟ ਲੈਕੇ ਸ਼ਹੀਦ ਉਧੱਮ ਸਿੰਘ (ਰਾਮ ਮੁਹੰਮਦ ਸਿੰਘ ਆਜ਼ਾਦ) ਫ਼ਿਲਮ ਬਣਾਈ ਸੀ. ਗੁਰਦਾਸ ਮਾਨ ਸ਼ਹੀਦ ਭਗਤ ਸਿੰਘ ਦੇ ਰੋਲ ਵਿਚ ਨਜ਼ਰ ਆਇਆ ਸੀ.

ਫੌਜੀ ਪ੍ਰਵਾਰਾਂ ਦੀਆਂ ਦੀ ਕੁਰਬਾਨੀਆਂ ਉਤੇ ਅਧਾਰਿਤ ਫ਼ਿਲਮ ਉਡੀਕਾਂ (1978) ਦੇ ਦੇਸ਼ ਭਗਤੀ ਦੇ ਤਰਾਨੇ 'ਤੇਰੀ ਆਜ਼ਾਦੀ ਦੀ ਸ਼ਮ੍ਹਾ ਨੂੰ ਹੈ ਖ਼ਤਰਾ ਸਾਥੀਆ.... ਅਤੇ 'ਤੇਰਾ ਜਿਸਮ ਦੇਸ਼ ਦਾ...' ਪੰਜਾਬੀ ਨੌਜਵਾਨਾਂ ਵਾਸਤੇ ਦੇਸ਼ ਪਿਆਰ ਦੀ ਪ੍ਰੇਰਨਾ ਦਾ ਸਰੋਤ ਹਨ. ਅਸੀ ਫੌਜੀਆਂ ਦੇ ਘਰਾਂ ਵਾਲਿਆਂ ਦੇ ਅਣਕਹੇ ਤਿਆਗ ਤੇ ਬਲੀਦਾਨ ਨੂੰ ਨਜ਼ਰ-ਓ-ਅੰਦਾਜ਼ ਕਰ ਦਿੰਦੇ ਹਾਂ. ਫ਼ਿਲਮ ਦੀ ਹੀਰੋਇਨ ਸਿੰਮੀ ਗਰੇਵਾਲ (ਨੇਜੋ), ਜਿਸਦਾ ਪਤੀ ਦੇਸ਼ ਵਾਸਤੇ ਲੜਦੇ ਹੋਏ ਲਾਪਤਾ ਹੋ ਜਾਂਦਾ ਹੈ, ਦੀਆਂ ਲੰਮੀਆਂ ਉਡੀਕਾਂ ਇਸ ਗੱਲ ਦਾ ਸਬੂਤ ਹਨ.

ਸਾਲ 1979 ਵਿਚ ਸ਼ਹੀਦ ਕਰਤਾਰ ਸਿੰਘ ਸਰਾਭਾ ਦੀ ਜੀਵਨੀ ਤੇ ਅਧਾਰਿਤ ਦੋ ਫ਼ਿਲਮਾਂ ਸਰਦਾਰ-ਏ-ਆਜ਼ਮ ਅਤੇ ਸ਼ਹੀਦ ਕਰਤਾਰ ਸਿੰਘ ਸਰਾਭਾ ਬਣਾਈਆਂ ਗਈਆਂ ਸਨ. ਇਨ੍ਹਾਂ ਦੋਨਾਂ ਫ਼ਿਲਮਾਂ ਦੇ ਜੋਸ਼ੀਲੇ ਗੀਤ 'ਜਦ ਤੱਕ ਦੇਸ਼ ਆਜ਼ਾਦ ਨਹੀਂ ਹੁੰਦਾ ਮੇਰਾ ...; ਸਾਡੀ ਸੋਨੇ ਦੀ ਇਹ ਧਰਤੀ..; ਸੇਵਾ ਦੇਸ਼ ਦੀ ਜਿੰਦੜੀਏ...; ਓ ਦਿਵਾਨੋ ਓ ਮਸਤਾਨੋ...ਆਜ਼ਾਦੀ ਦਾ ਜਸ਼ਨ ਮਨਾਓ' ਨੌਜਵਾਨਾਂ ਨੂੰ ਦੇਸ਼ ਵਾਸਤੇ ਮਰ ਮਿਟਣ ਦਾ ਸੁਨੇਹਾ ਦਿੰਦੇ ਹਨ. ਸ਼ਹੀਦ ਕਰਤਾਰ ਸਿੰਘ ਸਰਾਭਾ ਬੰਗਾਲ ਦੇ ਮਹਾਨ ਕ੍ਰਾਂਤੀਕਾਰੀ ਰਾਸ ਬਿਹਾਰੀ ਬੋਸ ਤੇ ਮਿਲਟਰੀ ਵਾਲਿਆਂ ਦੀ ਮਦਦ ਨਾਲ ਜੰਗ-ਏ-ਆਜ਼ਾਦੀ 'ਚ ਕੁੱਦ ਪਿਆ ਸੀ. ਉਸਨੂੰ ਅੰਗਰੇਜ਼ ਸਰਕਾਰ ਨੇ ਕੱਚੀ ਉਮਰੇ ਫਾਂਸੀ ਤੇ ਚੜ੍ਹਾ ਦਿੱਤਾ ਸੀ.

ਸਰਦਾਰ ਭਗਤ ਸਿੰਘ, ਕਈ ਕਿਤਾਬਾਂ, ਨਾਟਕਾਂ ਅਤੇ ਫਿਲਮਾਂ ਦਾ ਵਿਸ਼ਾ ਰਿਹਾ ਹੈ. ਭਗਤ ਸਿੰਘ ਜਿਸ ਨੂੰ ਅਸੀਂ ਇਕ ਕੌਮ ਦੇ ਤੌਰ 'ਤੇ ਯਾਦ ਕਰਦੇ ਹਾਂ, ਉਹ ਇੱਕ ਐਸੀ ਸ਼ਖ਼ਸੀਅਤ ਦੀ ਰੰਗੀਨ ਕਲਪਨਾ ਹੈ ਜਿਹੜੀ ਕਿ ਮਨੋਜ ਕੁਮਾਰ ਨੇ ਆਪਣੀ ਫਿਲਮ 'ਸ਼ਹੀਦ' (1965) ਦੇ ਕਿਰਦਾਰ ਭਗਤ ਸਿੰਘ ਲਈ ਕੀਤੀ ਸੀ. ਪਰ ਭਗਤ ਸਿੰਘ ਨਾ ਸਿਰਫ ਇਕ ਸਿਨੇਮਾ ਦੀ ਸਿਰਜਣਾ ਹੈ, ਜਿਵੇਂ ਕਿ ਮਨੋਜ ਕੁਮਾਰ ਅਤੇ ਬਾਅਦ ਵਿਚ ਹੋਰ ਬਹੁਤ ਸਾਰੇ ਫਿਲਮ ਨਿਰਮਾਤਾਵਾਂ ਜਿਨ੍ਹਾਂ ਨੇ ਸਰਦਾਰ ਭਗਤ ਸਿੰਘ ਜੀ ਦੀ ਸ਼ਾਨਦਾਰ ਸ਼ਖ਼ਸੀਅਤ ਨਾਲ ਕੋਈ ਨਿਆਂ ਨਹੀਂ ਕੀਤਾ. ਸ਼ਹੀਦ-ਏ-ਆਜ਼ਮ ਸਰਦਾਰ ਭਗਤ ਸਿੰਘ ਅੱਜ ਵੀ ਉਹਨੇ ਪ੍ਰਸੰਗਿਕ/ਮਹੱਤਵਪੂਰਣ ਹਨ ਜਿਵੇਂ ਕਿ ਉਹ ਕਰੀਬ ਇਕ ਸਦੀ ਪਹਿਲਾਂ ਸਨ. ਜੇ ਅਸੀ ਵਿਕਾਸ ਕਰਨਾ ਅਤੇ ਸਹੀ ਦਿਸ਼ਾ ਵਿੱਚ ਅੱਗੇ ਵੱਧਣਾ ਚਾਹੁੰਦੇ ਹਾਂ, ਤਾਂ ਸਾਨੂੰ ਉਨ੍ਹਾਂ ਵਿਚਾਰਾਂ ਨੂੰ ਸਮਝਣਾ ਅਤੇ ਅਪਣਾਉਣਾ ਪਵੇਗਾ ਜੋ ਸਰਦਾਰ ਭਗਤ ਸਿੰਘ ਪਿੱਛੇ ਛੱਡ ਗਏ ਹਨ.





# KB USED AUTO SALES



**8655 B Monterey Street Gilroy, CA 95020**

Kashmiri Bhatia,
Dealer/Broker
408-848-2365

50% OFF WARRANTY
with Qualifying Car Purchase

IN HOUSE
FINANCING AVALIABLE
www. kbusedautosales.com

ਅਸੀਂ ਖਰੀਦਦਾਰਾਂ ਨੂੰ ਆਸਾਨ ਕਿਸ਼ਤਾਂ ਤੇ ਲੋਨ ਲਈ ਮਦਦ ਕਰਦੇ ਹਾਂ



Kashmiri Bhatia & his wife

## K&K AUTO REPAIR and Car Wash

63 Muckelemi St
San Juan Bautista 95045

Kashmiri Bhatia (Owner)
831-623-4702

20% OFF LABOUR
on your next qualifying service

Car Care You Can Trust

## CORNING ਵਿਚ ਪੰਜਾਬੀ ਟਰੱਕਰ ਭਰਾਵਾਂ ਦਾ ਆਪਣਾ

# AAA Truck Wash, Tire, and Lube



* We Carry New and Used Tires All Major Brands
* Smart Way Tires Available
* Used Tires Start From & 135
* Old Change $ 189 + Tax
* We also do truck and car washing and waxing
* Friendly and Professional Staff
* We offer truck and car detailing

AAA TRUCKWASH Sign of Excellence

**ਪੰਜਾਬੀ ਭਰਾਵਾਂ ਲਈ ਸੇਲ**

ਅਸੀਂ ਆਪਣੇ ਪੰਜਾਬੀ ਭਰਾਵਾਂ ਦੀ ਜ਼ਰੂਰਤ ਨੂੰ ਮੁੱਖ ਰੱਖਦੇ ਹੋਏ ਬਰਿਜਸਟੋਨ ਸਟੇਅਰਿੰਗ ਟਾਇਰਾਂ ਦੀ ਸੇਲ ਲਗਾਈ ਹੈ

ਬਰਿਜਸਟੋਨ 283 (ਦੋ ਟਾਇਰ) $1149
ਚਾਈਨੀਜ਼ 749 (ਦੋ ਟਾਇਰ) $749



Call:
530-824-5134

**ਪੁਰਾਣੇ ਟਾਇਰਾਂ ਦੀ ਸੇਲ**

**ਇਕ ਵਾਰ ਸੇਵਾ ਦਾ ਮੌਕਾ ਜ਼ਰੂਰ ਦਿਓ**

| | |
|---|---|
| Used Tires American Brand | $99 + Labor |
| Recap Truck Tire | $ 249 + Labor |
| Recap Trailar Tires and Kind | $ 199 + Labor |

LUCAS OIL LUCAS INJECTOR CLEANER $28.99

NEW & USED TIRES
WASH, LUBE, BRAKES

Call:
650-642-0697

**3525 Highway 99, West Corning, CA 96021**
Across the Street from TA Truck Stop


ਵਾਹਿਗੁਰੂ ਜੀ ਕਾ ਖ਼ਾਲਸਾ, ਵਾਹਿਗੁਰੂ ਜੀ ਕੀ ਫ਼ਤਹਿ
ਧੰਨ ਧੰਨ ਸ੍ਰੀ ਗੁਰੂ ਰਵਿਦਾਸ ਜੀ ਮਹਾਰਾਜ
ਦੇ 645 ਵੇਂ ਪ੍ਰਕਾਸ਼ ਪੁਰਬ ਨੂੰ ਸਮਰਪਿਤ
ਪਹਿਲਾ ਮਹਾਨ ਨਗਰ ਕੀਰਤਨ
ਮਿਤੀ 10 ਅਪ੍ਰੈਲ ਸਮਾਂ 12 ਵਜੇ ਤੋਂ 4 ਵਜੇ ਤਕ।
ਸਮੂਹ ਸੰਗਤਾਂ ਦੇ ਸਹਿਯੋਗ ਨਾਲ ਬੜੀ ਸ਼ਰਧਾ ਅਤੇ ਸਤਿਕਾਰ ਨਾਲ ਸਜਾਇਆ ਜਾ ਰਿਹਾ ਹੈ।
ਪ੍ਰੋਗਰਾਮਾਂ ਦਾ ਵੇਰਵਾ
ਆਰੰਭ ਸ੍ਰੀ ਅਖੰਡ ਪਾਠ ਸਾਹਿਬ ਦੀ ਲੜੀ 14 ਮਾਰਚ 2022 ਤੋਂ 10 ਅਪ੍ਰੈਲ 2022 ਤਕ।
ਸਮੂਹ ਸਾਧ ਸੰਗਤ ਵਲੋਂ ਆਰੰਭ ਸ੍ਰੀ ਅਖੰਡ ਪਾਠ ਸਾਹਿਬ ਮਿਤੀ 8 ਅਪ੍ਰੈਲ ਦਿਨ ਸ਼ੁੱਕਰਵਾਰ
ਨੂੰ ਅਰੰਭ ਕੀਤੇ ਜਾਣਗੇ। ਜਿਨ੍ਹਾਂ ਦੇ ਭੋਗ 10 ਅਪ੍ਰੈਲ ਨੂੰ ਪਾਏ ਜਾਣਗੇ।
ਉਪਰੰਤ 12 ਵਜੇ ਨਗਰ ਕੀਰਤਨ ਸਜਾਏ ਜਾਣਗੇ ।
ਸ੍ਰੀ ਨਿਸ਼ਾਨ ਸਾਹਿਬ ਸੇਵਾ ਸ਼ਨੀਵਾਰ 9 ਅਪ੍ਰੈਲ 2022 ਬਾਅਦ ਦੁਪਹਿਰ 4:00 ਵਜੇ।
ਉਪਰੰਤ ਪੰਥ ਪ੍ਰਸਿੱਧ ਕੀਰਤਨੀ ਅਤੇ ਢਾਡੀ ਜਥੇ ਗੁਰਬਾਣੀ ਕੀਰਤਨ ਅਤੇ ਗੁਰਇਤਿਹਾਸ ਨਾਲ ਸੰਗਤਾਂ ਨੂੰ ਨਿਹਾਲ ਕਰਨਗੇ।
ਇਸ ਸ਼ੁੱਭ ਮੌਕੇ ਤੇ ਆਪ ਸਭਨਾਂ ਨੂੰ ਆਪਣੇ ਪਰਿਵਾਰਾਂ ਅਤੇ ਰਿਸ਼ਤੇਦਾਰਾਂ ਸਮੇਤ ਦਰਸ਼ਨ ਦੇਣ ਦੀ ਬੇਨਤੀ ਕੀਤੀ ਜਾਂਦੀ ਹੈ।
ਸੇਵਾ ਕਰਨ ਲਈ ਸੰਪਰਕ ਕਰੋ।
ਗੁਰਨਾਮ ਸਿੰਘ ਭੰਡਾਲ ( ਚੈਅਰਮੈਨ ) 530 218 4468
ਸ਼ਿਗਾਰਾ ਸਿੰਘ ਰੱਲ ( ਪ੍ਰਧਾਨ ) 530 713 1823 / ਕੁਲਦੀਪ ਸਿੰਘ ( ਜਨਰਲ ਸਕੱਤਰ ) 530 763 8067
ਦਲਵਿੰਦਰ ਰੱਲ ( ਵਾਇਸ ਸਕੱਤਰ ) - 530 933 3938 / ਰਾਮ ਸੇਵਕ ਭਾਟੀਆ ( ਕੈਸ਼ੀਅਰ ) - 530 923 3137
ਜਸਪਾਲ ਜੱਸਲ ( ਵਾਇਸ ਕੈਸ਼ੀਅਰ ) - 510 894 9653
ਹੈਡ ਗ੍ਰੰਥੀ
ਭਾਈ ਗੁਰਦਿਆਲ ਸਿੰਘ - 530 441 4165
ਗੁਰੂਘਰ ਦਾ ਫੋਨ ਨੰਬਰ :
530 674 2564
SHRI GURU RAVIDASS TEMPLE
1480 HAYNE AVE YUBA CITY, CA 95993